# ਆਤਮ ਮਾਰਗ



ਸਾਲ ਬਾਰ੍ਹਵਾਂ, ਅੰਕ ਦੱਸਵਾਂ, ਮਹੀਨਾ ਜਨਵਰੀ 2007

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ**

ਫਾਊਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ

ਕਾਨੂੰਨੀ ਸਲਾਹਕਾਰ : ਕਰਨਲ ਦਵਿੰਦਰ ਸਿੰਘ MALLB, PGDTM

**FOREIGN (ਵਿਦੇਸ਼) CONTACT NO.**

U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
Canada - Bhai Sarmukh Singh Pannu
Phone - 604-433-0408
Bibi Sukhvinder Kaur Bains
Phone : 403-270-3387
England - Bibi Gurbax Kaur / Jagtar Singh Jagi
Phone : 0121-200-2818
Fax : 0121-200-2879, Raj Mobile : 07968734058
Australia - Bhai Jiwan Singh ji
Phone : 03-943-65865, Fax : 03-943-65867

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order, Cheque, Draft & correspondence**

V.G.R.M Charitable Trust 'Atam Marg'
Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb. India.

Office 'Atam Marg' Ph. No. - 0160-2255002, Fax.-2255009
Gurudwara Ishar Parkash Ratwara Sahib - 98551-32009

For more information please visit us on internet at:-
,Email : atammarg1@yahoo.co.in
http: ww.ratwarasahib.org
http: www.atammarguk.com

*ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।*

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਤੋਂ ਪ੍ਰਕਾਸ਼ਿਤ ਕੀਤਾ।

# ਤੱਤਕਰਾ

1. ਬਾਰਾਮਾਹਾ 2
2. ਸੰਪਾਦਕੀ 6
3. ਚਉਥੈ ਪਹਿਰ ਸਬਾਹ ਕੈ 7
4. ਜੈਸਾ ਸੰਗ ਤੈਸਾ ਰੰਗ 9
5. ਅਬ ਮੈ ਅਪਨੀ ਕਥਾ ਬਖਾਨੌ 20
6. ਅਲੌਕਿਕ ਕਥਾ ਸੰਤ ਅਤਰ ਸਿੰਘ ਰੇਰੂ ਸਾਹਿਬ 37
7. ਸੰਤ ਬਿਮਲਾ ਸਿੰਘ ਜੀ 43
8. ਮਾਘਿ ਮਜਨ ਸੰਗਿ ਸਾਧੂਆ 53
9. ਕਰਮ ਬੰਧਨ ਤੋਂ ਮੁਕਤੀ 56
8. ਯੋਗਾ ਉਪਰ ਲੈਕਚਰ 60

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

ਪਰਮ ਸਤਿਕਾਰ ਯੋਗ ਬੀਜੀ - 9417214381
**'ਆਤਮ ਮਾਰਗ' ਮੈਗਜ਼ੀਨ ਨਾ ਮਿਲਣ ਤੇ ਕਿਸੇ ਵੀ ਟਾਈਮ ਸੰਪਰਕ ਨੰਬਰ** **9417214391,79**
ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ 9417214383
ਸਕੂਲ ਟਰਾਂਸਪੋਰਟ - 9417214384, ਕਾਲਜ - 94172 14382
ਸੰਤ ਬਾਬਾ ਰਾਜਿੰਦਰ ਸਿੰਘ ਰਤਵਾੜਾ ਸਾਹਿਬ ਲੰਗਰਾਂ ਵਾਲੇ 98159 79788
ਆਡੀਓ ਵੀਡੀਓ ਲਾਇਬ੍ਰੇਰੀ ਅਖੰਡਪਾਠ ਬੁਕਿੰਗ 94172 14385
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਰਤਵਾੜਾ ਸਾਹਿਬ

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਮਾਘਿ

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥*
*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥*
*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥*
*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥*
*ਪੰਨਾ - 136*

ਸਾਡੇ ਭਾਰਤ ਵਰਸ਼ ਵਿਚ ਅਠਾਹਠ ਤੀਰਥ ਗਿਣੇ ਜਾਂਦੇ ਹਨ ਅਤੇ ਉਨ੍ਹਾਂ ਦੇ ਇਸ਼ਨਾਨ ਦਾ ਬਹੁਤ ਹੀ ਅਧਿਕ ਫਲ ਦੱਸਿਆ ਜਾਂਦਾ ਰਿਹਾ ਹੈ। ਇਨ੍ਹਾਂ ਤੀਰਥਾਂ ਉਤੇ ਕੀਤੇ ਹੋਏ ਪਾਪ ਲਹਿ ਜਾਂਦੇ ਸਨ। ਭਾਰਤ ਵਰਸ਼ ਦੇ ਦਰਿਆਵਾਂ ਦਾ ਪਾਣੀ ਬਹੁਤ ਹੀ ਪਵਿੱਤਰ ਸੀ। ਇਨ੍ਹਾਂ ਸਾਰੇ ਦਰਿਆਵਾਂ ਦੀ ਆਦਿ ਸਰੋਤ ਨੇੜੇ ਵੱਡੇ-ਵੱਡੇ ਰਿਸ਼ੀਆਂ ਮੁਨੀਆਂ, ਅਵਤਾਰਾਂ ਨੇ ਤਪ ਕੀਤੇ ਹੋਏ ਹਨ ਜਿਸ ਕਰਕੇ ਇਨ੍ਹਾਂ ਦਰਿਆਵਾਂ ਦੀ ਪਵਿਤਰਤਾ ਹੋਰ ਵੀ ਵਧ ਜਾਂਦੀ ਹੈ। ਪਾਣੀ ਬਹੁਤ ਨਿਖਰਿਆ ਹੋਇਆ ਚਲਦਾ ਸੀ ਅਤੇ ਕਿੰਨੇ ਰੋਗਾਂ ਦਾ ਨਾਸ਼ ਇਸ਼ਨਾਨ ਕਰਕੇ ਹੋ ਜਾਇਆ ਕਰਦਾ ਸੀ। ਇਨ੍ਹਾਂ ਦੇ ਕਿਨਾਰੇ ਉਪਰ ਬਹੁਤ ਸਾਰੇ ਤੀਰਥ ਸਥਾਪਤ ਹਨ ਜਿਵੇਂ ਗੰਗਾ ਦੇ ਕਿਨਾਰੇ ਤੇ ਰਿਸ਼ੀਕੇਸ਼, ਹਰਿਦੁਆਰ, ਇਲਾਹਬਾਦ ਆਦਿ ਤੀਰਥ ਹਨ। ਇਨ੍ਹਾਂ ਵਿਚ ਇਸ਼ਨਾਨ ਦੇ ਦਿਨ ਮੁਕੱਰਰ ਹੋਏ ਸਨ ਉਨ੍ਹਾਂ ਦਿਨਾਂ ਵਿਚ ਇਸ਼ਨਾਨ ਕਰਨ ਲਈ ਹੁੰਮ-ਹੁਮਾ ਕੇ ਗ੍ਰਿਹਸਤੀ ਅਤੇ ਸਾਧੂ ਪਹੁੰਚਦੇ ਸਨ। ਗ੍ਰਿਹਸਤੀ ਲੋਕ ਇਸ਼ਨਾਨ ਕਰਦੇ ਸਨ, ਦਾਨ ਦਿੰਦੇ ਸਨ, ਸ਼ੇਤਰਾਂ (ਲੰਗਰਾਂ) ਵਾਸਤੇ ਮਾਇਆ ਅਰਪਣ ਕਰਦੇ ਸਨ, ਅਤੇ ਇਨ੍ਹਾਂ ਦੀ ਪਵਿੱਤਰਤਾ ਦਾ ਕਾਰਨ ਦੇਵਤਿਆਂ ਦੇ ਨਾਲ ਜੁੜਿਆ ਹੋਇਆ ਸੀ ਜਿਵੇਂ ਕਿ ਗੰਗਾ ਦਾ ਮੁੱਖ ਸ੍ਰੋਤ ਸ਼ਿਵ ਜੀ ਮਹਾਰਾਜ ਨੂੰ ਮੰਨਿਆ ਜਾਂਦਾ ਹੈ। ਦਰਿਆਵਾਂ ਨੂੰ ਸਾਫ-ਸੁਥਰਾ ਰੱਖਿਆ ਜਾਂਦਾ ਸੀ ਕਿਸੇ ਕਿਸਮ ਦੀ ਸਿੱਧੀ ਮੈਲ ਇਸ ਵਿਚ ਬਰਦਾਸ਼ਤ ਨਹੀਂ ਕੀਤੀ ਜਾਂਦੀ ਸੀ। ਸੋ ਲੋਕਾਂ ਦੇ ਨਿਸ਼ਚੇ ਬਹੁਤ ਗਹਿਰੇ ਸਨ ਅਤੇ ਬਹੁਤ ਸ਼ਰਧਾ ਭਾਵਨਾ ਨਾਲ ਤੀਰਥਾਂ ਨਾਲ ਜੁੜੇ ਹੋਏ ਸਨ। ਆਪਣੇ ਕਾਰੋਬਾਰ ਸੰਕੋਚਦੇ ਹੋਏ ਬਹੁਤ ਸਾਰੇ ਪ੍ਰੇਮੀ ਤਾਂ ਹਰ ਸਾਲ ਹੀ ਇਸ਼ਨਾਨ ਕਰਨ ਵਾਸਤੇ ਜਾਇਆ ਕਰਦੇ ਸਨ। ਉਨ੍ਹਾਂ ਤੀਰਥਾਂ ਉਤੇ ਜੋ ਮਹਾਨ ਫਲਦਾਇਕ, ਫਲਦਾਤੀ ਸਾਧੂ ਦੀ ਸੰਗਤ ਹੋਇਆ ਕਰਦੀ ਸੀ, ਤੱਤ ਬੇਤੇ ਮਹਾਂਪੁਰਸ਼ ਆਪਣੀਆਂ ਸਾਰੀਆਂ ਜਮਾਤਾਂ ਸਮੇਤ ਆਪਣੇ ਸੰਪਰਦਾਇਕ ਪ੍ਰੇਮੀਆਂ ਸਹਿਤ ਹੁੰਮ-ਹੁਮਾ ਕੇ ਤੀਰਥਾਂ ਉਪਰ ਜਾਂਦੇ ਸਨ ਅਤੇ ਇਕਾਂਤ ਥਾਂ ਵੇਖ ਕੇ ਸਤਿਸੰਗ ਕਰਿਆ ਕਰਦੇ ਸਨ ਅਤੇ ਦੇਸ਼ ਵਾਸੀਆਂ ਨੂੰ 'ਆਤਮ ਮਾਰਗ' ਅਤੇ ਵਿਵਹਾਰਿਕ ਸਿਖਿਆਵਾਂ ਦਿਆ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਹੀ ਬਹੁਤ ਸਾਰੇ ਜਗਿਆਸੂਆਂ ਨੂੰ ਨਾਮ ਦੀ ਦਾਤ ਵੰਡਿਆ ਕਰਦੇ ਸਨ। ਇਸੇ ਤਰ੍ਹਾਂ ਦੇ ਨਾਲ ਇਕ ਫਲ ਤਾਂ ਤੀਰਥ ਦੇ ਇਸ਼ਨਾਨ ਕਰਨ ਕਰਕੇ ਮਿਲਿਆ ਕਰਦਾ ਸੀ ਅਤੇ ਚਾਰ ਫਲ ਮਹਾਂਪੁਰਸ਼ਾਂ ਦੇ ਬਚਨ ਸੁਣਨ ਕਰਕੇ ਪ੍ਰਾਪਤ ਹੋਇਆ ਕਰਦੇ ਸਨ ਜਿਨ੍ਹਾਂ ਵਿਚ ਦਲਿੱਦਰ ਦੂਰ ਹੋ ਕੇ ਵਾਹਿਗੁਰੂ ਦੀ ਬਖਸ਼ਿਸ਼ ਹੋਣ ਨਾਲ ਪੈਸੇ ਟਕੇ ਦੀ ਸੁਖਾਲ ਹੋ ਜਾਇਆ ਕਰਦੀ ਸੀ ਅਤੇ ਵਾਸ਼ਨਾਵਾਂ ਪੂਰੀਆਂ ਹੋ ਜਾਂਦੀਆਂ ਸਨ। ਜੀਵਨ ਵਿਚ ਪ੍ਰਵਿਰਤੀ ਹੋ ਜਾਇਆ ਕਰਦੀ ਸੀ ਅਤੇ ਧਾਰਮਿਕ ਗੁਣ - ਖਿਮਾ, ਅਹਿੰਸਾ, ਦਇਆ, ਮ੍ਰਿਦ (ਮਿੱਠੇ ਬਚਨ), ਸਤਿ ਬਚਨ, ਤਪ, ਦਾਨ, ਸੀਲ, ਸੌਚ, ਸੰਤੋਖ, ਈਰਖਾ ਰਹਿਤ ਅਤੇ ਵੈਰ ਭਾਵ ਰਹਿਤ ਜੀਵਨ ਪ੍ਰਾਪਤ ਹੋ ਕੇ ਧਰਮ ਦੀ ਪ੍ਰਾਪਤੀ ਹੋ ਜਾਇਆ ਕਰਦੀ ਸੀ। ਬੰਦਗੀ ਕਰਨ ਲਈ ਬਹੁਤ ਉਤਸ਼ਾਹ ਮਿਲਿਆ ਕਰਦਾ ਸੀ। ਸਤਿ ਦਾ ਜੀਵਨ ਜਿਉਂ ਕੇ ਮਹਾਂਪੁਰਸ਼ਾਂ ਦੇ ਤੱਤ ਬਚਨ ਕਮਾ ਕੇ ਮੋਖਸ਼ ਦੀ ਪ੍ਰਾਪਤੀ ਦਾ ਸਾਧਨ ਤੀਰਥਾਂ ਤੇ ਕੀਤੇ ਸਤਿਸੰਗ ਹੋਇਆ ਕਰਦੇ ਸਨ। ਇਸ ਕਰਕੇ ਸਤਿਜੁਗ, ਤ੍ਰੇਤਾ, ਦੁਆਪਰ ਦੇ ਲੰਮੇ ਸਮੇਂ ਲਈ ਇਨ੍ਹਾਂ ਤੀਰਥਾਂ ਦੀ ਮਹਾਨਤਾ ਬਣੀ ਰਹੀ ਪਰ ਕਲਜੁਗ ਆਉਂਦੇ ਸਾਰ ਆਦਮੀ ਦੀ ਬੁੱਧੀ, ਸੋਚ, ਵਰਤ-ਵਿਹਾਰ ਆਪਣੀ ਉਚਤਾ ਤੋਂ ਤਿਲ੍ਹਕ ਕੇ ਰਸਾਤਲ ਵਲ ਨੂੰ ਰਿੜ੍ਹ ਪਿਆ। ਆਦਮੀ ਦੇ ਜੀਵਨ ਵਿਚ ਬੇਅੰਤ ਔਗੁਣ ਪ੍ਰਵੇਸ਼ ਕਰ ਗਏ, ਨਾਸਤਿਕਤਾ ਫੈਲ ਗਈ। ਕਈ ਨਾਸਤਿਕ ਮਤਿ ਉਭਰ ਕੇ ਸਮਾਜ ਵਿਚ ਪ੍ਰਵਿਰਤ ਹੋ ਗਏ। ਜਗਿਆਸੂ ਡਾਵਾਂਡੋਲ ਹੋ ਗਿਆ ਪਰ ਫੇਰ ਵੀ ਲੰਮੇ-ਸਮੇਂ ਤੱਕ ਤੀਰਥਾਂ ਦੇ ਇਸ਼ਨਾਨ ਭਾਰਤ ਵਾਸੀਆਂ ਨੂੰ ਆਕਰਸ਼ਤ ਕਰਦੇ ਰਹੇ।

ਸਮੇਂ ਬਦਲੇ, ਤੀਰਥਾਂ ਉਪਰ ਪਾਖੰਡ ਦਾ ਜਾਲ ਫੈਲ ਗਿਆ ਅਤੇ ਤੀਰਥ ਮਨੁੱਖਾਂ ਦੀ ਮਨੋਵਿਰਤੀ ਨਾਲ ਮੈਲੇ ਹੋ ਗਏ। ਪ੍ਰਭੂ ਪਾਸ ਪੁਕਾਰ ਕਰਨ ਲੱਗੇ ਕਿ ਹੇ ਪ੍ਰਭੂ! ਸਾਡੇ ਉਤੇ ਕ੍ਰਿਪਾ ਕਰ, ਅਸਾਡੇ ਵਿਚ ਐਨੀ ਮੈਲ ਭਰ ਗਈ ਹੈ ਕਿ ਅਸਾਡਾ ਲਿਆ ਹੋਇਆ ਵਰਦਾਨ ਦਿਲ ਦੀ ਮੈਲ ਨਹੀਂ ਉਤਾਰ ਸਕਦਾ। ਆਪਣਾ ਬਖਸ਼ਿਆ ਹੋਇਆ, ਪ੍ਰਵਾਨ ਕੀਤਾ ਹੋਇਆ ਸਾਧੂ ਭੇਜ ਜੋ ਅਸਾਡੇ ਵਿਚ ਇਸ਼ਨਾਨ ਕਰੇ ਅਤੇ ਅਸਾਡੀ ਮੈਲ ਦੂਰ ਕਰਕੇ ਅਸਾਨੂੰ ਫੇਰ ਜੀਵਨ ਬਖਸ਼ੇ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*

*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥*
*ਤੀਰਥਿ ਅਠਸਠਿ ਮਜਨੁ ਨਾਈ॥*
*ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ*
*ਸਭ ਦੁਰਮਤਿ ਮੈਲੁ ਗਵਾਈ॥ ਪੰਨਾ - 1263*

ਸਮੇਂ ਬਦਲੇ, ਕਲਜੁਗ ਦੇ ਵੇਗ ਨੇ ਸ਼੍ਰੇਸ਼ਟ ਬੁੱਧੀ ਦੀ ਥਾਂ ਕਬੁੱਧੀ ਨੂੰ ਜਨਮ ਦਿਤਾ। ਹਰ ਜੀਵਨ ਵਿਚ ਕੂੜ ਦਾ ਵਰਤਾਰਾ ਹੋ ਗਿਆ। ਜੀਵਨ ਦੇ ਹਰ ਪੱਖ ਵਿਚ; ਕੀ ਸਮਾਜਿਕ, ਕੀ ਧਾਰਮਿਕ, ਕੀ ਆਰਥਿਕ, ਕੀ ਕਰਮ ਕਰਾਉਣ ਵਾਲਾ ਪੰਡਤ ਵਰਗ ਸਭਨਾਂ ਵਿਚ ਕੂੜ ਦਾ ਵਰਤਾਰਾ ਹੋ ਗਿਆ-

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥*
*ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥*
*ਪੰਨਾ - 468*

ਮਹਾਤਮਾਵਾਂ ਵਿਚ ਪਾਖੰਡ ਪ੍ਰਧਾਨ ਹੋ ਗਿਆ। ਵਾਹਿਗੁਰੂ ਜੀ ਦੀ ਲਿਵ ਵਿਚੋਂ ਨਿਕਲ ਕੇ ਮਾਇਆ ਦਾ ਪਿਆਰ ਅਧਿਕ ਦਿਖਾਈ ਦੇਣ ਲੱਗਿਆ। ਤੀਰਥ ਵੀ ਵਿਰਲਾਪ ਕਰ ਰਹੇ ਸਨ, ਸਾਧੂ ਦੀ ਚਰਨ ਛੋਹ ਦੀ ਮੰਗ ਕਰ ਰਹੇ ਸਨ। ਅਜਕੱਲ ਤਾਂ ਇਥੋਂ ਤੱਕ ਹਾਲਤ ਨਿਘਾਰ ਵਿਚ ਆ ਗਿਆ ਕਿ ਤੀਰਥਾਂ ਦੇ ਦੇਵਤੇ ਆਪਣੇ ਅਸਥਾਨ ਛੱਡ ਕੇ ਦੇਵ ਲੋਕਾਂ ਨੂੰ ਪਧਾਰ ਗਏ ਅਤੇ ਭ੍ਰਿਸ਼ਟ ਬੁੱਧੀ ਵਾਲਿਆਂ ਨੇ ਭਾਵਨਾਵਾਂ ਦੀ ਕਦਰ ਨਾ ਕਰਦੇ ਹੋਏ ਸ਼ਹਿਰਾਂ ਦਾ ਗੰਦ-ਮੰਦ ਇਨ੍ਹਾਂ ਪਵਿੱਤਰ ਦਰਿਆਵਾਂ ਵਿਚ ਪਾ ਦਿਤਾ। ਹੁਣ ਤੀਰਥ ਨਾਮ ਦੀ ਕੋਈ ਚੀਜ਼ ਨਹੀਂ ਰਹੀ। ਗੁਰੂ ਮਹਾਰਾਜ ਜੀ ਨੇ ਇਸ ਭਵਿੱਖ ਵਿਚ ਆਉਣ ਵਾਲੇ ਪਤਨ ਨੂੰ ਵਾਚਿਆ, ਸਾਰੇ ਹਾਲਾਤ ਨੂੰ ਵਾਚਿਆ ਅਤੇ ਜੀਵਾਂ ਦੇ ਉਧਾਰ ਵਾਸਤੇ ਫੁਰਮਾਨ ਕੀਤਾ ਕਿ ਸਭ ਤੋਂ ਵੱਡਾ ਤੀਰਥ ਪ੍ਰਭੂ ਦਾ ਨਾਮ ਜਪਣਾ, ਨੌਧਾ ਭਗਤੀ ਕਰਨੀ, ਕੀਰਤਨ ਕਰਨਾ, ਗੁਰੂ ਦੀ ਸੇਵਾ ਕਰਨੀ ਹੈ ਅਤੇ ਸੱਚਾ ਇਸ਼ਨਾਨ ਕਰਨ ਦੀ ਜਾਚ ਦਸਦਿਆਂ ਫੁਰਮਾਇਆ ਕਿ ਜਦੋਂ ਤੱਕ ਮਨ ਮੈਲਾ ਹੈ ਕੇਵਲ ਤਨ ਦੇ ਧੋਣ ਨਾਲ ਮਨ ਦੀ ਮੈਲ ਨਹੀਂ ਲਹਿ ਸਕਦੀ।

*ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥*
*ਪੰਨਾ - 558*

ਜਿੰਨੀ ਦੇਰ ਤੱਕ ਮਨ ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਪੰਜ ਚੋਰ ਖੁੜਦੁੰਮ ਮਚਾ ਰਹੇ ਹਨ; ਪੰਜ ਵਿਸ਼ੇ, ਇਸ ਜੀਵ ਨੂੰ ਮੂਰਛਤ ਕਰ ਰਹੇ ਹਨ; ਸ਼ਬਦ, ਸਪਰਸ਼, ਰੂਪ, ਰਸ, ਗੰਧ ਆਪਣੇ ਪ੍ਰਭਾਵ ਪਾ ਰਹੇ ਹਨ ਅਤੇ ਰਾਜ, ਮਾਲ, ਰੂਪ, ਜਾਤ, ਜੋਬਨ, ਠੱਗ ਇਸ ਜੀਵ ਨੂੰ ਠੱਗ ਕੇ ਨਾਮ ਵਲੋਂ ਭੁਲਾ ਰਹੇ ਹਨ, ਉਸ ਸਮੇਂ ਤੱਕ ਈਰਖਾ, ਨਿੰਦਿਆ, ਚੁਗਲੀ, ਵਿਭਚਾਰ, ਲਾਲਚ, ਅਭਿਮਾਨ ਤੇ ਅਨੇਕ ਵਾਸ਼ਨਾਵਾਂ ਦੀ ਮੈਲ ਤਹਿ ਦਰ ਤਹਿ ਮਨ ਉਤੇ ਲਗਦੀ ਹੀ ਚਲੀ ਜਾਂਦੀ ਹੈ। ਕੇਵਲ ਸਰੀਰ ਧੋਣ ਨਾਲ ਕਿਵੇਂ ਪਵਿੱਤਰਤਾ ਆਵੇਗੀ, ਫੁਰਮਾਨ ਹੈ-

*ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥*
*ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥*
*ਪੰਨਾ - 558*

ਗੁਰੂ ਮਹਾਰਾਜ ਜੀ ਨੇ ਅੱਗੇ ਫੁਰਮਾਨ ਕੀਤਾ ਕਿ ਹੇ ਮੇਰੇ ਮਨ! ਤੂੰ ਪ੍ਰਭੂ ਦਾ ਨਾਮ ਜਪ ਕਿਉਂਕਿ ਪ੍ਰਭੂ ਦਾ ਨਾਮ ਸਾਰੀਆਂ ਮੈਲਾਂ ਨੂੰ ਕੱਟਣ ਨੂੰ ਸਮਰੱਥ ਹੈ -

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥ ਪੰਨਾ - 4*

ਨਾਮ ਦੀ ਪ੍ਰਾਪਤੀ ਪੂਰੇ ਸਤਿਗੁਰੂ ਤੋਂ ਪ੍ਰਾਪਤ ਹੁੰਦੀ ਹੈ -

*ਜਪਿ ਮਨਿ ਮੇਰੇ ਤੂ ਏਕੋ ਨਾਮੁ॥*
*ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ॥ ਪੰਨਾ - 558*

ਸਿੱਧਾਂ ਦੇ 84 ਆਸਣਾਂ ਦਾ ਅਭਿਆਸ ਕਰਨ ਨਾਲ ਮਨ ਦੀ ਮੈਲ ਨਹੀਂ ਉਤਰਦੀ। ਇਸ ਮਨ ਨੂੰ ਖਰਾਬੀਆਂ ਤੋਂ ਬਚਾਉਣ ਦਾ ਜੇ ਇਕੋ ਇਕ ਸਾਧਨ ਹੈ ਤਾਂ ਉਹ ਹੈ ਕਿ ਸਤਿਗੁਰੂ ਦੀ ਸ਼ਰਨ ਵਿਚ ਤਨ ਮਨ ਧਨ ਅਰਪਣ ਕਰਕੇ ਆ ਜਾਵੇ। ਸਤਿਗੁਰੂ ਨੂੰ ਮਿਲ ਕੇ ਉਨ੍ਹਾਂ ਦੇ ਉਪਦੇਸ਼ ਦੀ ਕਮਾਈ ਕਰਕੇ, ਉਨ੍ਹਾਂ ਦੀ ਦਿਆਲਤਾ ਭਰੀ ਦ੍ਰਿਸ਼ਟੀ ਅਤੇ ਦਰਸ਼ਨ ਦਾ ਭਾਗੀ ਬਣਦਾ ਹੋਇਆ ਆਪਣੀ ਬਿਰਤੀ ਨੂੰ ਸੰਸਾਰ ਵਲੋਂ ਉਲਟੀ ਕਰ ਲਵੇਗਾ ਅਤੇ ਸੁਭਾਅ ਬਦਲ ਜਾਵੇਗਾ। ਨੇਕੀ ਦਾ ਚਸ਼ਮਾ ਆਪ ਮੁਹਾਰੇ ਸਹਿਜ ਸੁਭਾਅ ਅੰਦਰੋਂ ਵਗ ਤੁਰੇਗਾ। ਜਦੋਂ ਸਤਿਗੁਰੂ ਨੂੰ ਮਿਲ ਕੇ ਆਪਣੀ ਹਉਮੈ ਦੇ ਜਾਲ ਵਿਚੋਂ ਛੁੱਟ ਕੇ ਗੁਰੂ ਦੇ ਘਰ ਆਤਮ ਰੂਪ ਹੋ ਕੇ ਜੀਵੇਗਾ ਤਾਂ ਸਾਰੀਆਂ ਮੈਲਾਂ ਕਿਤੇ ਦੂਰ ਹੀ ਰਹਿ ਜਾਣਗੀਆਂ। ਸੋ ਮਨ ਦੀ ਮੈਲ ਦੂਰ ਕਰਨ ਲਈ ਤੀਰਥਾਂ ਦਾ ਇਸ਼ਨਾਨ ਕਿਸੇ ਤਰ੍ਹਾਂ ਵੀ ਸਮਰੱਥ ਨਹੀਂ ਹੈ -

*ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ॥*
*ਪੰਨਾ - 558*

ਆਪ ਸੰਕੇਤ ਕਰਦੇ ਹਨ -

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥*
*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥*
*ਗੁਰ ਗਿਆਨੁ ਸਾਚਾ ਥਾਨੁ ਤੀਰਥੁ*
*ਦਸ ਪੁਰਬ ਸਦਾ ਦਸਾਹਰਾ॥*
*ਹਉ ਨਾਮੁ ਹਰਿ ਕਾ ਸਦਾ ਜਾਚਉ*
*ਦੇਹੁ ਪ੍ਰਭ ਧਰਣੀਧਰਾ॥*
*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥*

*ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥ ਪੰਨਾ - 687*

ਜਦੋਂ ਇਹ ਜੀਵ ਨੂੰ ਅੰਦਰਲੇ ਤੀਰਥ ਦੀ ਸੋਝੀ ਹੋ ਜਾਂਦੀ ਹੈ, ਸਤਿਗੁਰੂ ਇਸਨੂੰ ਆਤਮ ਤੀਰਥ ਵਿਚ ਇਸ਼ਨਾਨ ਕਰਨ ਦੀ ਸੋਝੀ ਦੇ ਦਿੰਦੇ ਹਨ ਤਾਂ ਇਹ ਮਹਾਂ ਪਵਿੱਤਰ ਹੋ ਜਾਂਦਾ ਹੈ ਅਤੇ ਵਾਹਿਗੁਰੂ ਜੀ ਦੀ ਪ੍ਰਾਪਤੀ, ਅੰਦਰਲੀ ਸੁੱਚ ਹੋਣ ਤੇ ਮਿਲਦੀ ਹੈ -

*ਸੁਚਿ ਹੋਵੈ ਤਾ ਸਚੁ ਪਾਈਐ॥ ਪੰਨਾ - 472*

ਗੁਰੂ ਮਹਾਰਾਜ ਜੀ ਅੰਦਰਲੇ ਤੀਰਥ ਦਾ ਗਿਆਨ ਦਿੰਦੇ ਹਨ ਅਤੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਦੀ ਜਾਚ ਸਿਖਾ ਦਿੰਦੇ ਹਨ। ਸੋ ਇਹ ਅੰਮ੍ਰਿਤਸਰ ਤੀਰਥ ਸਭ ਤੋਂ ਸ੍ਰੇਸਟ ਤੀਰਥ ਹੈ ਜੋ ਹਰ ਪ੍ਰਾਣੀ ਨੂੰ ਪ੍ਰਾਪਤ ਹੋ ਸਕਦਾ ਹੈ -

*ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ॥*
*ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ॥ ਪੰਨਾ - 587*

ਇਹ ਅੰਮ੍ਰਿਤਸਰ ਤੀਰਥ ਆਤਮ ਸ਼ਾਖਸ਼ਾਤ ਦੀ ਅਵਸਥਾ ਹੈ ਜਿਸ ਵਿਚ ਇਸ਼ਨਾਨ ਕਰਨਾ ਗੁਰਸਿਖਾਂ ਲਈ ਜ਼ਰੂਰੀ ਕਰ ਦਿਤਾ ਗਿਆ ਹੈ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥ ਪੰਨਾ - 305*

ਸੋ ਤੀਰਥ, ਜਿਥੇ ਸਾਧੂ ਚਰਨ ਰੱਖ ਦਿੰਦੇ ਹਨ ਉਥੇ ਹੀ ਬਣ ਜਾਇਆ ਕਰਦਾ ਹੈ ਅਤੇ ਬੈਕੁੰਠ ਉਸ ਥਾਂ ਦੇ ਉਤੇ ਪ੍ਰਗਟ ਹੋ ਜਾਇਆ ਕਰਦਾ ਹੈ -

*ਅਠਸਠਿ ਤੀਰਥ ਜਹ ਸਾਧ ਪਗ ਧਰਹਿ॥*
*ਤਹ ਬੈਕੁੰਠੁ ਜਹ ਨਾਮੁ ਉਚਰਹਿ॥ ਪੰਨਾ - 890*

ਕਬੀਰ ਸਾਹਿਬ ਜੀ ਨੇ ਇਨ੍ਹਾਂ ਮਹਾਨ ਸਿਧਾਂਤਾਂ ਨੂੰ ਇਕ ਜੁਗਤ ਨਾਲ ਪ੍ਰਗਟ ਕੀਤਾ। ਜਦੋਂ ਬਹੁਤ ਸਾਰੇ ਸ਼ਰਧਾਲੂਆਂ ਅਤੇ ਸਾਧੂਆਂ ਨੇ ਆ ਕੇ ਕਬੀਰ ਸਾਹਿਬ ਨੂੰ ਕਿਹਾ ਕਿ ਮਹਾਰਾਜ! ਆਪ ਤੀਰਥਾਂ ਦਾ ਇਸ਼ਨਾਨ ਨਹੀਂ ਕਰਦੇ? ਤਾਂ ਸਹਿਜ ਸੁਭਾਅ ਕਬੀਰ ਸਾਹਿਬ ਜੀ ਨੇ ਕਿਹਾ ਕਿ ਤੀਰਥ ਉਪਰ ਕੇਵਲ ਮਜਨ ਕਰਨ ਨਾਲ ਮੇਰੇ ਉਤੇ ਕੀ ਅਸਰ ਹੋਵੇਗਾ। ਉਨ੍ਹਾਂ ਨੇ ਕਿਹਾ, "ਮਹਾਰਾਜ! ਤੀਰਥ ਦੇ ਜਲ ਵਿਚ ਇਸ਼ਨਾਨ ਕਰਨ ਨਾਲ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਵਿਕਾਰ ਖਤਮ ਹੋ ਜਾਂਦੇ ਹਨ ਅਤੇ ਬਹੁਤ ਪੁੰਨ ਫਲ ਪ੍ਰਾਪਤ ਹੁੰਦਾ ਹੈ। ਤਾਂ ਕਬੀਰ ਜੀ ਨੇ ਇਕ ਕੌੜੀ ਤੂੰਬੀ ਦੇ ਕੇ ਕਿਹਾ ਕਿ ਤੁਸੀਂ ਇਸ ਤੂੰਬੀ ਦਾ ਇਸ਼ਨਾਨ ਚੰਗੀ ਤਰ੍ਹਾਂ ਮਲ-ਮਲ ਕੇ ਹਰ ਤੀਰਥ ਵਿਚ ਕਰਾਉਣਾ, ਤੁਹਾਡੇ ਕਹਿਣ ਦੇ ਮੁਤਾਬਿਕ ਇਸ ਜਲ ਦਾ ਸੁਭਾਅ ਇਹਦੇ ਉਪਰ ਹੋਵੇਗਾ, ਇਸਦਾ ਕੌੜਾ ਸੁਭਾਅ ਬਦਲ ਜਾਵੇਗਾ, ਇਹ ਮੈਨੂੰ ਚਾਹੀਦੀ ਹੈ ਮੈਂ ਇਸ ਦੀ ਤੂੰਬੀ ਬਣਾਵਾਂਗਾ। ਸਾਧੂਆਂ ਨੇ ਤੂੰਬੀ ਲੈ ਕੇ ਇਸ਼ਨਾਨ ਕਰਾਇਆ। ਸਾਰੇ ਤੀਰਥਾਂ ਤੇ ਇਸ਼ਨਾਨ ਕਰਾ ਕੇ ਜਦੋਂ ਵਾਪਸ ਆਏ ਤਾਂ ਉਨ੍ਹਾਂ ਨੇ ਤੂੰਬੀ ਕਬੀਰ ਸਾਹਿਬ ਜੀ ਨੂੰ ਦਿਤੀ ਤਾਂ ਕਬੀਰ ਸਾਹਿਬ ਜੀ ਨੇ ਕਿਹਾ ਕਿ ਭਾਈ! ਇਹਦੀ ਕੁੜੱਤਣ ਦੂਰ ਹੋ ਗਈ ਹੋਵੇਗੀ, ਚਲੋ ਇਸਦਾ ਪ੍ਰਸ਼ਾਦ ਬਣਾ ਕੇ ਇਹੀ ਵੰਡ ਲੈਂਦੇ ਹਾਂ। ਜਦੋਂ ਪ੍ਰਸ਼ਾਦ ਦੇ ਰੂਪ ਵਿਚ ਛੋਟਾ-ਛੋਟਾ ਟੁਕੜਾ ਹਰੇਕ ਨੂੰ ਮਿਲਿਆ ਤਾਂ ਉਨ੍ਹਾਂ ਨੇ ਕਿਹਾ, "ਛਕੋ ਭਾਈ!" ਜਦੋਂ ਮੂੰਹ ਲਾਇਆ ਤਾਂ ਉਹ ਬਹੁਤ ਹੀ ਕੌੜੀ ਜ਼ਹਿਰ ਵਰਗੀ ਹੈ, ਕੋਈ ਖਾਵੇ ਨਾ। ਕਹਿਣ ਲੱਗੇ, "ਆਪ ਪ੍ਰਸ਼ਾਦ ਨਹੀਂ ਛਕਦੇ।" ਉਹ ਕਹਿਣ ਲੱਗੇ, ਮਹਾਰਾਜ! ਇਹ ਤਾਂ ਕੌੜੀ ਹੈ। ਕਬੀਰ ਸਾਹਿਬ ਨੇ ਕਿਹਾ, ਜਿਵੇਂ ਇਹ ਕੌੜੀ ਰਹਿ ਗਈ ਹੈ ਇਸੇ ਤਰ੍ਹਾਂ ਜਿਨ੍ਹਾਂ ਦੇ ਅੰਦਰ ਨਾਸਤਿਕਤਾ, ਅਸ਼ਰਧਾ, ਵਿਭਚਾਰ, ਕੁੜੱਤਣ, ਬੇਮੁਖਤਾਈ, ਮਨਮੁਖਤਾਈ ਹੈ, ਉਨ੍ਹਾਂ ਦੇ ਉਪਰ ਕੇਵਲ ਪਾਣੀ ਨਾਲ ਇਸ਼ਨਾਨ ਕਰਕੇ ਕੋਈ ਅਸਰ ਨਹੀਂ ਹੋਇਆ ਕਰਦਾ। ਇਹ ਇਸ਼ਨਾਨ ਕੇਵਲ ਸਰੀਰਕ ਪਵਿੱਤਰਤਾ ਵਾਸਤੇ ਹੋਇਆ ਕਰਦਾ ਹੈ ਪਰ ਆਤਮਿਕ ਜੀਵਨ ਨਾਲ ਇਨ੍ਹਾਂ ਦਾ ਬਹੁਤਾ ਸਬੰਧ ਨਹੀਂ ਹੋਇਆ ਕਰਦਾ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥*
*ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥*
*ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥*
*ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥*
*ਪੰਨਾ - 789*

*ਤੀਰਥਿ ਨਾਇ ਨ ਉਤਰਸਿ ਮੈਲੁ॥*
*ਕਰਮ ਧਰਮ ਸਭਿ ਹਉਮੈ ਫੈਲੁ॥*
*ਲੋਕ ਪਚਾਰੈ ਗਤਿ ਨਹੀ ਹੋਇ॥*
*ਨਾਮ ਬਿਹੂਣੇ ਚਲਸਹਿ ਰੋਇ॥ ਪੰਨਾ - 890*

*ਅਠਸਠਿ ਤੀਰਥ ਜਹ ਸਾਧ ਪਗ ਧਰਹਿ॥*
*ਤਹ ਬੈਕੁੰਠੁ ਜਹ ਨਾਮੁ ਉਚਰਹਿ॥ ਪੰਨਾ - 890*

ਗੁਰਬਾਣੀ ਦੇ ਪ੍ਰਕਾਸ਼ ਵਿਚ ਗੁਰੂ ਮਹਾਰਾਜ ਜੀ ਨੇ ਅਸਾਡੇ ਲਈ ਸੱਚੇ ਤੀਰਥ ਤੇ ਇਸ਼ਨਾਨ ਕਰਨ ਦੀ ਜਾਚ ਦੱਸੀ ਹੈ। ਪ੍ਰਮੇਸ਼ਰ ਦੇ ਪਿਆਰੇ, ਤੱਤ ਬੇਤੇ, ਬ੍ਰਹਮਗਿਆਨੀ, ਅਭੇਦ ਅਵਸਥਾ ਵਾਲੇ ਗੁਰਸਿੱਖ ਦੀ ਐਨੀ ਪਵਿੱਤਰਤਾ ਦਰਸਾਈ ਗਈ ਹੈ ਕਿ ਜਿਥੇ ਉਹ ਚਰਨ ਧਰ ਦੇਵੇ ਉਸ ਥਾਂ ਦੀ ਮਹਾਨਤਾ ਕ੍ਰੋੜਾਂ ਗੰਗਾ ਤੋਂ ਵੀ ਵੱਧ ਹੋਇਆ ਕਰਦੀ ਹੈ -

*ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ*
*ਜਨ ਕੇ ਚਰਨ ਤੀਰਥ ਕੋਟਿ ਗੰਗਾ॥*
*ਜਨ ਕੀ ਧੂਰਿ ਕੀਓ ਮਜਨੁ ਨਾਨਕ*
*ਜਨਮ ਜਨਮ ਕੇ ਹਰੇ ਕਲੰਗਾ॥ ਪੰਨਾ - 828*

ਸੋ ਜਲ ਦੇ ਇਸ਼ਨਾਨ ਨਾਲ ਕਿਸੇ ਉਤਮ ਗਤੀ ਨੂੰ

ਪ੍ਰਾਪਤ ਕਰ ਲੈਣਾ ਇਕ ਅਸੱਤਿ ਮਨੌਤ ਹੈ। ਉਤਮ ਗਤੀ ਕੇਵਲ ਨਾਮ ਦੀ ਕਮਾਈ ਕਰਕੇ, ਅਗਿਆਨਤਾ ਦਾ ਨਾਸ਼ ਹੋਣ ਉਪਰੰਤ ਹੋਇਆ ਕਰਦੀ ਹੈ -

***ਜਲ ਕੈ ਮਜਨਿ ਜੇ ਗਤਿ ਹੋਵੈ***
***ਨਿਤ ਨਿਤ ਮੇਂਡੁਕ ਨਾਵਹਿ॥***
***ਜੈਸੇ ਮੇਂਡੁਕ ਤੈਸੇ ਓਇ ਨਰ***
***ਫਿਰਿ ਫਿਰਿ ਜੋਨੀ ਆਵਹਿ॥ ਪੰਨਾ - 484***

ਸੋ ਇਸ ਮਹੀਨੇ ਦਾ ਜੋ ਉਪਦੇਸ਼ ਸਾਨੂੰ ਗੁਰੂ ਮਹਾਰਾਜ ਜੀ ਤੋਂ ਪ੍ਰਾਪਤ ਹੋ ਰਿਹਾ ਹੈ, ਉਹ ਵਾਹਿਗੁਰੂ ਦੇ ਨਾਮ ਦੇ ਜਲ ਵਿਚ ਨਿਰਮਲ ਮਨ ਹੋ ਕੇ ਇਸ਼ਨਾਨ ਕਰਨਾ ਹੈ -

***ਹਰਿ ਜਲੁ ਨਿਰਮਲੁ ਮਨੁ ਇਸਨਾਨੀ***
***ਮਜਨੁ ਸਤਿਗੁਰੁ ਭਾਈ॥***
***ਪੁਨਰਪਿ ਜਨਮੁ ਨਾਹੀ ਜਨ***
***ਸੰਗਤਿ ਜੋਤੀ ਜੋਤਿ ਮਿਲਾਈ॥ ਪੰਨਾ - 505***

ਹਰੀ ਦਾ ਨਾਮ ਨਿਰਮਲ ਜਲ, ਤੇ ਸਤਿਗੁਰੂ ਇਸ਼ਨਾਨ ਕਰਾਉਣ ਵਾਲੇ ਹਨ। ਹਰੀ ਦੇ ਦਾਸਾਂ ਦੀ ਸੰਗਤ ਕਰਕੇ ਫੇਰ ਜਨਮ ਮਰਨ ਤੋਂ ਛੁਟਕਾਰਾ ਹੋ ਜਾਂਦਾ ਹੈ, ਹਰੀ ਦੇ ਰੂਪ ਵਿਚ ਸਾਡੀ ਆਤਮਾ ਅਭੇਦ ਹੋ ਜਾਂਦੀ ਹੈ -

***ਹਰਿ ਜਲੁ ਨਿਰਮਲੁ ਮਨੁ ਇਸਨਾਨੀ***
***ਮਜਨੁ ਸਤਿਗੁਰੁ ਭਾਈ॥***
***ਪੁਨਰਪਿ ਜਨਮੁ ਨਾਹੀ ਜਨ ਸੰਗਤਿ***
***ਜੋਤੀ ਜੋਤਿ ਮਿਲਾਈ॥ ਪੰਨਾ - 505***

ਨਾਮ ਦੇ ਇਸ਼ਨਾਨ ਦੀ ਪ੍ਰੋੜਤਾ ਕਰਦੇ ਹੋਏ ਆਪ ਫੁਰਮਾਉਂਦੇ ਹਨ -

***ਜਲਿ ਮਲਿ ਕਾਇਆ ਮਾਜੀਐ***
***ਭਾਈ ਭੀ ਮੈਲਾ ਤਨੁ ਹੋਇ॥***
***ਗਿਆਨਿ ਮਹਾ ਰਸਿ ਨਾਈਐ***
***ਭਾਈ ਮਨੁ ਤਨੁ ਨਿਰਮਲੁ ਹੋਇ॥ ਪੰਨਾ - 637***

ਸੋ ਗੁਰੂ ਮਹਾਰਾਜ ਜੀ ਦਾ ਆਦੇਸ਼ ਹੈ -

***ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥***
***ਪੰਨਾ - 136***

ਸਾਧੂਆਂ ਦੀ ਸੰਗਤ ਵਿਚ ਰਹਿ ਕੇ ਅਤੇ ਉਨ੍ਹਾਂ ਦੇ ਤੱਤ ਬਚਨਾਂ ਨੂੰ ਸਰਵਣ ਕਰਕੇ, ਮੰਨਣ ਕਰਕੇ ਅਤੇ ਨਿਧਿਆਸਣ ਰਾਹੀਂ ਤੱਤ ਪਦ ਦੀ ਪ੍ਰਾਪਤੀ ਕਰਕੇ ਸਫਲ ਨਹਾਉਣਾ ਹੈ। ਵਾਹਿਗੁਰੂ ਦਾ ਨਾਮ ਆਪ ਜਪਣਾ ਹੈ ਅਤੇ ਜਦੋਂ ਆਤਮ ਪ੍ਰਾਪਤੀ ਹੋ ਗਈ, ਦੂਸਰਿਆਂ ਨੂੰ ਵੀ ਜਪਾਉਣਾ ਹੈ-

***ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥***
***ਪੰਨਾ - 136***

ਇਸ ਦੀ ਪਦਵੀ ਬਹੁਤ ਉਚੀ ਹੋਇਆ ਕਰਦੀ ਹੈ ਜੋ ਆਪ ਨਾਮ ਜਪਦਾ ਹੈ ਅਤੇ ਦੂਸਰਿਆਂ ਨੂੰ ਜਪਾਉਂਦਾ ਹੈ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 306***

ਕਬੀਰ ਜੀ ਦਾ ਇਕੋ-ਇਕ ਪ੍ਰਮੁੱਖ ਸਾਧਨ ਨਾਮ ਜਪਣਾ ਹੈ। ਹਰੀ ਦਾ ਕੀਰਤਨ ਕਰਨਾ, ਹਰੀ ਦੇ ਗੁਣਾਂ ਦੀ ਵਿਚਾਰ ਕਰਨੀ, ਉਸਦੀ ਬੇਅੰਤਤਾਈ ਵਿਚ ਲੀਨ ਹੋਣਾ, ਪ੍ਰਭੂ ਰੂਪ ਗੁਰੂ ਦੇ ਧਿਆਨ ਵਿਚ ਮਹਿਵ ਹੋਣਾ ਅਤੇ ਮਨੋ ਮਨ ਤਰੱਕੀ ਕਰਕੇ ਆਤਮ ਚਿੰਤਨ ਦੀ ਅਵਸਥਾ ਵਿਚ ਪਹੁੰਚਣਾ; ਇਹ ਆਤਮ ਮਾਰਗ ਵਿਚ ਨਾਮ ਦੀਆਂ ਪਉੜੀਆਂ ਹਨ। ਸੋ ਐਸੇ ਨਾਮ ਦੀ ਘਾਲ ਕਮਾਈ ਕਰਨ ਵਾਲਾ ਆਪ ਛੁਟ ਜਾਂਦਾ ਹੈ ਅਤੇ ਲੱਖਾਂ ਕੀ, ਕ੍ਰੋੜਾਂ ਨੂੰ ਤਾਰ ਦਿੰਦਾ ਹੈ -

***ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥***
***ਪੰਨਾ - 608***

ਸੋ ਮਹਾਰਾਜ ਜੀ ਦਾ ਹੁਕਮ ਹੈ -

***ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥***
***ਪੰਨਾ - 136***

ਅੰਤਸ਼ਕਰਣ ਵਿਚ ਜੋ ਜਨਮਾਂ-ਜਨਮਾਂਤਰਾਂ ਦੀ ਮੈਲ ਲੱਗੀ ਹੋਈ ਹੈ ਅਤੇ ਮਨ ਕਾਲਾ ਸਿਆਹ ਹੋ ਗਿਆ ਹੈ, ਜੋ ਨਾਮ ਤੋਂ ਬਗੈਰ ਹੋਰ ਕਿਸੇ ਸਾਧਨ ਨਾਲ ਇਹ ਮੈਲ ਨਹੀਂ ਉਤਰਦੀ, ਫੋਕੇ ਸਾਧਨ ਹੋਰ ਤੈਹਾਂ ਇਸ ਮਨ ਉਪਰ ਅੰਦਰਲੀ ਮੈਲ ਕਾਰਨ ਲਾਈ ਜਾਂਦੇ ਹਨ। ਪਰ ਜਦੋਂ ਸਾਧੂਆਂ ਦੀ ਸੰਗਤ ਵਿਚ ਇਸ਼ਨਾਨ ਕੀਤਾ ਤਾਂ ਮਨ ਉਪਰੋਂ ਹਉਮੈ ਦੀ ਮੈਲ, ਨਾਮ ਕਮਾਈ ਕਰਕੇ ਲਹਿ ਜਾਂਦੀ ਹੈ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ***
***ਜੇ ਸਉ ਧੋਵਣਿ ਪਾਹੁ॥ ਪੰਨਾ - 651***
***ਜਨਮ ਕਰਮ ਮਲੁ ਉਤਰੈ***
***ਮਨ ਤੇ ਜਾਇ ਗੁਮਾਨੁ॥ ਪੰਨਾ - 136***

ਜਦੋਂ ਸਾਧੂਆਂ ਦੀ ਸੰਗਤ ਮਿਲ ਗਈ, ਉਨ੍ਹਾਂ ਤੋਂ ਪ੍ਰਾਪਤ ਤੱਤ ਬਚਨਾਂ ਦੀ ਕਮਾਈ ਕੀਤੀ ਤਾਂ ਕਾਮ ਵਰਗੇ ਮਹਾਨ ਸ਼ਤਰੂ ਅਤੇ ਕ੍ਰੋਧ ਵਰਗੇ ਦੁੰਦਰ ਸ਼ਤਰੂ ਇਸ ਜੀਵ ਨੂੰ ਮੋਹ ਨਹੀਂ ਸਕਦੇ। ਲੋਭ ਦਾ ਖਾਤਮਾ ਹੋ ਜਾਂਦਾ ਹੈ ਕਿਉਂਕਿ ਸੰਤਾਂ ਦੀ ਸੰਗਤ ਕਰਕੇ ਅਤੇ ਨਾਮ ਦੀ ਕਮਾਈ ਕਰਕੇ ਦਿਬ ਨੇਤਰ ਖੁਲ੍ਹ ਗਏ, ਹਰ ਥਾਂ ਉਪਰ ਇਕੋ ਜੋਤ -

***ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢ ਹੋਤ ਹੈ॥***
***(ਅਕਾਲ ਉਸਤਤਿ)***

ਨਜ਼ਰ ਆਉਂਦੀ ਹੈ। ਦੂਸਰਾ ਕੋਈ ਦਿਸਦਾ ਨਹੀਂ ਫੇਰ ਇਨ੍ਹਾਂ ਆਸੁਰੀ ਸੰਪ੍ਰਦਾ ਦੇ ਭਿਆਨਕ ਸ਼ਤਰੂਆਂ ਦਾ, ਸਤਿਸੰਗ ਦੇ ਪ੍ਰਭਾਵ ਕਰਕੇ ਕੋਈ ਅਸਰ ਨਹੀਂ ਹੁੰਦਾ। ਜਦੋਂ ਅਸੀਂ ਆਤਮ ਮਾਰਗ ਦੇ ਸੱਚੇ ਰਸਤੇ ਉਤੇ ਆਪਣੀ ਜੀਵਨ ਨਈਆ ਨੂੰ ਪਾਵਾਂਗੇ ਤਾਂ ਜੀਵ ਦੇ ਅੰਦਰ ਦੈਵੀ ਸੰਪ੍ਰਦਾ ਦਾ ਉਭਾਰ

(ਬਾਕੀ ਪੰਨਾ 8 ਤੇ)

# ਸੰਪਾਦਕੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਦੁਆਰਾ ਚਲਾਇਆ ਗਿਆ ਗੁਰ-ਸ਼ਬਦ ਲੰਗਰ ਆਤਮ ਮਾਰਗ ਮੈਗਜ਼ੀਨ ਆਪਣਾ ਰੂਹਾਨੀ ਸਫਰ ਵਿਸਾਖੀ ਅਪ੍ਰੈਲ 1995 ਤੋਂ ਤਹਿ ਕਰਦਾ ਹੋਇਆ ਨਵੇਂ 2007 ਵਿਚ ਪ੍ਰਵੇਸ਼ ਕਰ ਰਿਹਾ ਹੈ। ਮਹਾਂਪੁਰਸ਼ਾਂ ਦੇ ਬਚਨਾਂ ਅਨੁਸਾਰ 'ਜਿਹੜੇ ਘਰ ਵਿਚ ਆਤਮ ਮਾਰਗ ਮੈਗਜ਼ੀਨ ਪਹੁੰਚੇਗਾ ਅਤੇ ਜਿਹੜਾ ਵੀ ਪ੍ਰੇਮੀ ਇਸ ਮੈਗਜ਼ੀਨ ਦੇ ਨਵੇਂ ਮੈਂਬਰ ਬਣਾਉਣ ਦੀ ਸੇਵਾ ਨਿਭਾਗਾ ਉਸ ਘਰ ਵਿਚੋਂ ਕਲਾਹ ਕਲੇਸ਼, ਵਿਘਨ ਦੂਰ ਹੋ ਕੇ ਸੁਖ ਸ਼ਾਂਤੀ ਦਾ ਵਰਤਾਰਾ ਹੋ ਜਵੇਗਾ। ਨਵੇਂ ਸਾਲ ਦੀ ਸ਼ੁਰੂਆਤ ਸਮੇਂ ਵਧਾਈਆਂ ਦੇ ਨਾਲ ਸੌਗਾਤਾਂ ਦਾ ਵੀ ਲੈਣ ਦੇਣ ਹੁੰਦਾ ਹੈ। ਆਤਮ ਮਾਰਗ ਦੇ ਪਾਠਕ ਹੋਰਨਾਂ ਨੂੰ ਇਸ ਮੈਗਜ਼ੀਨ ਦੀ ਸੌਗਾਤ ਦੇ ਕੇ ਗੁਰੂ ਦੀ ਖੁਸ਼ੀ ਦੇ ਪਾਤਰ ਬਣਨ ਦੀ ਕ੍ਰਿਪਲਾਤਾ ਕਰਨਗੇ।

ਆਤਮ ਮਾਰਗ ਮੈਗਜ਼ੀਨ ਨੂੰ ਪਿਛਲੇ ਸਮੇਂ ਦੇ ਵਿੱਚ ਜੋ ਸੰਗਤਾਂ ਨੇ ਪਿਆਰ ਸਤਿਕਾਰ ਦਿਤਾ ਹੈ ਉਸ ਨੂੰ ਅੱਖਰਾਂ ਦੇ ਵਿਚ ਰੂਪਮਾਨ ਕਰਨਾਂ ਮੁਸ਼ਕਿਲ ਹੈ। ਦੇਸ਼ਾਂ ਵਿਦੇਸ਼ਾਂ ਦੇ ਵਿਚ ਹਜ਼ਾਰਾਂ ਹੀ ਪ੍ਰੇਮੀ ਨਿਰੰਤਰ ਇਸ ਰੂਹਾਨੀ ਮੈਗਜ਼ੀਨ ਨੂੰ ਪੜ੍ਹਦੇ ਹਨ। ਚੜ੍ਹਦੀ ਕਲਾ ਵਾਲੇ ਪ੍ਰੇਮੀ ਘਰ ਘਰ ਜਾ ਕੇ ਹੋਰਨਾਂ ਨੂੰ ਮੈਂਬਰ ਬਣਾ ਕੇ ਆਤਮ ਮਾਰਗ ਦੇ ਪਾਂਧੀ ਬਣਨ ਵਾਸਤੇ ਉਤਸ਼ਾਹਤ ਕਰਦੇ ਹਨ।

ਇਸ ਮੈਗਜੀਨ ਦੇ ਬਾਨੀ ਮਹਾਂਪੁਰਸ਼ਾਂ ਦੀ ਪਾਵਨ ਯਾਦ ਅੰਦਰ ਦੇਸ਼ਾਂ ਵਿਦੇਸ਼ਾਂ ਅੰਦਰ ਬਰਸੀ ਸਮਾਗਮ ਬਹੁਤ ਹੀ ਸ਼ਰਧਾ ਪੂਰਵਕ ਮਨਾਉਣਾ ਕੀਤਾ ਗਿਆ ਹੈ। ਅਮਰੀਕਾ ਵਿੱਚ ਸੈਨਹੋਜੇ, ਬੈਕਰਸਫੀਲਡ ਕੈਲੀਫੋਰਨੀਆਂ ਦੇ ਵੱਖੋ ਵੱਖਰੇ ਗੁਰੂ ਅਸਥਾਨਾਂ ਉਪਰ ਵੀ ਬਾਬਾ ਸਤਨਾਮ ਸਿੰਘ ਜੀ, ਭਾਈ ਅਮਰਜੀਤ ਸਿੰਘ ਸੰਧੂ ਅਤੇ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਬਰਸੀ ਸਮਾਗਮ ਬਹੁਤ ਹੀ ਵੱਡੀ ਪੱਧਰ ਉਪਰ ਹੋਏ ਹਨ। ਕਨੇਡਾ ਵਿਖੇ ਵੀ ਭਾਈ ਪਰਮਜੀਤ ਸਿੰਘ ਪ੍ਰਿੰਸਰੂਪਰਟ ਵਾਲਿਆਂ ਵੱਲੋਂ ਸਮਾਗਮ ਕਰਵਾਏ ਗਏ ਹਨ।

ਇਸੇ ਹੀ ਤਰ੍ਹਾਂ ਬਰਸੀ ਸਮਾਗਮਾਂ ਦੀ ਲੜੀ ਤਹਿਤ ਮਹਾਂਪੁਰਸ਼ਾਂ ਦੇ ਪਿਆਰੇ ਬਾਬਾ ਗੁਰਪਾਲ ਸਿੰਘ ਜੀ ਵੱਲੋਂ ਦੁਆਬੇ ਅਤੇ ਯੂ.ਪੀ., ਐਮ.ਪੀ. ਵੱਖੋ ਵੱਖਰੇ ਇਲਾਕਿਆਂ ਵਿੱਚ ਸਵਾਲਾਪੁਰ, (ਬਿਲਾਸਪੁਰ) ਸ਼ਾਹਗੜ੍ਹ (ਪੂਰਨਪੁਰ) ਪੀਲੀਭੀਤ, ਭੀਰਾ (ਲਖਿਮਪੁਰ ਖੇੜੀ), ਸ਼ਿਵਪੁਰੀ, ਗਹਿਰਾ (ਨਿਘਾਸਨ), ਪਲੀਆ (ਨੇਪਾਲ ਬਾਰਡਰ ਦੇ ਇਲਾਕਿਆਂ ਵਿੱਚ ਬਹੁਤ ਹੀ ਸ਼ਰਧਾਪੁਰਵਕ ਬਰਸੀ ਸਮਾਗਮ ਹੋਏ ਹਨ ਅਤੇ ਸੈਂਕੜੇ ਹੀ ਪ੍ਰੇਮੀਆਂ ਨੂੰ ਆਤਮ ਮਾਰਗ ਦੀ ਮੈਂਬਰਸ਼ਿੱਪ ਲੈਣ ਦੀ ਪ੍ਰੇਰਨਾ ਬਾਬਾ ਜਸਬੀਰ ਸਿੰਘ ਜੀ ਅਨਵਰੀਆ ਫਾਰਮ ਬਿਲਾਸਪੁਰ ਵਾਲਿਆਂ ਨੇ ਕਰਕੇ ਮਹਾਨ ਸੇਵਾ ਨਿਭਾਉਣਾ ਕੀਤੀ ਹੈ।

ਇਨ੍ਹਾਂ ਸਮਾਗਮਾਂ ਸਮੇਂ ਗੁਰ-ਸ਼ਬਦ ਲੰਗਰ ਵਿੱਚ ਹਿੱਸਾ ਪਉਂਦੇ ਹੋਏ ਬਹੁਤ ਸਾਰੇ ਪ੍ਰੇਮੀਆਂ ਨੇ ਅੱਧੀ ਭੇਟਾ ਉਪਰ ਮੈਗਜ਼ੀਨ ਦੇ ਸਲਾਨਾ ਮੈਂਬਰ ਅਤੇ ਲਾਈਫ ਮੈਂਬਰ ਬਣਾਉਣ ਦੀ ਮਹਾਨ ਸੇਵਾ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ। ਇਸ ਪਿਆਰੀ ਰੂਹਾਨੀ ਪਤ੍ਰਿਕਾ ਵਿੱਚ ਮਹਾਂਪੁਰਸ਼ਾਂ ਦਾ ਅਨੁਭਵ ਗੁਰਬਾਣੀ ਪ੍ਰਕਾਸ਼ ਅੰਦਰ ਗੁਰਮਤਿ ਸਿਧਾਂਤ ਪ੍ਰਗਟ ਕਰਦਾ ਹੈ। ਇਸ ਨਵੇਂ ਸਾਲ ਅੰਦਰ ਸਾਨੂੰ ਪੂਰੀ ਆਸ ਹੈ ਕਿ ਮਹਾਂਪੁਰਸ਼ਾਂ ਦੇ ਪਿਆਰ ਵਿੱਚ ਉਨ੍ਹਾਂ ਦੇ ਆਦੇਸ਼ ਮੁਤਾਬਿਕ ਹੋਰਨਾਂ ਨੂੰ ਵੀ ਆਤਮ ਮਾਰਗ ਦੇ ਪਾਂਧੀ ਬਣਾਉਣ ਵਿੱਚ ਪਾਠਕ ਜਨ ਆਪਣਾ ਤਨ ਮਨ ਧਨ ਕਰਕੇ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕਰਨਗੇ।

ਮਾਘ ਮਹੀਨੇ ਦੀ ਪਾਵਨ ਕਥਾ ਅੰਦਰ ਜੋ ਅਨੁਭਵ ਮਹਾਂਪੁਰਸ਼ਾਂ ਨੇ ਪ੍ਰਗਟ ਕੀਤਾ ਹੈ ਇਸ ਨਾਲ ਸਾਨੂੰ ਵੀ ਸੇਵਾ ਸਿਮਰਨ ਦੀ ਸੇਧ ਪ੍ਰਾਪਤ ਹੋਵੇਗੀ। ਪੁਰਾਤਨ ਸਮੇਂ ਤੋਂ ਹੀ ਮਾਘ ਮਹੀਨੇ ਅੰਦਰ ਤੀਰਥਾਂ ਤੇ ਇਸ਼ਨਾਨ ਅਤੇ ਪੁੰਨ ਦਾਨ ਕਰਨ ਦੀ ਪ੍ਰਥਾ ਚੱਲੀ ਆਉਂਦੀ ਹੈ। ਸਤਿਪੁਰਸ਼ਾਂ ਨੇ ਇਸ ਸਰੀਰ ਦੇ ਅੰਦਰ ਨਾਮ ਤੀਰਥ ਵਿਚ ਇਸ਼ਨਾਨ ਕਰਨ ਦੀ ਮਹੱਤੱਤਾ ਨੂੰ ਬਹੁਤ ਹੀ ਸਖੈਨ ਸਰਲ ਸ਼ਬਦਾਂ ਵਿੱਚ ਅੰਕਿਤ ਕੀਤਾ ਹੈ। ਸੰਗਤਾਂ ਦੀ ਚਰਨ ਧੂੜ ਮਾੜੇ ਲੇਖ ਮਿਟਾ ਦਿੰਦੀ ਹੈ। ਸਤਿਗੁਰਾਂ ਦੀ ਮੁੱਖ ਧੂੜ ਗੁਰਬਾਣੀ ਬਚਨਾਂ ਵਿੱਚ ਇਸ਼ਨਾਨ ਕਰਨ ਨਾਲ ਅੰਤਿਸ਼ ਕਰਨ ਦੀ ਮੈਲ ਦੂਰ ਹੋ ਜਾਂਦੀ ਹੈ।

'ਜੈਸਾ ਸੰਗ ਤੈਸਾ ਰੰਗ' ਲੇਖ ਵਿੱਚ ਸੰਗਤ ਅਤੇ ਕੁਸੰਗਤ ਦਾ ਫਲ ਦਰਸਾਇਆ ਗਿਆ ਹੈ। ਜਿਵੇਂ ਕਿ ਸਿਰਲੇਖ ਤੋਂ ਹੀ ਪਤਾ ਲਗਦਾ ਹੈ। ਕਿ ਜਿਹੋ ਜਿਹੀ ਸੰਗਤ ਕਰਾਂਗੇ ਉਸ ਦਾ ਫਲ ਅਵੱਸ਼ ਹੀ ਪ੍ਰਾਪਤ ਹੋਵੇਗਾ।

ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪੰਜ ਪਿਆਰਿਆਂ ਦੇ ਮੁੱਖੀ ਜਥੇਦਾਰ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਤੋਂ ਚੱਲੀ ਸੰਪ੍ਰਦਾ ਦੇ ਮਹਾਨ ਰਤਨ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ 9 ਮਾਘ 1927 ਈਸਵੀ ਵਿਚ ਆਪਣੇ ਪੰਜਭੂਤਕ ਚੋਲੇ ਦਾ ਪਰਿਤਿਆਗ ਕਰਦੇ ਹੋਏ ਮਹਾਂ ਸਮਾਧੀ ਵਿੱਚ ਚਲੇ ਗਏ ਸਨ। ਇਸ ਦਿੱਨ ਉਪਰ ਵਿਸ਼ੇਸ਼ ਲੇਖ ਮਹਾਂਪੁਰਸ਼ਾਂ ਦੀ ਘਾਲਣਾ ਕਮਾਈ ਨੂੰ ਦਰਸਾਉਣ ਵਾਲਾ ਹੈ। ਜਿਸ ਪੜ੍ਹ ਕੇ ਆਪਣੇ ਜੀਵਨ ਵਿੱਚ ਕਮਾ ਕੇ ਸਾਡੇ ਵੀ ਜੀਵਨ ਦੀ ਰੌਂ ਰੁਮਕ ਸਕਦੀ ਹੈ।

ਇਸੇ ਤਰਾਂ ਮਹਾਨ ਯੋਗੀ ਡਾ. ਸਵਾਮੀ ਰਾਮ ਜੀ ਦੁਆਰਾ ਰਚਿਤ 'ਕਰਮ ਬੰਧਨ ਤੋਂ ਮੁਕਤੀ' ਅਤੇ 'ਯੋਗਾ ਉਪਰ ਲੈਕਚਰ' ਦੋ ਸਿਰਲੇਖਾਂ ਦੇ ਹੇਠ ਲੇਖ ਬੀਬੀ ਤਜਿੰਦਰ ਕੌਰ ਮਲਹੋਤਰਾ ਦੁਆਰਾ ਇੰਗਲਿਸ਼ ਤੋਂ ਬਹੁਤ ਸਰਲ ਪੰਜਾਬੀ ਵਿੱਚ ਅਨੁਵਾਦ ਕਿਤਾ ਗਿਆ ਹੈ।

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਅੰਮ੍ਰਿਤ ਵੇਲੇ ਤੋਂ ਆਪ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਬੈਠੇ ਹਰੀ ਦਾ ਜਸ ਸਰਵਣ ਕਰ ਰਹੇ ਹੋ। ਉਸ ਤੋਂ ਉਪਰੰਤ ਗੁਰੂ ਮਹਾਰਾਜ ਜੀ ਦਾ ਹੁਕਮ ਜਿਸ ਦੇ ਅੰਦਰ ਬਹੁਤ ਸਾਰੇ ਪੱਖਾਂ ਤੋਂ ਗੁਰੂ ਮਹਾਰਾਜ ਜੀ ਨੇ ਸਾਨੂੰ ਜਾਣੂ ਕਰਵਾਇਆ ਹੈ ਉਹ ਵੀ ਆਪ ਨੇ ਸਰਵਣ ਕਰਿਆ ਹੈ। ਮਹਾਰਾਜ ਜੀ ਨੇ ਫੁਰਮਾਨ ਕਰਿਆ ਹੈ ਕਿ ਜੋ ਸਤਿਗੁਰੂ ਦੀ ਸੇਵਾ ਕਰਦੇ ਨੇ ਉਨ੍ਹਾਂ ਦੇ ਨਾਲ ਜਿਨ੍ਹਾਂ ਦਾ ਸੰਗ ਹੁੰਦਾ ਹੈ, ਸਾਥ ਹੁੰਦਾ ਹੈ ਉਹ ਵੀ ਤਰ ਜਾਇਆ ਕਰਦੇ ਨੇ। ਦਰਗਾਹ ਦੇ ਅੰਦਰ ਉਨ੍ਹਾਂ ਨੂੰ ਕੋਈ ਰੋਕ ਨਹੀਂ ਪੈਂਦੀ –

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸುਭ ਦੇਊ ॥ ਅੰਗ – ੨੫੨*

ਸਾਰੇ ਹੀ ਆਦਰ ਦਿੰਦੇ ਨੇ, ਸਤਿਕਾਰ ਕਰਦੇ ਨੇ ਕਿਉਂਕਿ ਇਸ ਸੰਸਾਰ ਤੋਂ ਅੱਗੇ ਜੋ ਸੰਸਾਰ ਹੈ, ਅਸਲੀ ਹੈ ਉਸ ਥਾਂ ਤੇ ਸਭ ਨੇ ਜਾਣਾ ਹੈ। ਆਹ ਜਿਹੜਾ ਥੋੜ੍ਹਾ ਸਮਾਂ ਸਾਨੂੰ ਮਿਲਿਆ ਹੈ ਇਹ ਕਮਾਈ ਕਰਨ ਵਾਸਤੇ ਮਿਲਿਆ ਹੈ, ਨਾਮ ਦਾ ਧਨ, ਸੇਵਾ ਦਾ ਧਨ, ਪਰਉਪਕਾਰ ਦਾ ਧਨ ਇਹ ਚੀਜ਼ਾਂ ਇਕੱਠੀਆਂ ਕਰਨ ਵਾਸਤੇ ਸਾਨੂੰ ਮਿਲਿਆ ਹੈ ਤਾਂ ਜਦੋਂ ਇਥੋਂ ਸੰਸਾਰ ਤੋਂ ਜਾਣਾ ਹੈ ਤਾਂ ਤਕਲੀਫਾਂ, ਦੁੱਖ ਤੇ ਬੇਇਜ਼ਤੀ ਨਾ ਹੋਵੇ ਸਾਡੀ। ਸੋ ਮਹਾਰਾਜ ਜੀ ਕਹਿੰਦੇ ਪਿਆਰਿਓ! ਜਿਨ੍ਹਾਂ ਨੇ ਸਤਿਗੁਰੂ ਦੀ ਸੇਵਾ ਕਰੀ ਹੈ ਉਨ੍ਹਾਂ ਨੇ ਆਪ ਤਾਂ ਤਰਨਾ ਹੀ ਹੈ ਜਿਹੜੇ ਉਨ੍ਹਾਂ ਦੇ ਨਾਲ ਲੱਗ ਜਾਂਦੇ ਨੇ ਉਹ ਵੀ ਤਰ ਜਾਂਦੇ ਨੇ। ਉਹ ਕੇਵਲ ਤਰਦੇ ਹੀ ਨਹੀਂ ਸਗੋਂ ਜਦੋਂ ਉਹ ਦਰਗਾਹ ਵਿਚ ਜਾਂਦੇ ਨੇ ਤਾਂ ਉਥੋਂ ਦਾ ਜਿਹੜਾ ਸਭ ਤੋਂ ਵੱਡਾ ਦੇਵਤਾ ਹੈ, ਜਿਸਨੂੰ ਧਰਮਰਾਜ ਕਹਿੰਦੇ ਨੇ, ਉਹ ਸੇਵਾ ਵਾਸਤੇ ਆਪ ਆਉਂਦਾ ਹੈ –

*ਸਾਧਸੰਗਿ ਧਰਮ ਰਾਇ ਕਰੇ ਸੇਵਾ ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਅੰਗ – ੨੭੧*

ਸੰਤਾਂ ਨੂੰ ਤਾਂ ਉਹ ਕਹਿੰਦਾ ਹੈ ਕਿ ਧੰਨ ਭਾਗ, ਤੁਸੀਂ ਦਰਸ਼ਨ ਦਿਤੇ, ਮੇਰਾ ਘਰ ਪਵਿੱਤਰ ਕਰ ਦਿਤਾ ਪਰ ਜੇ ਕੋਈ ਨਾਲ ਸੰਗੀ ਵੀ ਹੋਵੇ ਉਸ ਦੀ ਵੀ ਸੇਵਾ ਹੁੰਦੀ ਹੈ। ਇਸੇ ਤਰ੍ਹਾਂ ਜਿਹੜਾ ਦੂਸਰੇ ਪਾਸੇ ਸੰਗੀ ਹੋਵੇ ਨਿੰਦਿਆ ਕਰਨ ਵਾਲੇ ਦਾ, ਚੁਗਲੀਆਂ ਕਰਨ ਵਾਲੇ ਦਾ, ਈਰਖਾ ਕਰਨ ਵਾਲੇ ਦਾ, ਵਿਸ਼ੇ-ਵਿਕਾਰਾਂ ਵਿਚ ਪੈਣ ਵਾਲੇ ਦਾ, ਮਾੜੀਆਂ ਗੱਲਾਂ ਸੋਚਣ ਵਾਲੇ ਦਾ ਮਹਾਰਾਜ ਕਹਿੰਦੇ ਉਸਨੂੰ ਵੀ ਉਹ ਨਰਕ ਵਿਚ ਲੈ ਜਾਂਦਾ ਹੈ। ਦੋਹਾਂ ਪਾਸਿਆਂ ਦਾ ਹੈ – ਇਕ ਤਾਰ ਦਿੰਦੇ ਨੇ, ਇਕ ਨਰਕ ਵਿਚ ਲੈ ਜਾਂਦੇ ਨੇ –

*ਅਰੜਾਵੈ ਬਿਲਲਾਵੈ ਨਿੰਦਕੁ ॥*
*ਪਾਰਬ੍ਰਹਮੁ ਪਰਮੇਸਰੁ ਬਿਸਰਿਆ*
*ਅਪਣਾ ਕੀਤਾ ਪਾਵੈ ਨਿੰਦਕੁ ॥*
*ਜੇ ਕੋਈ ਉਸ ਕਾ ਸੰਗੀ ਹੋਵੈ*
*ਨਾਲੇ ਲਏ ਸਿਧਾਵੈ ॥*
*ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ*
*ਅਗਨੀ ਮਾਹਿ ਜਲਾਵੈ ॥ ਅੰਗ – ੩੭੩*

ਨਿੰਦਕ ਜਦੋਂ ਕੁੰਭੀ ਨਰਕ ਵਿਚ ਜਾਂਦਾ ਹੈ ਤਾਂ ਉਥੇ ਸਾਥੀ ਨੂੰ ਵੀ ਨਾਲ ਹੀ ਲੈ ਜਾਂਦਾ ਹੈ। ਸੇਵਾ ਕਰਨ ਵਾਲਾ ਜਿਸ ਵਕਤ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ ਜਦੋਂ ਉਸ ਦੇ ਸੰਗੀ-ਸਾਥੀ ਉਦੀ ਸੇਵਾ ਕਰਨ ਵਾਲੇ, ਉਸ ਦੇ ਬਚਨ ਸੁਣਨ ਵਾਲੇ ਦਰਗਾਹ ਵਿਚ ਜਾਂਦੇ ਨੇ ਤਾਂ ਉਨ੍ਹਾਂ ਸਾਰਿਆਂ ਨੂੰ ਉਹ ਤਾਰ ਦਿਆ ਕਰਦਾ ਹੈ।

ਸੋ ਇਹ ਮੌਕਾ ਹੈ ਥੋੜ੍ਹੀ ਦੇਰ ਦਾ ਆਪਣੇ ਕੋਲ ਹੱਥ ਆਇਆ ਹੋਇਆ। ਮਹਾਰਾਜ ਕਹਿੰਦੇ ਮਨ ਦਾ ਤਾਂ ਕਾਗਜ਼ ਬਣਾ ਲੈ, ਪਿਆਰ ਦੀ ਸਿਆਹੀ ਬਣਾ ਲੈ, ਕਲਮ ਬਣਾ ਲੈ ਤੂੰ ਜੀਭ ਦੀ। ਇਸ ਦੇ ਨਾਲ ਲਿਖਣਾ ਕੀ ਹੈ – ਹਰੀ ਦਾ ਜਸ। ਹੁਣ ਜੋ ਤੁਸੀਂ ਤਿੰਨ ਘੰਟੇ ਲਗਾਤਾਰ ਕਰਦੇ ਰਹੇ ਹੋ ਇਹ ਹਰੀ ਦਾ ਜਸ ਲਿਖ ਰਹੇ ਸੀ। ਦੇਖਣਾ ਇਹ ਹੁੰਦਾ ਹੈ ਕਿ ਕਲਮ ਚੱਲ ਵੀ ਰਹੀ ਹੈ, ਸਿਆਹੀ ਠੀਕ ਵੀ ਹੈ, ਕਾਗਜ਼ ਹੈ ਵੀ ਕਿ ਨਹੀਂ ਜਾਂ ਐਵੇਂ ਲਕੀਰਾਂ ਕੱਢੀ ਜਾਂਦੇ ਨੇ ਧਰਤੀ ਤੇ। ਸੋ ਇਹ ਜ਼ਰੂਰੀ ਹੁੰਦਾ ਹੈ ਕਿ ਕਾਗਜ਼ ਹੋਣਾ ਚਾਹੀਦਾ ਹੈ ਲਿਖਣ ਵਾਸਤੇ। ਜੇ ਕਾਗਜ਼ ਹੱਥ ਵਿਚ ਨਹੀਂ ਤਾਂ ਲਿਖਾਂਗੇ ਕਾਹਦੇ ਉਤੇ? ਜੇ ਕਲਮ ਨਹੀਂ ਚਲਦੀ ਫੇਰ ਉਹ ਅੱਖਰ ਕਿਵੇਂ ਪਾਏਗੀ? ਸਿਆਹੀ ਲੈਂਦੀ ਨਹੀਂ ਉਹ ਤਾਂ ਲਕੀਰਾਂ ਕੱਢੀ ਜਾਏਗੀ। ਫੇਰ ਜੇ ਲਿਖਾਰੀ ਨਹੀਂ ਹੈ ਤਾਂ ਸਹੀ ਤਾਂ ਕਹਿੰਦੇ ਲਿਖੇਗਾ ਕੀ?

ਸੋ ਇਸ ਕਰਕੇ ਮਨ ਦਾ ਕਾਗਜ਼ ਬਣਾ ਕੇ, ਕਲਮ ਕਹਿੰਦੇ ਰਸਨਾ ਦੀ ਬਣਾ ਲੈ ਤੇ ਰਸਨਾ ਦੀ ਕਲਮ ਨਾਲ

ਲਿਖ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਦੋ ਘੰਟੇ-ਢਾਈ ਘੰਟੇ ਅੰਮ੍ਰਿਤ ਵੇਲੇ ਜਾਗ ਕੇ ਲਿਖਦਾ ਹੀ ਰਿਹਾ ਕਰ। ਇਹ ਐਸਾ ਲੇਖਾ ਹੈ -

*ਬਾਬਾ ਏਹੁ ਲੇਖਾ ਲਿਖਿ ਜਾਣੁ ॥*
*ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥*
*ਅੰਗ - ੧੬*

ਜਿਸ ਥਾਂ ਦੇ ਉਤੇ ਲੇਖੇ ਮੰਗੇ ਜਾਂਦੇ ਨੇ ਉਥੇ ਨਾਲ ਜਾਂਦਾ ਹੈ ਇਹ ਕਿ ਇਹ ਤਾਂ ਬਹੁਤ ਧਨੀ ਪੁਰਸ਼ ਆ ਗਿਆ ਕਿਉਂਕਿ ਇਸ ਨੇ ਇਹ ਲੇਖ ਲਿਖ ਲਏ ਜਿਹੜੇ ਦਰਗਾਹ ਦੇ ਵਿਚ ਜਾ ਕੇ ਸਹਾਇਤਾ ਕਰਦੇ ਨੇ। ਸੋ ਆਪ ਸਾਰਿਆਂ ਨੇ ਹਰੀ ਦਾ ਜਸ ਸਰਵਣ ਕੀਤਾ ਹੈ ਬ੍ਰਹਮ ਮਹੂਰਤ ਦਾ ਸਮਾਂ ਹੈ ਜਿਸ ਦੇ ਅੰਦਰ ਬੀਜਿਆਂ ਹੋਇਅ ਲੱਖਾਂ ਗੁਣਾਂ ਵਧਿਆ ਕਰਦਾ ਹੈ। ਵੱਤਰ ਦਾ ਬੀਜਿਆ ਹੋਇਆ ਵਧਿਆ ਕਰਦਾ ਹੈ, ਕੁਵੱਤਰ ਦਾ ਬੀਜਿਆ ਹੋਇਆ ਨਹੀਂ ਵਧਿਆ ਕਰਦਾ ਸਗੋਂ ਉਹ ਦਾਨਾ ਵੀ ਚਲਿਆ ਜਾਂਦਾ ਹੈ। ਸੋ ਮਹਾਰਾਜ ਕਹਿੰਦੇ ਜੋ ਅੰਮ੍ਰਿਤ ਵੇਲਾ ਹੈ ਇਹ ਨਾਮ ਬੀਜਣ ਦਾ ਵੇਲਾ ਹੈ। 9-10 ਵਜੇ ਤੋਂ ਦਫਤਰ ਵਿਚ ਕੰਮ ਕਰਨ ਦਾ ਵੇਲਾ ਹੁੰਦਾ ਹੈ। ਘਰ ਦੇ ਕਾਰੋਬਾਰ ਕਰਨੇ, ਬਿਜ਼ਨਸਾਂ ਕਰਨੀਆਂ, ਦੁਕਾਨਾਂ ਕਰਨੀਆਂ ਉਸ ਦਾ ਵੀ ਸਮਾਂ ਬੰਨ੍ਹਿਆ ਹੋਇਆ ਹੈ ਕਿ 9 ਵਜੇ ਦੁਕਾਨਾਂ ਖੁਲ੍ਹਣਗੀਆਂ, ਵਿਚਾਲੇ ਛੁੱਟੀ ਹੋਏਗੀ ਤੇ ਉਸ ਤੋਂ ਬਾਅਦ ਫੇਰ ਰਾਤ ਨੂੰ 8 ਵਜੇ ਬੰਦ ਹੋ ਜਾਣਗੀਆਂ, ਸਮਾਂ ਹੈ ਉਨ੍ਹਾਂ ਦਾ। ਪੜ੍ਹਨ ਵਾਲੇ ਬੱਚਿਆਂ ਦਾ ਸਮਾਂ ਹੁੰਦਾ ਹੈ। ਇਸੇ ਤਰ੍ਹਾਂ ਨਾਮ ਬੀਜਣ ਦਾ ਸਮਾਂ ਹੋਇਆ ਕਰਦਾ ਹੈ ਉਹ ਹੈ ਅੰਮ੍ਰਿਤ ਵੇਲਾ। ਮਹਾਰਾਜ ਕਹਿੰਦੇ ਨੇ ਕਿ ਉਦਮ ਕਰਕੇ ਉੱਠ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਅੰਗ - ੩੦੫*

ਉਹ ਨਾਮ ਦਾ ਧਿਆਨ ਕਰਦਾ ਹੈ ਫੇਰ ਇਹ ਨਾਮ ਲਿਖਿਆ ਹੋਇਆ ਮਹਾਰਾਜ ਕਹਿੰਦੇ ਦਰਗਾਹ ਵਿਚ ਆਪਣੇ-ਆਪ ਦਾ ਤਾਂ ਭਲਾ ਕਰਦਾ ਹੀ ਹੈ, ਜਿਹੜੇ ਨਾਲ ਹੁੰਦੇ ਨੇ ਉਨ੍ਹਾਂ ਦਾ ਵੀ ਭਲਾ ਕਰ ਦਿੰਦਾ ਹੈ।

***ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।***

(ਬਾਕੀ ਪੰਨਾ 5 ਦੀ ਬਾਕੀ )

ਵਧਦਾ ਹੀ ਜਾਵੇਗਾ। ਜਦੋਂ ਇਸ ਦਾ ਜੀਵ ਭਾਵ ਖਤਮ ਹੋ ਕੇ ਜੀਵਨ ਮੁਕਤ ਅਵਸਥਾ ਦੀ ਪ੍ਰਾਪਤੀ ਹੋ ਗਈ ਤਾਂ ਸਾਰਾ ਹੀ ਸੰਸਾਰ ਇਥੇ ਧੰਨ-ਧੰਨ ਕਰੇਗਾ ਅਤੇ ਦਰਗਾਹ ਵਿਚ ਵੀ ਦੇਵ ਲੋਕਾਂ ਵਿਚ ਧੰਨ-ਧੰਨ ਦੇ ਅਵਾਜ਼ੇ ਆਉਣਗੇ-

***ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥***
***ਪੰਨਾ - 136***

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥ ਪੰਨਾ - 283***

68 ਤੀਰਥਾਂ ਦਾ ਫਲ ਉਸਨੂੰ ਪ੍ਰਾਪਤ ਹੋ ਜਾਂਦਾ ਹੈ ਜੋ ਜੀਵਾਂ ਉਪਰ ਦਇਆ ਕਰਦੇ ਹਨ। ਮਹਾਰਾਜ ਜੀ ਦਾ ਫੁਰਮਾਨ ਹੈ ਕਿ ਕਿਸੇ ਜੀਵ ਨੂੰ ਦੁੱਖ ਨਾ ਦੇਹ। ਸਾਰੇ ਸੰਸਾਰ ਦਾ ਭਲਾ ਮਨਾ, ਇਸ ਤਰ੍ਹਾਂ ਕਰਨ ਨਾਲ ਪਤਿ ਦੇ ਨਾਲ ਤੂੰ ਗੁਰੂ ਲੋਕ ਵਿਚ ਜਾਵੇਂਗਾ - **ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥ ਪੰਨਾ - 322**

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਸਨੂੰ ਸੱਚ ਦੀ ਪ੍ਰਾਪਤੀ ਹੋ ਗਈ, ਉਹ ਸਾਰੇ ਜੀਵਾਂ ਤੇ ਦਇਆ ਕਰਕੇ ਪੁੰਨ ਦਾਨ ਕਰਦਾ ਹੈ। ਜਿਵੇਂ ਕਿ ਅੰਨ ਦਾਨ, ਵਸਤਰ ਦਾਨ, ਹਰੀ ਦੇ ਜਸ ਦਾ ਦਾਨ ਅਤੇ ਸਭ ਤੋਂ ਉਤਮ ਨਾਮ ਦਾਨ ਹੋਇਆ ਕਰਦਾ ਹੈ। ਸੋ ਦਇਆ ਧਾਰਨ ਕਰਨ ਨਾਲ 68 ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ -

***ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥***
***ਪੰਨਾ - 136***

ਜਿਸ ਨੂੰ ਵਾਹਿਗੁਰੂ ਜੀ ਦਇਆ ਕਰਕੇ ਆਪਣੇ ਸਾਧੂਆਂ ਦੀ ਸੰਗਤ ਬਖਸ਼ਦੇ ਹਨ, ਸਮਰੱਥ ਗੁਰੂ ਦੀ ਚਰਨ ਸ਼ਰਨ ਭੇਜਦੇ ਹਨ, ਉਹ ਗੁਰੂ ਤੋਂ ਨਾਮ ਪ੍ਰਾਪਤ ਕਰਕੇ ਉਸਦੀ ਕਮਾਈ ਕਰਦਾ ਹੈ, ਉਹ ਪੁਰਖ ਸੁਜਾਨ ਹੈ - **ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥ ਪੰਨਾ - 136**

ਕੁਰਬਾਨ ਜਾਂਦੇ ਹਾਂ ਉਨ੍ਹਾਂ ਪੁਰਸ਼ਾਂ ਤੋਂ, ਜਿਨ੍ਹਾਂ ਨੇ ਸਾਧੂ ਦੀ ਸੰਗਤ ਕਰਕੇ ਨਾਮ ਦੀ ਕਮਾਈ ਕੀਤੀ। ਅੰਦਰਲੀ ਖੋਜ ਕਰਕੇ ਆਤਮ ਮੰਡਲ ਵਿਚ ਪ੍ਰਵੇਸ਼ ਕਰਕੇ, ਉਨਮਨੀ ਮੰਡਲ ਵਿਚ ਪਹੁੰਚ ਕੇ ਆਪਣੀ ਆਤਮਾ ਨੂੰ ਵਾਹਿਗੁਰੂ ਜੀ ਵਿਚ ਅਭੇਦ ਕੀਤਾ -**ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ॥** ***ਪੰਨਾ - 136***

ਜਿਨ੍ਹਾਂ ਉਪਰ ਪੂਰਾ ਗੁਰੂ ਮਿਹਰਵਾਨ ਹੋ ਗਿਆ, ਉਹ ਪੁਰਖ ਪਵਿੱਤਰ ਗਿਣੇ ਜਾਂਦੇ ਹਨ। ਸੋ ਇਸ ਉਪਦੇਸ਼ ਤੋਂ ਗੁਰੂ ਮਹਾਰਾਜ ਜੀ ਨੇ ਅਸਾਨੂੰ ਮਾਘ ਦੇ ਮਹੀਨੇ ਦੇ ਇਸ਼ਨਾਨ ਬਾਰੇ ਗਿਆਤ ਕਰਾਇਆ ਅਤੇ ਦਰਿਆਵਾਂ ਤੇ ਜਾ ਕੇ ਦੂਰ-ਦੂਰ ਜਲ ਕੇ ਮਜਨ ਤੋਂ ਸੱਚ ਦੇ ਮਜਨ ਦੀ ਜਾਚ ਦਿੱਤੀ -

***ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥***
***ਪੰਨਾ - 136***

# 'ਜੈਸਾ ਸੰਗ ਤੈਸਾ ਰੰਗ'

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ- ੧੫)*

ਸੋ ਐਸੇ ਪੁਰਸ਼ ਜਿਨ੍ਹਾਂ ਨੇ ਸਾਰਾ ਧਨ ਲੁਟਾ ਦਿਤਾ, ਬੰਦਗੀ ਕਰਦੇ ਨੇ ਤੇ ਇਕ ਪਿੰਡ ਵਿਚ ਗੁਮਨਾਮ ਰਹਿੰਦੇ ਨੇ, ਲੇਕਿਨ ਨੇਕੀ ਜਿਹੜੀ ਹੈ ਉਹ ਛੁਪਦੀ ਨਹੀਂ। ਇਕ ਦਮ ਸਾਰੇ ਨਗਰ ਦੇ ਅੰਦਰ ਆਦਰ ਸਤਿਕਾਰ ਹੋਣ ਲਗ ਗਿਆ। ਕਹਿਣ ਲੱਗੇ, ਉਨ੍ਹਾਂ ਦੇ ਬਚਨਾਂ ਵਿਚ ਬੜੀ ਸਤਿਆ ਹੈ, ਬਚਨ ਕੋਈ ਨਾ ਕੋਈ ਕਰਨਾ ਹੀ ਹੈ, ਕੋਈ ਨਾ ਕੋਈ ਅਸ਼ੀਰਵਾਦ ਦੇਣੀ ਹੀ ਹੈ ਤੇ ਇਨ੍ਹਾਂ ਦੇ ਦਰਸ਼ਨਾਂ ਦੇ ਵਿਚ ਖਿੱਚ ਹੈ।

ਉਹ ਜਿਹੜਾ ਸੇਠ ਸੀ ਉਹ ਕਨਕੂਤ ਕਰਾਉਣ ਗਿਆ, ਘਰੋਂ ਸੁਨੇਹਾ ਆ ਗਿਆ ਕਿ ਸਾਡਾ ਸੰਦੇਸਾ ਸੁਣਦੇ ਸਾਰ ਰੋਟੀ ਖਾਂਦਾ ਹੈਂ ਤਾਂ ਹੱਥ ਤੇ ਰੱਖ ਲਈਂ, ਬਾਹਰ ਆ ਕੇ ਮੁਕਾਈਂ, ਜੇ ਜੋੜਾ ਨਹੀਂ ਪਾਇਆ ਤਾਂ ਉਵੇਂ ਜਿਵੇਂ ਤੁਰ ਆਈਂ, ਪਰ ਜਲਦੀ ਆ ਜਾਈਂ। ਨੌਂ ਵੱਜੇ ਸੀ ਰਾਤ ਦੇ, ਸੇਠ ਦਾ ਪਿੰਡ ਦੂਰ ਸੀ, ਹਨ੍ਹੇਰੀ ਰਾਤ ਸੀ। ਉਸ ਵੇਲੇ ਮੁਨੀਮ ਨੂੰ ਪੁੱਛਿਆ ਕਿ ਮੇਰੇ ਨਾਲ ਕੋਈ ਮੇਰਾ ਬੈਗ ਲੈ ਚੱਲੇ। ਮੁਨੀਮ ਨੇ ਕਿਹਾ ਪੁੱਛ ਲੈਂਦੇ ਹਾਂ। ਕਹਿੰਦੇ, ਇਸ ਵੇਲੇ ਤਾਂ ਨਹੀਂ ਅਸੀਂ ਜਾਂਦੇ ਕੋਈ ਵੀ। ਜਦੋਂ ਨਿਰਾਸ ਹੋ ਗਿਆ ਤਾਂ ਕਹਿੰਦੇ ਜੀ ਇਥੇ ਇਕ ਗੁਰੂ ਨਾਨਕ ਸਾਹਿਬ ਦਾ ਸਿੱਖ ਰਹਿੰਦਾ ਹੈ, ਉਹਨੂੰ ਵਾਸਤਾ ਪਾ ਕੇ ਦੇਖ ਲੈਂਦੇ ਹਾਂ। ਕਹਿੰਦੇ, ਗੁਰੂ ਨਾਨਕ ਦਾ ਹੀ ਵਾਸਤਾ ਪਾ ਦਿਓ। ਉਥੇ ਗਏ ਤਾਂ ਉਹ ਭਜਨ ਕਰ ਰਹੇ ਸੀ। ਜਾ ਕੇ ਆਵਾਜ਼ ਦਿਤੀ ਤਾਂ ਉਹ ਬਾਹਰ ਆਏ, ਪੁੱਛਣ ਲੱਗੇ ਕੀ ਗੱਲ ਹੈ ਪ੍ਰੇਮੀਓ? ਕਹਿੰਦੇ, ਸੇਠ ਜੀ ਦਾ ਕੋਈ ਕੰਮ ਆ ਗਿਆ, ਮਜ਼ਦੂਰੀ ਦੇ ਦੇਵਾਂਗੇ। ਕਹਿੰਦੇ ਲੱਗੇ, ਦੇਖੋ! ਅਸੀਂ ਮਜ਼ਦੂਰੀ ਦਿਨ ਵਿਚ ਕਰਦੇ ਹਾਂ ਰਾਤ ਨੂੰ ਨਹੀਂ ਕਰਦੇ। ਹੁਣ ਸਿਮਰਨ ਦੀ ਵੇਲਾ ਹੈ, ਭਜਨ ਕਰਨ ਦੀ। ਇਹ ਅਸੀਂ ਕਿਸੇ ਕੀਮਤ ਤੇ ਵੀ ਛੱਡਣ ਨੂੰ ਤਿਆਰ ਨਹੀਂ। ਕਹਿਣ ਲੱਗੇ, ਗੁਰਸਿੱਖਾ! ਗੁਰੂ ਨਾਨਕ ਦਾ ਵਾਸਤਾ ਪਾ ਕੇ ਕਹਿੰਦੇ ਹਾਂ, ਕਿਉਂਕਿ ਐਸ ਵੇਲੇ ਕੋਈ ਨਹੀਂ ਨਾਲ ਜਾ ਰਿਹਾ। ਕਹਿਣ ਲੱਗੇ ਕਿ ਮੇਰੇ ਸਤਿਗੁਰੂ ਦਾ ਵਾਸਤਾ ਹੈ ਤਾਂ ਫੇਰ ਮੇਰੀ ਕੀ ਤਾਕਤ ਹੈ, ਇਥੇ ਠਹਿਰ ਜਾਵਾਂ। ਨਾਲ ਹੋ ਲਏ ਤੇ ਬੈਗ ਚੁੱਕ ਲਿਆ। ਜਦੋਂ ਬਾਹਰ ਗਏ ਤਾਂ ਸੇਠ ਨੇ ਕਿਹਾ ਕਿ ਜੇ ਬੋਲ ਬਰਾਲਾ ਨਾ ਹੋਇਆ ਤਾਂ ਚੋਰ ਆ ਜਾਣਗੇ। ਹਨ੍ਹੇਰੀ ਰਾਤ ਹੈ ਕਿ ਬੋਲਦੇ ਚੱਲੀਏ। ਸੋ ਉਸ ਵੇਲੇ ਗੱਲ੍ਹਾਂ ਐਧਰਲੀਆਂ ਉਧਰਲੀਆਂ ਕਰਨ ਲੱਗਿਆ ਤਾਂ ਗੁਰਸਿੱਖ ਨੇ ਬੈਗ ਰੱਖ ਦਿਤਾ ਤੇ ਕਿਹਾ ਲੈ ਸੇਠ ਜੀ! ਆਪਣਾ ਬੈਗ ਚੁੱਕ ਮੈਂ ਤਾਂ ਨਹੀਂ ਜਾਣਾ। ਕਹਿੰਦੇ, ਕਿਉਂ? ਕਹਿਣ ਲੱਗੇ, ਤੂੰ ਤਾਂ ਫਜ਼ੂਲ ਗੱਲਾਂ ਕਰਦਾ ਹੈਂ। ਇਹ ਤਾਂ ਸਾਰੀਆਂ ਨਰਕਾਂ ਨੂੰ ਪਹੁੰਚਾਉਣ ਵਾਲੀਆਂ ਨੇ, ਤੂੰ ਨਿੰਦਿਆ ਕਰਨ ਲੱਗ ਗਿਆ ਦੂਜਿਆਂ ਦੀ। ਕਿਸੇ ਦੀ ਲੜਕੀ ਨੂੰ ਮਾੜਾ ਕਹਿੰਦਾ ਹੈਂ, ਕਿਸੇ ਦੇ ਲੜਕੇ ਨੂੰ ਮਾੜਾ ਕਹਿੰਦਾ ਹੈਂ। ਦੇਖ! ਜੇ ਮੇਰੇ ਨਾਲ ਚੱਲਣਾ ਹੈ ਤਾਂ ਪ੍ਰਮੇਸ਼ਰ ਦੇ ਬਚਨ ਕਰ। ਕਹਿੰਦਾ, ਗੁਰਸਿੱਖਾ! ਮੈਂ ਤਾਂ ਨਾ ਰੱਬ ਵਿਚ ਯਕੀਨ ਰੱਖਦਾ ਹਾਂ ਕਿ ਹੈਗਾ ਤੇ ਨਾ ਮੈਂ ਅਗਲੀ ਦਰਗਾਹ ਦੇ ਵਿਚ ਯਕੀਨ ਰੱਖਦਾ ਹਾਂ। ਪਰ ਤੇਰੀ ਜੋ ਸ਼ਰਤ ਹੈ ਇਹ ਮੈਨੂੰ ਮੰਨਣੀ ਹੀ ਪੈਣੀ ਹੈ, ਤੂੰ ਬਚਨ ਕਰੀ ਜਾਹ ਮੈਂ ਹੁੰਗਾਰਾ ਭਰੀ ਜਾਵਾਂਗਾ। ਸੋ ਉਸ ਵੇਲੇ ਗੁਰਸਿੱਖ ਬਚਨ ਕਰੀ ਜਾਂਦਾ ਹੈ, ਹੌਲੀ-ਹੌਲੀ ਮਨ ਵਿਚ ਆਇਆ ਕਿ ਇਹ ਭਗਤੀ ਵਲ ਲਗ ਜਾਵੇ, ਇਹਦਾ ਕੁੱਛ ਭਲਾ ਹੋ ਜਾਵੇ। ਅੰਦਰੋਂ ਜਾਣਦੇ ਨੇ ਕਿ ਇਹ ਤਾਂ ਚੰਦ ਦਿਨ ਦਾ ਮਹਿਮਾਨ ਹੋਰ ਹੈ। ਕਿਉਂਕਿ ਅੰਦਰ ਸ਼ਕਤੀ ਸੀ ਬੇਅੰਤ ਹੀ, ਲਕੋਈ ਬੈਠੇ ਸੀ।

ਸੋ ਜਿਸ ਵਕਤ ਘਰ ਚਲਿਆ ਗਿਆ, ਸੇਠ ਨੇ ਮਜ਼ਦੂਰੀ ਦਿਤੀ, ਕਹਿੰਦਾ ਗੁਰਸਿੱਖਾ! ਹੁਣ ਨਾ ਜਾਈਂ। ਉਸ ਨੇ ਕਿਹਾ ਕਿ ਮੈਂ ਇਸ਼ਨਾਨ ਕਰਨਾ ਹੈ ਭਾਈ। ਸੇਠ ਨੇ ਕਿਹਾ ਕਿ ਸਭ ਇਥੇ ਹੈਗਾ। ਸੋ ਇਸ਼ਨਾਨ ਕਰਿਆ, ਜਦੋਂ ਅੰਮ੍ਰਿਤ ਵੇਲੇ ਜਾਣ ਲੱਗੇ, ਜਾ ਕੇ ਵਾਪਸ ਆ ਗਏ, ਸੇਠ ਨੇ ਕਿਹਾ ਕਿ ਮਜ਼ਦੂਰੀ ਥੋੜ੍ਹੀ ਦਿਤੀ ਹੈ, ਹੋਰ ਦੇ ਦਿਓ ਦੋ ਆਨੇ। ਜਦੋਂ ਮਜੂਰੀ ਦੇਣ ਲੱਗੇ ਉਹ ਕਹਿਣ ਲੱਗੇ ਕਿ ਮੈਂ ਮਜੂਰੀ ਵਾਸਤੇ ਨਹੀਂ ਆਇਆ ਇਕ ਪਾਸੇ ਹੋ, ਬਾਹਰ ਕਰਕੇ ਸੇਠ ਨੂੰ ਕਹਿਣ ਲੱਗੇ, ਤੁਹਾਡਾ ਸਾਰਾ ਜਨਮ ਜਿਹੜਾ ਹੈ ਨਾ ਇਹ ਬਿਰਥਾ ਚਲਿਆ ਗਿਆ। ਅੱਜ ਤੋਂ ਸੱਤਵੇਂ ਨੂੰ ਤੁਹਾਨੂੰ ਜਮਦੂਤ ਲੈਣ ਆਉਣਗੇ, ਸਫਰ ਤੁਹਾਡਾ ਖਤਮ ਹੋ ਗਿਆ, ਜਿਹੜਾ ਦਿਨ ਸਾਰਿਆਂ ਤੇ ਆਉਣਾ ਹੈ, ਉਹ ਤੁਹਾਡੇ ਤੇ ਵਿਚ ਆ ਰਿਹਾ ਹੈ। ਉਹ ਤੁਹਾਨੂੰ ਮਾਰਦੇ ਕੁੱਟਦੇ ਲੈ ਜਾਣਗੇ ਤੇ ਦਰਗਾਹ ਦੇ ਵਿਚ ਜਾ ਕੇ ਤੁਹਾਡੇ ਕਰਮਾਂ ਦਾ ਫਲ ਨਰਕ ਹੈ ਤੇ ਹੁਣ ਜਿਹੜੀ ਤੁਸੀਂ ਸੰਗਤ ਕੀਤੀ ਹੈ ਨਾ, ਸਾਡੇ ਨਾਲ ਗੁਰੂ ਨਾਨਕ ਸਾਹਿਬ ਦੇ ਬਚਨ ਸੁਣੇ ਨੇ, ਬਾਣੀ ਦੀ ਵਿਚਾਰ ਸੁਣੀ ਹੈ, ਇਕ ਕੀਮਤੀ ਸਮਾਂ ਤੁਹਾਡੀ ਜ਼ਿੰਦਗੀ 'ਚ ਹੈ, ਇਹਦਾ ਫਲ ਤੁਹਾਨੂੰ ਮਿਲਣਾ ਹੈ ਤੇ ਤੁਸੀਂ ਭੁੱਲਣਾ ਨਾ ਤੇ ਇਹ ਗੱਲ ਕਹਿ ਦੇਣਾ ਕਿ ਮੈਨੂੰ ਉਸ ਥਾਂ ਦੇ ਦਰਸ਼ਨ ਕਰਾ ਦਿਓ ਜਿਸ ਨੂੰ ਸੰਤ ਮੰਡਲ ਕਹਿੰਦੇ ਨੇ ਦਰਗਾਹ ਦਾ। ਬੱਸ ਫੇਰ ਅਗਲੀ

ਗੱਲ ਮੈਂ ਆਪੇ ਜਾਣੂੰ।

ਕਹਿੰਦਾ ਮੈਂ ਸੱਚੀਂ ਮਰ ਜਾਣਾ ਹੈ?

ਕਹਿੰਦੇ, ਹਾਂ ਤੂੰ ਸੱਚੀਂ ਮਰ ਜਾਣਾ ਹੈ ਤੇ ਤੈਨੂੰ ਅੱਗੇ ਜਾ ਕੇ ਪਤਾ ਲੱਗੇਗਾ ਕਿ ਅੱਗੇ ਕੀ ਬਣਦਾ ਹੈ।

ਸੋ ਸੱਤਵਾਂ ਦਿਨ ਆਇਆ ਚੜ੍ਹਾਈ ਕਰ ਗਿਆ, ਜਮਦੂਤ ਆ ਗਏ –

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥*
*ਤਉ ਸਹ ਸੇਤੀ ਲਗੜੀ ਡੋਰੀ*
*ਨਾਨਕ ਅਨਦ ਸੇਤੀ ਬਨੁ ਗਾਹੀ ॥ ਅੰਗ – ੫੨੦*

ਪਾਪੀ ਲੋਕ ਕੂਕਾਂ ਮਾਰਦੇ ਜਾਂਦੇ ਨੇ।

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*
*ਅੰਗ – ੧੨੮੧*

ਜੇ ਤਾਂ ਸਤਿਗੁਰੂ ਹੈ ਤਾਂ ਤਾਂ ਕੱਢ ਲੈਂਦਾ ਹੈ ਨਹੀਂ ਤਾਂ ਫੇਰ ਨਰਕ ਘੋਰ ਵਿਚ ਜਾ ਕੇ ਪਛਤਾਉਣਾ ਹੀ ਪਛਤਾਉਣਾ ਰਹਿੰਦਾ ਹੈ। ਇਸ ਤਰ੍ਹਾਂ ਨਾਲ ਮਹਾਰਾਜ ਫੁਰਮਾਨ ਕਰਦੇ ਨੇ।

ਧਾਰਨਾ – ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ, ਫੇਰ ਤੇਰਾ ਕੋਈ ਨਾ ਬਣੇ।

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ – ੪੬੪*

ਦਿਨ ਆ ਗਿਆ –

*ਇਕ ਰਤੀ ਬਿਲਮ ਨ ਦੇਵਨੀ*
*ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ ॥*
*ਅੰਗ – ੭੮*

ਕਹਿੰਦੇ, ਐਨੇ ਮਜ਼ਬੂਤ ਹੱਥ ਪੈਂਦੇ ਨੇ, ਨਾ ਕੋਈ ਡਾਕਟਰ ਨਾ ਕੋਈ ਹੋਰ, ਉਹ ਤਾਂ ਕਹਿੰਦੇ ਇਕ ਸਾਹ ਜਿਹੜਾ ਬਾਹਰ ਨੂੰ ਗਿਆ ਹੈ ਅੰਦਰ ਨੂੰ ਨਹੀਂ ਦੁਬਾਰਾ ਆਉਂਦਾ। ਮਾਰ ਕੁੱਟ ਪੈਂਦੀ ਜਾਂਦੀ ਹੈ, ਜਦੋਂ ਧਰਮਰਾਜ ਦੇ ਪੇਸ਼ ਕਰ ਦਿਤਾ। ਬਾਰ-ਬਾਰ ਬਚਨ ਯਾਦ ਕਰਦਾ ਹੈ ਕਿ ਮੈਂ ਉਹ ਭੁੱਲ ਨਾ ਜਾਵਾਂ। ਚਿਤ੍ਰਗੁਪਤਾ ਨੂੰ ਕਿਹਾ ਉਨ੍ਹਾਂ ਨੇ ਕਿਹਾ ਕਿ ਜੀ ਇਹਦੇ ਤਾਂ ਸਾਰੇ ਲੇਖ ਕਾਲੇ ਨੇ, ਨਾਸਤਕ ਪੁਰਸ਼ ਹੈ, ਪ੍ਰਮੇਸ਼ਰ ਨੂੰ ਮੰਨਿਆ ਨਹੀਂ, ਗਰੀਬਾਂ ਨਾਲ ਧੋਖੇ ਕਰਦਾ ਰਿਹਾ ਹੈ, ਵਿਆਜ ਲੈਂਦਾ ਰਿਹਾ ਹੈ, ਕਿਸੇ ਦੇ ਰੋਣ ਕੁਰਲਾਉਣ ਦੀ ਪਰਵਾਹ ਨਹੀਂ ਕੀਤੀ, ਸਾਰੀ ਜ਼ਿੰਦਗੀ ਵਿਸ਼ੇ ਵਿਕਾਰਾਂ ਵਿਚ ਲੰਘੀ ਹੈ ਇਸਦੀ। ਧਰਮਰਾਜ ਕਹਿਣ ਲੱਗਿਆ ਕਿ ਕੋਈ ਨੇਕ ਕੰਮ ਜ਼ਿੰਦਗੀ ਦੇ ਅੰਦਰ? ਕਹਿੰਦੇ, ਇਕ ਨੇਕ ਕੰਮ ਹੈ, ਗੁਰੂ ਨਾਨਕ ਪਾਤਸ਼ਾਹ ਦੇ ਇਕ ਬੀਤਰਾਗ ਮਹਾਂਪੁਰਸ਼ ਸੰਗਤ ਇਹਨੇ ਥੋੜ੍ਹੀ ਦੇਰ ਕਰੀ ਹੈ ਇਹਨੇ।

ਕਹਿੰਦੇ, ਉਹਦਾ ਤਾਂ ਫਲ ਫੇਰ ਦੇਣਾ ਹੀ ਹੈ। ਕਹਿੰਦੇ, ਦੇਖ ਐ ਜੀਵ ਤੇਰੀ ਸਾਰੀ ਜ਼ਿੰਦਗੀ ਜਿਹੜੀ ਹੈ ਨਾ, ਕਾਲੇ ਲੇਖੇ ਵਾਲੀ ਜ਼ਿੰਦਗੀ ਹੈ। ਮਹਾਰਾਜ ਐਸਾ ਫੁਰਮਾਨ ਕਰਦੇ ਨੇ –

*ਧਾਰਨਾ – ਕਾਲੇ ਲੇਖ ਨਾ ਲਿਖੀ ਓਏ ਮਨਾਂ ਮੇਰਿਆ,*
*ਲੇਖਾ ਦੇਣਾ ਔਖਾ ਹੋ ਜਾਏਗਾ।*

*ਫਰੀਦਾ ਜੇ ਤੂ ਅਕਲਿ ਲਤੀਫੁ*
*ਕਾਲੇ ਲਿਖੁ ਨ ਲੇਖ ॥*
*ਆਪਨੜੇ ਗਿਰੀਵਾਨ ਮਹਿ*
*ਸਿਰੁ ਨੀਂਵਾਂ ਕਰਿ ਦੇਖੁ ॥ ਅੰਗ – ੧੩੭੮*

ਕਹਿਣ ਲੱਗੇ, ਹੇਠਾਂ ਨੂੰ ਮੂੰਹ ਕਰਕੇ ਝਾਕ ਕਿੰਨੇ ਕੁ ਕਾਲੇ ਲੇਖ ਲਿਖਦਾ ਹੈਂ। ਜੇ ਤੇਰੀ ਅਕਲ ਕਾਇਮ ਹੈ ਤਾਂ ਕਾਲੇ ਲੇਖ ਨਾ ਲਿਖੀਂ। ਕਿਉਂਕਿ ਲੇਖਾ ਦੇਣਾ ਬਹੁਤ ਔਖਾ ਹੋ ਜਾਏਗਾ।

*ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ॥*
*ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥*
*ਅੰਗ – ੧੩੭੫*

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥ ਅੰਗ – ੨੫੨*

ਸੋ ਇਸ ਤਰ੍ਹਾਂ ਸਮਾਂ ਆ ਗਿਆ, ਧਰਮਰਾਜ ਨੇ ਕਿਹਾ, ਇਹ ਤਾਂ ਸਾਰਾ ਹੀ ਮਹਾਂਪਾਪੀ ਹੈ, ਕੇਵਲ ਥੋੜ੍ਹੀ ਜਿਹੀ ਸੰਗਤ ਕਰੀ ਹੈ। ਕਹਿਣ ਲੱਗੇ ਐ ਜੀਵ! ਤੂੰ ਦੋਹਾਂ ਦੇ ਵਿਚੋਂ ਕਿਹਦਾ ਫਲ ਪਹਿਲਾਂ ਚਾਹੁੰਦਾ ਹੈਂ। ਕਹਿਣ ਲੱਗਿਆ, ਮਹਾਰਾਜ! ਮੈਨੂੰ ਸਤਿਸੰਗ ਦਾ ਫਲ ਪਹਿਲਾਂ ਦੇ ਦਿਓ।

ਕਿਸ ਤਰ੍ਹਾਂ ਚਾਹੁੰਦਾ ਹੈਂ?

ਕਿਉਂਕਿ ਸੱਚੀ ਦਰਗਾਹ ਹੈ ਉਥੇ ਕੋਈ ਝੂਠ ਝਾਠ ਚਲਦਾ ਹੀ ਨਹੀਂ ਹੈ।

*ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥*
*ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥*
*ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥*
*ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥*
*ਲਿਖਿ ਨਾਵੈ ਧਰਮੁ ਬਹਾਲਿਆ ॥ ਅੰਗ – ੪੬੩*

ਕਹਿਣ ਲੱਗਿਆ, ਮਹਾਰਾਜ! ਮੈਨੂੰ ਸੰਤ ਮੰਡਲ ਦੇ ਦਰਸ਼ਨ ਕਰਾ ਦਿਓ, ਇਹੀ ਫਲ ਬਹੁਤ ਹੈ। ਹੁਕਮ ਕਰ

ਦਿਤਾ ਜਮਦੂਤਾਂ ਨੂੰ ਕਿ ਜਾਓ ਐਨਾ ਸਮਾਂ ਇਹਦਾ ਹੈ, ਉਥੇ ਰਹਿਣ ਦਾ। ਤਾਕੀਦ ਕਰ ਦਿਤੀ ਕਿ ਐਨੇ ਸਮੇਂ ਤੋਂ ਬਾਅਦ ਤੂੰ ਵਾਪਸ ਆਪੇ ਹੀ ਆ ਜਾਈਂ, ਇਥੇ ਫੇਰ ਤੇਰੇ ਬਾਕੀ ਕਰਮਾਂ ਦਾ ਜੋ ਫਲ ਹੈ ਤੇਰਾ ਉਹ ਭੁਗਤਾਇਆ ਜਾਏਗਾ। ਨਰਕ ਵੀ ਦਿਖਾ ਦਿਤੇ, ਵੇਰਵਾ ਵੀ ਦੱਸ ਦਿਤਾ ਉਨ੍ਹਾਂ ਦਾ, ਡਰ ਗਿਆ ਬਹੁਤ ਇਹ।

ਜਿਸ ਵਕਤ ਸੰਤ ਮੰਡਲ ਵਿਚ ਚਲਿਆ ਜਾਂਦਾ ਹੈ ਤਾਂ ਜਾ ਕੇ ਕੀ ਦੇਖਦਾ ਹੈ ਕਿ ਉਹ ਗੁਰਸਿੱਖ ਉਥੇ ਹੀ ਪਹੁੰਚੇ ਹੋਏ ਨੇ। ਜਾਣੂੰ ਪਛਾਣੂੰ ਮਿਲ ਗਿਆ, ਕਹਿਣ ਲੱਗੇ ਕਿ ਆ ਗਿਆ ਬਈ ਸੇਠ? ਕਹਿੰਦਾ ਹਾਂ ਜੀ।

ਕਹਿਣ ਲੱਗਿਆ, ਤੁਸੀਂ?

ਕਹਿਣ ਲੱਗੇ, ਮੈਂ ਤਾਂ ਤੇਰੇ ਕੋਲੋਂ ਜਾ ਕੇ ਤੀਜੇ ਦਿਨ ਹੀ ਸਰੀਰ ਛੱਡ ਦਿਤਾ ਸੀ। ਕਿਉਂਕਿ ਮੇਰਾ ਸਮਾਂ ਆ ਚੁੱਕਿਆ ਸੀ।

ਕਿਉਂਕਿ ਮੌਤ ਜਿਹੜੀ ਹੈ ਇਹ ਇਕ ਤਾਂ ਸਮਾਂ, ਇਕ ਸਥਾਨ, ਇਕ ਕਾਰਨ; ਤਿੰਨ ਚੀਜ਼ਾਂ ਮਿਲਣ ਤਾਂ ਆਉਂਦੀ ਹੁੰਦੀ ਹੈ। ਜੇ ਦੋ ਮਿਲਣ ਤੀਜੀ ਨਾ ਮਿਲੇ ਫੇਰ ਨਹੀਂ ਆਉਂਦੀ। ਫੇਰ ਕਾਲ ਭਗਵਾਨ ਰੱਖਿਆ ਕਰਦਾ ਹੈ। ਜਾਣ ਨਹੀਂ ਦਿੰਦਾ। ਸੋ ਸਮਾਂ ਆ ਗਿਆ, ਸਮਾਂ ਸਭ ਦਾ ਹੀ ਆਉਣਾ ਹੈ, ਕੌਣ ਹੈ ਜਿਹਦਾ ਸਮਾਂ ਨਹੀਂ ਆਉਣਾ। ਵੱਡੇ-ਵੱਡੇ ਸੰਸਾਰ ਆਏ, ਰਾਵਣ ਜਿਹਨੂੰ ਕਹਿੰਦੇ ਸੀ ਕਿ ਕਾਲ ਪਾਵੇ ਨਾਲ ਬੰਨ੍ਹ ਲਿਆ, ਉਹਨੂੰ ਵੀ ਸਮੇਂ ਤੇ ਜਾਣਾ ਹੀ ਪੈਣਾ ਹੈ।

ਸੋ ਬਿਠਾ ਲਿਆ, ਚਿੱਤ ਨਹੀਂ ਲਗਦਾ, ਕਿਉਂਕਿ ਸੰਸਕਾਰ ਐਸੇ ਨੇ। ਬਾਰ-ਬਾਰ ਜਮਦੂਤਾਂ ਵਲ ਦੇਖੀ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਉਥੇ ਕੀ ਦੇਖਦਾ ਹਾਂ? ਕਹਿੰਦਾ, ਉਹ ਇਸ਼ਾਰੇ ਕਰਦੇ ਨੇ ਮਹਾਰਾਜ। ਪਹਿਲਾਂ ਮੈਨੂੰ ਬਹੁਤ ਮਾਰ ਪਈ ਹੈ, ਹੁਣ ਮੈਨੂੰ ਫੇਰ ਮਾਰਨਗੇ। ਕਹਿਣ ਲੱਗੇ, ਹੁਣ ਤਾਂ ਤੂੰ ਨਰਕਾਂ 'ਚ ਹੀ ਜਾਣਾ ਹੈ, ਹੁਣ ਤੂੰ ਬਚਨ ਮੰਨ ਜਿਥੇ ਤੂੰ ਪਹੁੰਚ ਚੁੱਕਿਆ ਹੈਂ ਨਾ ਇਥੇ ਜਮਦੂਤਾਂ ਦੀ ਤਾਕਤ ਨਹੀਂ ਹੈ ਕਿ ਜਮਦੂਤ ਇਥੇ ਆ ਸਕਣ। ਕਿਉਂਕਿ ਐਸਾ ਫੁਰਮਾਨ ਹੈ -

***ਧਾਰਨਾ - ਪਿਆਰੇ ਜੀ, ਉਥੇ ਜਮ ਨੇੜ ਨਾ ਆਵੇ,***
***ਜਿਥੇ ਵਸਦੇ ਰਾਮ ਪਿਆਰੇ।***

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥***
***ਅੰਗ - ੨੫੬***

ਹਰੀ ਦਾ ਜਸ ਹੁੰਦਾ ਹੋਵੇ। ਧਰਮਰਾਜ ਕਹਿੰਦਾ ਹੈ -

***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥***
***ਅੰਗ - ੨੫੬***

ਜਿਥੇ ਹਰੀ ਦੇ ਪਿਆਰੇ ਬੈਠੇ ਹੋਣ, ਹਰੀ ਦਾ ਜਸ ਕਰਦੇ ਹੋਣ ਐ ਜਮਦੂਤੋ! ਓਸ ਥਾਂ ਤੇ ਤੁਸੀਂ ਨਹੀਂ ਜਾਣਾ, ਜੇ ਚਲੇ ਗਏ ਤਾਂ ਮੈਂ ਤੇ ਤੁਸੀਂ ਦੋਨੋਂ ਹੀ ਫਸ ਜਾਵਾਂਗੇ, ਆਪਾਂ ਛੁੱਟ ਨਹੀਂ ਸਕਣਾ ਕਿਉਂਕਿ ਨਿਰੰਕਾਰ ਦੇ ਹੁਕਮ ਦੀ ਅਵੱਗਿਆ ਕਰਾਂਗੇ।

ਐਸੀਆਂ ਮਿਸਾਲਾਂ ਨੇ ਬੰਗਾਲ ਦੀ ਇਕ ਮਹਾਤਮਾ ਅਨੰਦਮਈ ਮਾਂ ਹੋਈ ਹੈ, ਚੰਡੀਗੜ੍ਹ ਵੀ ਆਏ ਸੀ ਉਹ। ਦੇਹਰਾਦੂਨ ਮੈਂ ਮਿਲਿਆ ਸੀ ਮੈਂ, ਬਹੁਤ ਛੋਟਾ ਸੀ ਉਦੋਂ ਮੈਂ। ਉਹ ਬਨਾਰਸ ਨੇ, ਇਕ ਬੱਚਾ ਖੇਡਦਾ ਫਿਰਦਾ ਹੈ, ਉਹਦੇ ਵਲ ਝਾਕੀ ਜਾਂਦੇ ਨੇ, ਉਸ ਸੇਠ ਨੇ ਜਿਸਦਾ ਪੁੱਤਰ ਸੀ ਉਸ ਨੇ ਪੁੱਛਿਆ, ਕਹਿੰਦਾ ਮਹਾਰਾਜ! ਆਪ ਬੱਚੇ ਵਲ ਬੜਾ ਇੰਟਰਸਟ ਲੈ ਰਹੇ ਹੋ?

ਕਹਿੰਦੇ ਹਾਂ।

ਕਹਿੰਦਾ, ਮਹਾਰਾਜ ਸਾਨੂੰ ਵੀ ਕੁੱਛ ਦੱਸੋ? ਕੋਈ ਅਗੰਮ ਦੀ ਗੱਲ ਹੈ ਸਾਨੂੰ ਵੀ ਦੱਸੋ?

ਮਾਂ ਕਹਿਣ ਲੱਗੀ ਕਿ ਏਸ ਬੱਚੇ ਨਾ ਰਾਤ ਨੂੰ ਢਾਈ ਵਜੇ ਚੜ੍ਹਾਈ ਕਰ ਜਾਣੀ ਹੈ। ਅਸੀਂ ਐਉਂ ਪ੍ਰਭੂ ਦਾ ਹੁਕਮ ਦੇਖਦੇ ਹਾਂ ਕਿ ਹੁਣ ਖੇਡਦਾ ਫਿਰਦਾ ਹੈ ਤੇ ਕਲ੍ਹ ਨੂੰ ਇਥੇ ਹੀ ਮਾਤਮ ਹੋ ਜਾਣਾ ਹੈ।

ਸੇਠ ਨੇ ਬਚਨ ਸੰਭਾਲ ਲਿਆ ਕਿ ਮਹਾਰਾਜ! ਕ੍ਰਿਪਾ ਕਰੋ। ਬਾਰ-ਬਾਰ ਬੇਨਤੀਆਂ ਕਰਦਾ ਹੈ। ਅਖੀਰ ਉਨ੍ਹਾਂ ਨੇ ਕਿਹਾ ਕਿ ਦੇਖੋ ਅਖੰਡ ਜਾਪ ਅਸੀਂ ਨਾਮ ਦਾ ਦੱਸ ਦਿੰਦੇ ਹਾਂ, ਜਿਥੇ ਨਾਮ ਦਾ ਮੰਡਲ ਹੋਵੇ ਉਥੇ ਜਮਦੂਤ ਨਹੀਂ ਆਉਂਦੇ। ਉਹ ਸਮਾਂ ਵਿਚਾਰ ਕੇ ਤੁਰ ਜਾਣਗੇ, ਇਹਦੀ ਜ਼ਿੰਦਗੀ ਵੱਧ ਜਾਏਗੀ।

ਏਸੇ ਤਰ੍ਹਾਂ ਕੀਤਾ, ਸਾਰੇ ਸਾਧੂ ਸੰਤਾਂ ਨੂੰ ਬਿਠਾ ਦਿਤਾ। ਕੋਠੀ ਦੇ ਉਤੇ ਵੀ ਬਿਠਾ ਦਿਤਾ, ਬਾਗ ਵਿਚ ਵੀ ਬਿਠਾ ਦਿਤੇ। ਉਸ ਬੱਚੇ ਨੂੰ ਕੁੰਡਲ ਵਿਚ ਲੈ ਲਿਆ, ਵਿਚਾਲੇ ਲੈ ਲਿਆ ਤੇ ਉਹਦੇ ਆਲੇ ਦੁਆਲੇ ਨਾਮ ਜਪੀ ਜਾਂਦੇ ਨੇ। ਜਦੋਂ ਢਾਈ ਵੱਜੇ ਤਾਂ ਇਕ ਮਹਾਤਮਾ ਨੇ ਦੇਖ ਲਿਆ ਕਿ ਆਹ ਦੋ ਬੰਦੇ ਖੜ੍ਹੇ ਨੇ, ਇਕ ਦੇ ਕੱਛ ਵਿਚ ਵਹੀ ਤੇ ਇਕ ਇਸ਼ਾਰਾ ਕਰਦਾ ਹੈ ਕਿ ਔਹ ਹੈ। ਦੂਸਰਾ ਹੱਥ ਮਾਰਦਾ ਹੈ ਕਿ ਆਪਾਂ ਨਹੀਂ ਇਥੇ ਜਾ ਸਕਦੇ। ਉਸ ਤੋਂ ਬਾਅਦ ਉਨ੍ਹਾਂ ਨੇ ਉਚੀਂ-ਉਚੀਂ ਨਾਮ ਜਪਣਾ ਸ਼ੁਰੂ ਕਰ ਦਿਤਾ। ਕੋਠੇ ਵਾਲਿਆਂ ਨੇ ਵੀ, ਬਾਗ ਵਾਲਿਆਂ ਨੇ ਵੀ ਹਰ ਥਾਂ ਦੇ ਉਤੇ ਰਾਮ ਦੇ ਨਾਮ ਦੀ ਧੁਨ ਉਠ ਰਹੀ ਹੈ। ਮਹਾਤਮਾ ਸੀ ਕਰਨੀਆਂ ਕਮਾਈਆਂ ਵਾਲੇ। ਚਿੱਤ ਲੱਗੇ ਹੋਏ ਸੀ ਪ੍ਰਮੇਸ਼ਰ ਦੇ ਨਾਲ, ਫੇਰ ਉਸ ਵਾਤਾਵਰਣ ਵਿਚ

ਜਮਦੂਤਾਂ ਦਾ ਕੋਈ ਕੰਮ ਨਹੀਂ ਹੁੰਦਾ। ਇਕ ਦਮ ਨਿਕਲ ਗਏ। ਉਹ ਫੇਰ ਬੱਚਾ ਉਸੇ ਤਰ੍ਹਾਂ ਜੀਵਤ ਰਿਹਾ। ਗਰੈਜੂਏਸ਼ਨ ਕਰੀ, ਫੇਰ ਵਾਹਵਾ ਸੰਤ ਸੰਗੀ ਹੋਇਆ।

ਸੋ ਇਸ ਤਰ੍ਹਾਂ ਦੀਆਂ ਮਿਸਾਲਾਂ ਨੇ, ਆਪਣੇ ਵੀ ਮਿਸਾਲਾਂ ਨੇ ਬਹੁਤ ਸਾਰੀਆਂ। ਸੋ ਕਹਿਣ ਲੱਗੇ ਕਿ ਸੇਠ ਜੀ! ਹੁਣ ਨਹੀਂ ਇਥੇ ਇਨ੍ਹਾਂ ਨੇ ਆਉਣਾ। ਜੇ ਆਉਣਾ ਹੁੰਦਾ ਤਾਂ ਇਥੇ ਆ ਜਾਂਦੇ, ਤੈਨੂੰ ਇਸ਼ਾਰੇ ਕਿਉਂ ਕਰਦੇ। ਸੋ ਥੋੜ੍ਹੀ ਜਿਹੀ ਸੰਗਤ ਕਰੀ ਹੈ, ਬਹੁਤ ਨਹੀਂ ਕਰੀ।

***ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥***
***ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥***
***ਅੰਗ - ੧੩੬੯***

ਭੋਰਾ ਕੁ ਸੰਗਤ ਨੇ ਹੀ ਨਿਰਬਾਹ ਕਰ ਦਿਤਾ, ਬਚਨ ਮੰਨ ਲਿਆ। ਜੇ ਸਾਕਤ ਦੀ ਸੰਗਤ ਕਰੋ, ਟੁੱਟੇ ਹੋਏ ਦੀ, ਨਾਸ਼ ਹੋ ਜਾਂਦਾ ਹੈ।

ਸੋ ਇਸ ਤਰ੍ਹਾਂ ਕੁਸੰਗ ਜਿਹੜਾ ਹੈ ਚੰਗਿਆਂ ਭਲਿਆਂ ਨੂੰ ਨਰਕ ਵਿਚ ਸੁੱਟ ਦਿੰਦਾ ਹੈ। ਸਤਿਸੰਗ ਜਾਂਦੇ ਨੇ, ਨਾਮ ਜਪਦੇ ਨੇ, ਥੋੜ੍ਹੇ ਦਿਨਾਂ ਤੋਂ ਬਾਅਦ ਪਤਾ ਲਗਦਾ ਹੈ ਕਿ ਉਹ ਤਾਂ ਬਿਲਕੁਲ ਨਾਸਤਕ ਹੋ ਗਿਆ। ਹੋਰ ਤਰ੍ਹਾਂ ਦੇ ਖਿਆਲ ਹੋ ਗਏ ਕਿਉਂਕਿ ਕੁਸੰਗ ਨੇ ਮਾਰ ਲਿਆ।

ਏਸੇ ਤਰ੍ਹਾਂ ਦੀ ਇਕ ਮਿਸਾਲ ਗੁਰੂ ਘਰ ਵਿਚ ਆਉਂਦੀ ਹੈ ਇਕ ਬੱਚਾ ਸੀ, ਉਹਦੇ ਮਾਂ ਬਾਪ ਚੜ੍ਹਾਈ ਕਰ ਗਏ, ਜ਼ਮੀਨ ਜਾਇਦਾਦ ਬਹੁਤ ਸੀ ਕੋਲ। ਖਾਣ ਪੀਣ ਵਾਲੇ ਇਕੱਠੇ ਹੋ ਗਏ, ਕੁਸੰਗ ਵਿਚ ਪੈ ਗਿਆ। ਜਦੋਂ ਪੈਸਾ ਮੁੱਕਿਆ, ਚੋਰੀ ਕਰਨ ਲੱਗ ਗਿਆ, ਧਾੜੇ ਮਾਰਨ ਲਗ ਗਿਆ। ਸਰੀਰ ਦਾ ਤਕੜਾ ਸੀ, ਡਾਕੇ ਮਾਰਨੇ ਸ਼ੁਰੂ ਕਰ ਦਿਤੇ।

ਇਕ ਵਾਰੀ ਸੰਗਤ ਉਸ ਨੂੰ ਗੁਰੂ ਮਹਾਰਾਜ ਦੇ ਦਰਬਾਰ ਵਿਚ ਲੈ ਗਈ - ਗੁਰੂ ਪੰਜਵੇਂ ਪਾਤਸ਼ਾਹ ਦੇ ਕੋਲ। ਜਦੋਂ ਓਸ ਥਾਂ ਦੇ ਉਤੇ ਪਹੁੰਚਦਾ ਹੈ ਐਸੀ ਇਹਦੀ ਕਿਸਮਤ ਜਾਗੀ ਜਿਹੜਾ ਪਹਿਲਾਂ ਹੀ ਬਚਨ ਇਹਨੇ ਸੁਣਿਆ। ਉਹ ਇਸ ਤਰ੍ਹਾਂ ਦਾ ਬਚਨ ਸੀ -

***ਧਾਰਨਾ - ਤੈਨੂੰ ਮਾਰ ਦਰਗਾਹ ਵਿਚ ਪੈਣੀ,***
***ਜਨਮ ਗਵਾ ਲਿਆ ਗਾਫਲਾ।***
***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥***
***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥***
***ਅੰਗ - ੩੧੫***

ਵਿਆਖਿਆ ਹੋਈ ਸ਼ਬਦ ਦੀ। ਮਹਾਰਾਜ ਕਹਿਣ ਲੱਗੇ ਜਿਹੜੇ ਮਾੜੇ ਕੰਮ ਕਰਦੇ ਨੇ, ਚੋਰੀਆਂ ਕਰਦੇ ਨੇ ਭਾਈ! ਗੁਰੂ ਉਹਦੀ ਹਾਮੀ ਨਹੀਂ ਭਰਿਆ ਕਰਦਾ।

***ਚੋਰ ਕੀ ਹਾਮਾ ਭਰੇ ਨ ਕੋਇ ॥***
***ਚੋਰੁ ਕੀਆ ਚੰਗਾ ਕਿਉ ਹੋਇ ॥ ਅੰਗ - ੬੬੨***

ਸਾਰੀ ਦੁਨੀਆਂ ਹੀ ਚੋਰੀਆਂ ਕਰਦੀ ਹੈ। ਸਭ ਤੋਂ ਵੱਡੇ ਚੋਰ ਉਹ ਨੇ ਜਿਹੜੇ ਪ੍ਰਮੇਸ਼ਰ ਦਾ ਨਾਮ ਨਹੀਂ ਜਪਦੇ। ਮਹਾਰਾਜ ਨੇ ਮੁਖੀ ਗਿਣਿਆ ਹੈ ਉਹਨ੍ਹਾਂ ਚੋਰਾਂ ਵਿਚ ਜਿਹੜੇ ਪ੍ਰਭੂ ਦਾ ਨਾਮ ਨਹੀਂ ਜਪਦੇ। ਬਾਕੀ ਵੀ ਨੇ ਜਿਹੜੇ ਦਸਵੰਧ ਨਹੀਂ ਦਿੰਦੇ ਉਹ ਵੀ ਚੋਰ ਨੇ। ਨਾਮ ਨਹੀਂ ਜਪਦੇ ਉਹ ਵੀ ਚੋਰ ਨੇ, ਜਿਹੜੇ ਕਿਸੇ ਦੀ ਚੀਜ਼ ਚਾਹੇ ਕਿਸੇ ਤਰੀਕੇ ਨਾਲ ਲੈਂਦੇ ਨੇ ਉਹ ਵੀ ਚੋਰ ਨੇ, ਉਨ੍ਹਾਂ ਦੀ ਹਾਮਾ ਕਿਸੇ ਨੇ ਭਰਨੀ ਨਹੀਂ ਦਰਗਾਹ ਵਿਚ। ਆਪਣਾ ਕੀਤਾ ਹੋਇਆ ਆਪ ਨੂੰ ਉਸਨੂੰ ਭਰਨਾ ਪੈਣਾ ਹੈ।

***ਖੰਡੇ ਧਾਰ ਗਲੀ ਅਤਿ ਭੀੜੀ ॥***
***ਲੇਖਾ ਲੀਜੈ ਤਿਲ ਜਿਉ ਪੀੜੀ ॥***
***ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ***
***ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥***
***ਅੰਗ - ੧੦੨੮***

ਉਥੇ ਕੇਵਲ ਪ੍ਰਮੇਸ਼ਰ ਦੇ ਨਾਮ ਨੇ ਸਹਾਇਤਾ ਕਰਨੀ ਹੈ। ਬਾਕੀ ਜਿਹੜੇ ਰਿਸ਼ਤੇਦਾਰ, ਸੰਬੰਧੀ ਨੇ ਇਨ੍ਹਾਂ ਦਾ ਤਾਂ ਹੱਥ ਹੀ ਨਹੀਂ ਉਥੇ ਪਹੁੰਚਦਾ।

***ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ***
***ਔਖੀ ਵੇਲਾ-ਔਖੀ ਵੇਲਾ।***
***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥***
***ਜਹ ਮਹਾ ਭਇਆਨ ਦੂਤ ਜਮ ਦਲੈ ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥***
***ਜਹ ਮੁਸਕਲ ਹੋਵੈ ਅਤਿ ਭਾਰੀ ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥***
***ਅੰਗ - ੨੬੪***

ਉਥੇ ਜੇ ਸਹਾਇਤਾ ਕਰਨੀ ਹੈ, ਉਥੇ ਹੋਰ ਕਿਸੇ ਦਾ ਹੱਥ ਨਹੀਂ ਪਹੁੰਚਦਾ, ਉਥੇ ਨਾਮ ਸਹਾਇਤਾ ਕਰਦਾ ਹੈ।

ਇਕ ਐਸੀ ਗੱਲ ਮੈਂ ਸੁਣੀ ਕਿਸੇ ਪ੍ਰੇਮੀ ਤੋਂ ਕਿ ਜੋ ਰਾਧਾ ਸੁਆਮੀ ਮਹਾਤਮਾ ਬਾਬਾ ਚਰਨ ਸਿੰਘ ਜੀ ਹੋਏ ਨੇ, ਇਨ੍ਹਾਂ ਦੇ ਨਾਲ ਇਕ ਮੱਘਰ ਸਿੰਘ ਨਾਮ ਦੇ ਇਕ ਬਹੁਤ ਮਿੱਠੀ ਆਵਾਜ਼ ਵਾਲੇ ਬਾਣੀ ਪੜ੍ਹਿਆ ਕਰਦੇ ਤੇ ਇਹ ਅਰਥ ਕਰਿਆ ਕਰਦੇ ਸੀ। ਉਹ ਜਿਹੜੇ ਭਾਈ ਮੱਘਰ ਸਿੰਘ ਜੀ ਸੀਗੇ ਉਨ੍ਹਾਂ ਦਾ ਲੜਕਾ ਚੜ੍ਹਾਈ ਕਰ ਗਿਆ। ਲੜਕੀ ਜਿਹੜੀ ਸੀ ਉਹ ਉਸੇ ਵੇਲੇ ਬੈਠ ਗਈ, ਬੈਠ ਕੇ ਮੂਲਮੰਤਰ

ਦਾ ਪਾਠ ਕਰਨ ਲੱਗ ਗਈ ਕਿ ਮੇਰੇ ਵੀਰ ਦਾ ਭਲਾ ਹੋ ਜਾਵੇ। ਸੋ ਜਦੋਂ ਕਾਫੀ ਸਮਾਂ ਲੰਘਿਆ ਤਾਂ ਇਕ ਦਮ ਹੁਜਕਾ ਜਿਹਾ ਲੱਗਿਆ ਤੇ ਉਹਨੂੰ ਹੋਸ਼ ਆ ਗਈ। ਹੋਸ਼ ਆ ਕੇ ਕਹਿਣ ਲੱਗਿਆ ਕਿ ਭੈਣ! ਤੂੰ ਕੀ ਪੜ੍ਹਦੀ ਹੈ? ਕਹਿਣ ਲੱਗੀ, ਮੈਂ ਮੂਲਮੰਤਰ ਪੜ੍ਹਦੀ ਹਾਂ। ਕਹਿਣ ਲੱਗਿਆ ਤੂੰ ਹਟੀਂ ਨਾ ਪੜ੍ਹਨ ਤੋਂ। ਜਦੋਂ ਮੈਂ ਚੜ੍ਹਾਈ ਕਰਿਆ ਤਾਂ ਹਨ੍ਹੇਰਾ ਸੀ, ਜਦੋਂ ਤੂੰ ਪੜ੍ਹਨ ਲੱਗ ਗਈ ਮੇਰੇ ਮੂਹਰੇ ਚਾਨਣਾ ਹੋ ਗਿਆ ਤੇ ਹੁਣ ਤੂੰ ਪੜ੍ਹਦੀ ਰਹੀ ਤਾਂ ਕਿ ਮੈਂ ਚਾਨਣੇ 'ਚ ਜਾਵਾਂ, ਮੈਨੂੰ ਠੋਕਰਾਂ ਨਾ ਖਾਣੀਆਂ ਪੈਣ। ਮਹਾਰਾਜ ਕਹਿੰਦੇ ਨੇ –

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥***
***ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥***
***ਜਿਹ ਪੈਡੈ ਮਹਾ ਅੰਧ ਗੁਬਾਰਾ ॥***
***ਹਰਿ ਕਾ ਨਾਮੁ ਸੰਗਿ ਉਜੀਆਰਾ ਅੰਗ – ੨੬੪***

ਚਾਨਣਾ ਕਿਥੋਂ ਆਉਣਾ ਹੈ, ਹਰਿ ਕੇ ਨਾਮ ਨੇ ਕਰਨਾ ਹੈ। ਚਾਹੇ ਉਹਦੇ ਕੋਈ ਨਮਿਤ ਨਾਮ ਜਪ ਰਿਹਾ ਹੈ, ਚਾਹੇ ਉਹਨੇ ਜਪਿਆ ਹੈ ਕਹਿੰਦੇ ਪ੍ਰਕਾਸ਼ ਹੋ ਜਾਇਆ ਕਰਦਾ ਹੈ। ਹੋਰ ਕੋਈ ਚੀਜ਼ ਸਹਾਇਤਾ ਨਹੀਂ ਕਰਦੀ, ਆਪਣੇ ਲੇਖੇ ਦੇਣੇ ਹੀ ਪੈਂਦੇ ਨੇ।

ਐਸੇ ਜਦੋਂ ਬਚਨ ਸੁਣੇ, ਉਸ ਪ੍ਰੇਮੀ ਨੇ, ਲੜਕਾ ਸੀ ਨੌਜਵਾਨ। ਧਾੜੇ-ਧੂੜੇ ਮਾਰ ਕੇ ਗੁਜ਼ਾਰਾ ਕਰਦਾ ਸੀ, ਚੋਰੀਆਂ ਕਰਦਾ ਸੀ। ਕਿਸਮਤ ਜਾਗੀ। ਕਿਉਂਕਿ ਕਿਸਮਤ ਤੋਂ ਬਗੈਰ ਸਤਿਸੰਗ ਨਹੀਂ ਮਿਲਦੀ, ਇਹ ਮਹਾਰਾਜ ਦਾ ਫੈਸਲਾ ਹੈ।

***ਹਰਿ ਕੀਰਤਿ ਸਾਧਸੰਗਤਿ ਹੈ***
***ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ – ੬੪੨***

***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ – ੯੫***

ਜਿੰਨਾ ਚਿਰ ਭਾਗ ਮੱਥੇ ਵਿਚ ਨਾ ਲਿਖੇ ਜਾਣ, ਸਤਿਸੰਗ ਨਹੀਂ ਮਿਲਿਆ ਕਰਦਾ ਕਦੇ ਵੀ। ਸੰਗਤ ਨਾ ਮਿਲੇ ਤਾਂ ਆਦਮੀ ਦੇ ਮਨ ਤੇ ਮੈਲ ਪੈ ਜਾਂਦੀ ਹੈ। ਸੰਗਤ ਜ਼ਰੂਰੀ ਚੀਜ਼ ਹੁੰਦੀ ਹੈ।

***ਸਤਸੰਗਤਿ ਕੈਸੀ ਜਾਣੀਐ ॥***
***ਜਿਥੈ ਏਕੋ ਨਾਮੁ ਵਖਾਣੀਐ ॥ ਅੰਗ – ੭੨***

ਸੋ ਜਦੋਂ ਦੀਵਾਨ ਸਮਾਪਤੀ ਹੋਈ, ਕਿਸਮਤ ਜਾਗੀ ਹੋਈ, ਭਾਗ ਜਾਗੇ, ਮਹਾਰਾਜ ਦੇ ਬਾਣਾਂ ਵਰਗੇ ਬਚਨ ਸੁਣੇ। ਐਉਂ ਲੱਗਿਆ ਕਿ ਮੈਂ ਤਾਂ ਘਾਇਲ ਹੁੰਦਾ ਜਾਂਦਾ ਹਾਂ। ਦੀਵਾਨ ਦੀ ਸਮਾਪਤੀ ਤੋਂ ਬਾਅਦ ਉਠ ਕੇ ਖੜ੍ਹਾ ਹੋ ਗਿਆ, ਕਹਿਣ ਲੱਗਿਆ ਸੱਚੇ ਪਾਤਸ਼ਾਹ! ਤੁਸੀਂ ਤਾਂ ਸਾਰੀ ਕਥਾ ਹੀ ਅੱਜ ਮੇਰੇ ਤੇ ਹੀ ਕਰੀ ਹੈ। ਮੈਂ ਹੀ ਹਾਂ ਉਹ ਬੰਦਾ ਜਿਹਦੀ ਤੁਸੀਂ ਗੱਲ ਕਰ ਰਹੇ ਸੀ ਤੇ ਮੇਰੇ ਐਨੇ ਪਾਪ ਨੇ ਕਿ ਅਸੀਂ ਗਿਣ ਨਹੀਂ ਸਕਦੇ। ਕ੍ਰਿਪਾ ਕਰੋ, ਮੈਨੂੰ ਆਪਣੀ ਸ਼ਰਨ ਬਖਸ਼ੋ। ਮੈਂ ਬੜਾ ਪਾਪੀ ਹਾਂ। ਐਸ ਤਰ੍ਹਾਂ ਦੇ ਨਾਲ ਬੇਨਤੀ ਕਰਦਾ ਹੈ –

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।***
***ਭਾਈ ਗੁਰਦਾਸ ਜੀ 36/21***

ਮਹਾਰਾਜ ਮੇਰੇ ਵਿਚ ਸਾਰੇ ਹੀ ਔਗੁਣ ਨੇ। ਗੁਣ ਇਕ ਵੀ ਨਹੀਂ ਹੈ, ਕ੍ਰਿਪਾ ਕਰੋ ਆਪ।

ਸਾਡਾ ਤੇ ਉਹਦਾ ਫਰਕ ਕੀ ਰਿਹਾ ਸਾਧਸੰਗਤ ਜੀ! ਸਾਡੇ ਵਿਚ ਔਗੁਣ ਨੇ ਲੇਕਿਨ ਅਸੀਂ ਫੇਰ ਚੰਗੇ ਹਾਂ। ਔਗੁਣਾਂ ਦੇ ਭਰੇ ਹੋਏ ਅਸੀਂ ਕਹਿੰਦੇ ਹਾਂ ਜੀ ਅਸੀਂ ਤਾਂ ਚੰਗੇ ਹਾਂ ਜੀ। ਐਸ ਤਰ੍ਹਾਂ ਮਹਾਰਾਜ ਲਿਖਦੇ ਨੇ –

***ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥***
***ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥***
***ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥***
***ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥***
***ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥***
***ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥***
***ਅੰਗ – ੮੫***

ਗੱਲਾਂ ਨਾਲ ਅਸੀਂ ਬਹੁਤ ਚੰਗੇ ਹਾਂ, ਇਹ ਤਾਂ ਹੈ ਸਾਡਾ ਆਚਾਰ ਹੈ, ਕੁੱਛ ਵੀ ਨਹੀਂ।

ਸੋ ਉਸ ਬੱਚੇ ਨੇ ਆਪਣਾ ਆਪ ਗੁਰੂ ਸਾਹਿਬ ਕੋਲ ਖੋਲ੍ਹ ਕੇ ਰੱਖ ਦਿਤਾ ਕਿ ਮਹਾਰਾਜ! ਸਾਰੇ ਔਗੁਣ ਜਿਹੜੇ ਦੱਸੇ ਨੇ ਇਨ੍ਹਾਂ ਤੋਂ ਜ਼ਿਆਦਾ ਮੇਰੇ ਵਿਚ ਔਗੁਣ ਨੇ।

ਸਾਡੇ ਵਿਚ ਕੀ ਫਰਕ ਹੈ, ਇਥੇ ਕਈ ਪ੍ਰੇਮੀ ਅਰਦਾਸ ਕਰਦੇ ਕਹਿਣਗੇ –

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।***
***ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।***
***ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।***
***ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।***
***ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸ਼ੰਦਾ॥***
***ਭਾਈ ਗੁਰਦਾਸ ਜੀ ਵਾਰ 36/21***

ਰੋ ਰੋ ਕੇ ਕਹਿਣਗੇ। ਜੇ ਉਹਨੂੰ ਥੋੜ੍ਹਾ ਜਿਹਾ ਬਾਹਰ ਜਾ ਕੇ ਜੇ ਐਉਂ ਕਹਿ ਦਿਓ ਨਾ ਕਿ ਤੂੰ ਵੀ ਠੱਗ ਹੈਂ, ਚੋਰ ਹੈਂ? ਗਲ ਪੈ ਜਾਏਗਾ। ਕਹਿੰਦਾ, ਤੂੰ ਹੁਣੇ ਗੁਰੂ ਸਾਹਿਬ ਕੋਲ ਕਹਿ ਕੇ ਹਟਿਆ ਹੈਂ? ਕਹਿੰਦਾ ਹੈ ਮੈਂ ਤੇਰੇ ਵਾਸਤੇ

ਥੋੜ੍ਹੀ ਨਾ ਕਿਹਾ ਹੈ, ਮੈਂ ਤਾਂ ਗੁਰੂ ਸਾਹਿਬ ਨਾਲ ਗੱਲ ਕਰੀ ਹੈ। ਤੂੰ ਨਾ ਮੈਨੂੰ ਕਹੀਂ ਠੱਗ ਚੋਰ ਮੈਂ ਸਿਰ ਭੰਨ ਦੇਵਾਂਗਾ ਤੇਰਾ। ਕਿਉਂਕਿ ਅਸੀਂ ਅੰਦਰੋਂ ਨਹੀਂ ਮੰਨਿਆ –

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*

*ਅੰਗ – ੧੩੬੪*

ਨਿੰਦਿਆ ਕਰਦਾ ਹੈ ਕਿਸੇ ਸੰਤ ਦੀ ਕੋਈ। ਕਹਿੰਦਾ ਹੈ ਤੁਹਾਡੀ ਨਿੰਦਿਆ ਕਰਦਾ ਹੈ। ਨਿੰਦਿਆ ਤਾਂ, ਤਾਂ ਜੇ ਮੈਂ ਹੋਵਾਂ ਕੁਛ। ਜੇ ਹੈ ਹੀ ਨਹੀਂ, ਮੈਂ ਤਾਂ ਪਹਿਲਾਂ ਹੀ ਆਖਰੀ ਲਾਇਨ ਤੇ ਖੜ੍ਹਾ ਹਾਂ ਕਿ ਸਭ ਤੇ *ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥ ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥* ਪਦਵੀ ਕਿੱਡੀ ਮਿਲਦੀ ਹੈ, ਗੁਰੂ ਨਾਨਕ ਦਾ ਮਿੱਤਰ ਬਣ ਜਾਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਇਹਨੇ ਹਿਰਦੇ ’ਚੋਂ ਬੇਨਤੀ ਕਰੀ, ਹਿਰਦੇ ਦੀ ਬੇਨਤੀ ਚਾਹੇ ਕਿਸੇ ਦੀ ਹੈ ਉਸੇ ਵੇਲੇ ਮੰਨ ਲੈਂਦਾ ਹੈ ਸਾਹਿਬ। ਫੇਰ ਉਹ ਅੱਖਰਾਂ ’ਚ ਨਹੀਂ ਪੈਂਦਾ। ਉਹਦੇ ਔਗੁਣਾਂ ਨੂੰ ਚਿਤਾਰਦਾ ਹੀ ਨਹੀਂ ਹੈ। ਫੇਰ ਤਾਂ ਬਖਸ਼ਿਸ਼ ਦਾ ਦਰ ਖੁਲ੍ਹ ਜਾਂਦਾ ਹੈ। ਫੇਰ ਤਾਂ ਬਖਸ਼ਦਾ ਹੀ ਹੈ।

ਕੌਡੇ ਰਾਕਸ਼ ਨੇ ਮਰਦਾਨੇ ਨੂੰ ਖਾ ਹੀ ਲੈਣਾ ਸੀ, ਲੇਕਿਨ ਬਖਸ਼ਿਸ਼ ਦਾ ਦਰ ਗੁਰੂ ਨਾਨਕ ਤੋਂ ਮੰਗਿਆ। ਕਿੱਡੀ ਬਖਸ਼ਿਸ਼ ਕਰ ਦਿਤੀ, ਕਹਿਣ ਲੱਗੇ ਕੌਡਿਆ! ਆਹ ਨਾਮ ਦਾ ਰਸ ਅਸੀਂ ਤੈਨੂੰ ਦਿੰਦੇ ਹਾਂ, ਆਹ ਵੰਡੀਂ, ਮੰਜੀ ਤੇ ਬੈਠ ਕੇ। ਸੱਜਣ ਠੱਗ ਬੰਦਿਆਂ ਨੂੰ ਮਾਰੀ ਜਾਂਦਾ ਸੀ, ਮਹਾਰਾਜ ਕਹਿੰਦੇ, ਸੱਜਣਾ! ਜਾਹ ਹੁਣ ਕੋਈ ਮੰਜੀ ਲੈ ਕੇ ਆ। ਮਹਾਰਾਜ ਨੇ ਮੰਜੀ ਤੇ ਬਿਠਾ ਦਿਤਾ ਕਹਿਣ ਲੱਗੇ ਹੁਣ ਤੂੰ ਮੰਜੀ ਦੇ ਉਤੇ ਬਿਠਾ ਦਿਤਾ, ਹੁਣ ਜਿਹੜਾ ਤੈਨੂੰ ਨਾਮ ਦਾ ਰਸ ਪ੍ਰਾਪਤ ਹੋਇਆ ਹੈ ਤੂੰ ਹੁਣ ਸੰਸਾਰ ਨੂੰ ਵੰਡੀਂ। ਇਹ ਦਿੰਦੇ ਵਧਦਾ ਹੈ, ਨਹੀਂ ਘਟਦਾ ਹੈ ਇਹ। ਸੋ ਬਖਸ਼ਿਸ਼ ਦਾ ਦਰ ਹੈ ਗੁਰੂ ਘਰ, ਲੇਖੇ ਪੱਤਿਆਂ ਦਾ ਨਹੀਂ ਹੈ।

ਗੁਰੂ ਮਹਾਰਾਜ ਨੇ ਉਸ ਵੇਲੇ ਪੁੱਛਿਆ, ਤੇਰਾ ਨਾਉਂ ਕੀ ਹੈ?

ਕਹਿਣ ਲੱਗਿਆ, ਮੈਨੂੰ ਮੇਹਰੂ ਕਹਿੰਦੇ, ਨੇ ਧਾੜਵੀ, ਚੋਰੀ ਕਰਦਾ ਹਾਂ, ਡਾਕੇ ਮਾਰਦਾ ਹਾਂ। ਕ੍ਰਿਪਾ ਕਰੋ। ਨੈਣਾਂ ’ਚੋ ਨੀਰ ਨਹੀਂ ਥੰਮਿਆਂ ਜਾਂਦਾ। ਬੁਰਾ ਆਦਮੀ ਜੇ ਪਛਤਾਅ ਜਾਵੇ, ਸੱਚਮੁੱਚ ਪਛਤਾਅ ਜਾਂਦਾ ਹੈ। ਵੱਡੇ-ਵੱਡੇ ਡਾਕੂ ਜਦੋਂ ਪਛਤਾਉਂਦੇ ਨੇ, ਵੱਡੇ-ਵੱਡੇ ਸੰਤ ਹੋਏ ਨੇ। ਮਿਲਟਰੀ ਵਿਚ ਜ਼ਿਆਦਾ ਹੁੰਦੇ ਨੇ, ਮਿਲਟਰੀ ਵਿਚ ਤਕੜੇ ਬੰਦੇ ਹੁੰਦੇ ਨੇ ਦਿਲ ਦੇ। ਏਧਰ ਲੱਗ ਗਏ ਤਾਂ ਏਧਰ, ਦੂਜੇ ਪਾਸੇ ਲਗ ਗਏ ਤਾਂ ਦੂਜੇ ਪਾਸੇ। ਭਾਈ ਬਿਧੀ ਚੰਦ ਜਦੋਂ ਇਧਰ ਨਹੀਂ ਸੀ ਲੱਗਿਆ ਉਸ ਵੇਲੇ ਡਾਕੇ ਮਾਰਦਾ ਸੀ, ਚੋਰੀਆਂ ਕਰਦਾ ਸੀ। ਜਦੋਂ ਇਧਰ ਲੱਗ ਗਿਆ, ਬ੍ਰਹਮਗਿਆਨੀ ਮਹਾਂਪੁਰਸ਼ ਹੋਇਆ। ਬਾਲਮੀਕ ਜਦੋਂ ਦੂਜੇ ਪਾਸੇ ਸੀ ਉਦੋਂ ਬੰਦੇ ਵੱਢ-ਵੱਢ ਸੁਟੀ ਜਾਂਦਾ ਸੀ, ਜਦੋਂ ਇਧਰ ਲੱਗਿਆ ਮਹਾਨ ਮਹਾਤਮਾ ਹੋਇਆ ਐਡਾ ਉਚ ਕੋਟੀ ਦਾ ਕਿ ਪਾਂਡਵਾਂ ਦੇ ਜਗ ਵਿਚ ਸੰਪੂਰਨ ਕਰਨ ਲਈ ਕ੍ਰਿਸ਼ਨ ਮਹਾਰਾਜ ਨੇ ਆਪ ਉਹਦੇ ਚਰਨਾਂ ਦੇ ਜਲ ਪਾ ਕੇ, ਚਰਨ ਧੋਤੇ ਨਾਲ ਜੂਠੀਆਂ ਪੱਤਲਾਂ ਚੁੱਕੀਆਂ। ਕਿਉਂਕਿ ਉਨ੍ਹਾਂ ਦੀ ਮੰਗ ਸੀ ਇਹ ਕਿ ਸਾਰੀ ਅਤਿਥੀਆਂ ਦੇ ਚਰਨ ਮੈਂ ਧੁਆਵਾਂਗਾ। ਸੋ ਦ੍ਰਿੜ੍ਹਤਾ ਹੁੰਦੀ ਹੈ, ਏਧਰ ਵੀ ਦ੍ਰਿੜ੍ਹਤਾ ਹੈ, ਓਧਰ ਵੀ ਦ੍ਰਿੜ੍ਹਤਾ ਹੈ। ਜਦੋਂ ਕੋਈ ਵੱਡਾ ਪਾਪੀ ਬੰਦਾ ਰੱਬ ਵਲ ਜਾਵੇ ਫੇਰ ਉਹ ਸਿਰੇ ਹੀ ਜਾਂਦਾ ਹੈ, ਵਿਚਾਲੇ ਨਹੀਂ ਰਿਹਾ ਕਰਦਾ। ਕਿਉਂਕਿ ਉਹ ਜੇ ਜਿੱਕ ਨਹੀਂ ਕਰਦਾ, ਕਿਉਂਕਿ ਸਾਡੇ ਵਰਗੀ indecive ਬਿਰਤੀ ਨਹੀਂ ਹੁੰਦੀ। ਫੈਸਲਾ ਕਰ ਲੈਂਦਾ ਹੈ ਕਿ ਮੈਂ ਤਾਂ ਹੁਣ ਭਜਨ ਕਰਨਾ ਹੈ, ਸਾਰੀ ਸੁਸਾਇਟੀ ਇਕ ਦਮ ਛੱਡ ਦਿੰਦਾ ਹੈ।

ਸੋ ਜਦੋਂ ਐਡਾ ਦ੍ਰਿੜ੍ਹ ਇਰਾਦਾ ਦੇਖਿਆ ਤਾਂ ਮਹਾਰਾਜ ਨੇ ਕੋਲ ਬੁਲਾਇਆ ਤੇ ਬੁਲਾ ਕੇ ਕਹਿਣ ਲੱਗੇ ਭਾਈ ਮੇਹਰੂ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ। ਤਿੰਨ ਵਾਰੀ ਕਹਾ ਕੇ, ਸੀਸ ਤੇ ਹੱਥ ਰੱਖ ਦਿਤਾ। ਉਹ ਮੇਹਰੂ ਉਸੇ ਵੇਲੇ ਬਦਲ ਕੇ ਭਾਈ ਮੇਹਰੂ ਬਣ ਗਿਆ, ਡਾਕੂ ਮੇਹਰੂ ਨਾ ਰਿਹਾ ਏਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਵਿਚੋਂ ਮਾਰ ਕੱਢੀਆਂ ਬੁਰਿਆਈਆਂ,*
*ਗੁਰਾਂ ਨੇ ਸਿਰ ਤੇ ਹੱਥ ਰੱਖ ਕੇ।*

*ਕਰਿ ਹੁਕਮੁ ਮਸਤਕਿ ਹਥੁ ਧਰਿ*
*ਵਿਚਹੁ ਮਾਰਿ ਕਢੀਆ ਬੁਰਿਆਈਆ ॥*

*ਅੰਗ – ੪੭੩*

ਪੂਰਾ ਸਤਿਗੁਰੂ ਸੀ, ਸਾਰੀਆਂ ਬੁਰਿਆਈਆਂ ਕੱਢ ਦਿਤੀਆਂ, ਸੁਭਾਅ ਬਦਲ ਦਿਤਾ, ਨਾਮ ਦਾ ਅੰਦਰ ਪ੍ਰਕਾਸ਼ ਕਰ ਦਿਤਾ, ਮੰਤਰ ਦੇ ਦਿਤਾ ਕਹਿੰਦੇ ਭਾਈ ਮੇਹਰੂ! ਏਸ ਮੰਤਰ ਨੇ ਤੈਨੂੰ ਛੁਡਾ ਲੈਣਾ ਹੈ। ਚੜ੍ਹਦਾ ਚਲ। ਉਸ ਵੇਲੇ ਕਿਸੇ ਵਿਸਮਾਦ ਦੀ ਅਵਸਥਾ ਵਿਚ ਪਹੁੰਚ ਗਿਆ। ਗੁਰੂ ਮਹਾਰਾਜ ਦੇ ਚਰਨਾਂ ਦਾ ਧਿਆਨ ਹੁਣ ਲੱਗ ਗਿਆ, ਮੂਰਤ ਹੁਣ ਲਾਂਭੇ ਨਹੀਂ ਹੁੰਦੀ। ਸਾਰੀਆਂ ਦੁਨੀਆਂ ਦੀਆਂ ਮੂਰਤਾਂ ਦੂਰ ਕਰ ਦਿਤੀਆਂ। ਉਸ ਵੇਲੇ ਗੁਰਸਿੱਖਾਂ ਵਾਲਾ ਜੀਵਨ ਹੋ ਗਿਆ ਉਸ ਦਾ ਤੇ ਘਰ ਜਾਣਾ ਭੁੱਲ ਗਿਆ। ਸੰਗਤ ਨਾਲ ਦੀ ਤੁਰ ਗਈ। ਕਹਿੰਦਾ ਜਾਓ, ਘਰ ਕਹਿ ਦਿਓ ਕਿ ਮੈਂ ਤਾਂ ਜਿਥੇ ਆਉਣਾ ਸੀ ਉਥੇ ਆ ਗਿਆ। ਮੈਂ ਨਹੀਂ ਆਉਣਾ, ਆਪਣਾ ਜਿਵੇਂ ਗੁਜ਼ਾਰਾ ਚਲਦਾ ਹੈ,

ਕਰਨ। ਮੈਂ ਕਿਹੜਾ ਰਾਜ਼ਕ ਹਾਂ ਵਾਹਿਗੁਰੂ ਰਾਜ਼ਕ ਹੈ ਸਭ ਦਾ। ਸੋ ਉਥੇ ਰਹਿ ਕੇ ਨਾਮ ਭੀ ਜਪਦਾ ਹੈ ਤੇ ਸੇਵਾ ਵੀ ਕਰਦਾ ਹੈ। ਕਿਉਂਕਿ ਜ਼ਿੰਦਗੀ ਦੇ ਅੰਦਰ ਜੇ ਰੂਹਾਨੀ ਸਫਰ ਛੇਤੀ ਤਹਿ ਕਰਨਾ ਹੈ ਤਾਂ ਦੋ ਚੀਜ਼ਾਂ ਨਾਲ ਹੁੰਦਾ ਹੈ, ਸੇਵਾ ਵੀ ਹੋਵੇ ਤੇ ਨਾਮ ਭੀ ਜਪਦਾ ਹੋਵੇ। ਬਹੁਤ ਸਾਰੇ ਪ੍ਰੇਮੀ ਐਸਾ ਕਰਦੇ ਨੇ ਕਿ ਮੈਂ ਅੰਦਰ ਹੀ ਨਾਮ ਜਪਾਂਗਾ, ਦਰਵਾਜ਼ੇ ਬੰਦ ਕਰਕੇ ਬੈਠ ਜਾਂਦੇ ਨੇ। ਹੁਣ ਵੀ ਬੈਠ ਜਾਂਦੇ ਨੇ, ਪਹਿਲਾਂ ਵੀ ਬਹਿੰਦੇ ਸੀ। ਉਹ ਇਕ ਖੂਹ ਜੁੜਦਾ ਹੈ, ਦੋ ਨਹੀਂ ਜੁੜਦੇ। ਜਿਹੜਾ ਬੰਦਗੀ ਵੀ ਕਰਦਾ ਹੈ ਤੇ ਨਾਲ ਸੇਵਾ ਵੀ ਕਰਦਾ ਹੈ, ਉਹਦਾ ਨਾਮ ਛੇਤੀ ਚਲਦਾ ਹੈ। ਛੇਤੀ ਸਫਰ ਤਹਿ ਹੁੰਦਾ ਹੈ। ਏਸੇ ਕਰਕੇ ਇਸ ਤਰ੍ਹਾਂ ਦਾ ਫੁਰਮਾਨ ਆਉਂਦਾ ਹੈ ਗੁਰਬਾਣੀ ਦੇ ਅੰਦਰ –

***ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ।***

ਸਾਰੇ ਵੱਡੇ-ਵੱਡੇ ਦੁਖ, ਪੰਜ ਦੁੱਖ ਵੱਡੇ ਦੁਨੀਆਂ 'ਚ ਗਿਣੇ ਨੇ, ਅਵਿਦਿਆ ਹੈ, ਅਭਿਨਿਵੇਸ਼, ਰਾਗ, ਦ੍ਵੈਸ਼ ਵਿਖਸ਼ੇਪਤਾ, ਪੰਜ ਦੁੱਖ ਨੇ ਬਹੁਤ ਵੱਡੇ। ਕਿਸੇ ਬੰਦੇ ਦੇ ਹੀ ਨਵਿਰਤ ਹੁੰਦੇ ਨੇ। ਮਹਾਰਾਜ ਕਹਿੰਦੇ ਨੇ –

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*

*ਅੰਗ – ੨੬੨*

ਅਵਿਦਿਆ ਤੇ ਅਭਿਨਿਵੇਸ਼, ਵਿਖਸ਼ੇਪਤਾ ਦਾ, ਰਾਗ ਤੇ ਦ੍ਵੈਸ਼ ਦਾ ਇਹ ਸਾਰੇ ਦੂਰ ਹੋ ਜਾਇਆ ਕਰਦੇ ਨੇ। ਨਾਮ ਜਪਣ ਦੇ ਨਾਲ। ਸੇਵਾ ਜਿਹੜੀ ਹੈ –

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ – ੨੬*

ਸੇਵਾ ਤੇ ਸਿਮਰਨ ਜਿਸ ਵਕਤ ਦੋਵੇਂ ਗੱਲਾਂ ਆਦਮੀ ਇਕੱਠੀਆਂ ਕਰਦਾ ਹੈ ਫੇਰ ਨਾਮ ਤਰੱਕੀ ਕਰਦਾ ਹੈ। ਨਹੀਂ ਤਾਂ ਇਕ ਖੂਹ ਚਲਦਾ ਹੈ, ਤੇੜ੍ਹਾਂ ਫੱਟੀਆਂ ਹੋਈਆਂ ਨੇ ਧਾਨਾਂ ਦੇ ਖੇਤਾਂ ਦੀਆਂ। ਅਸੀਂ ਤਾਂ ਪ੍ਰੈਕਟੀਕਲੀ ਦੇਖਿਆ ਹੈ ਜ਼ੋਰ ਲਾ ਲਓ ਟਿਊਬਵੈਲ ਚਲਾ ਲਓ, ਤੇੜਾਂ ਹੀ ਨਹੀਂ ਭਰਦੀਆਂ ਜੇ ਦੋ ਚਲਾ ਦਿਓ ਨਹਿਰ ਦਾ ਪਾਣੀ ਵੀ ਛੱਡ ਦਿਤਾ ਨਾਲ ਟਿਊਬਵੈਲ ਦਾ ਪਾਣੀ ਵੀ ਚਲਾ ਦਿਤਾ, ਤਾਂ ਫਟਾਫਟ ਤ੍ਰੇੜ੍ਹਾਂ ਭਰ ਕੇ ਉਸੀ ਸਮੇਂ ਮਿੱਟੀ ਘੁਲ ਕੇ ਤੇੜਾਂ ਬੰਦ ਹੋ ਜਾਂਦੀਆਂ ਹਨ। ਨਹੀਂ ਤਾਂ ਇਕੋ ਹੀ ਰਹਿੰਦਾ ਹੈ, ਇਕੱਲੀ ਸੇਵਾ ਉਹ ਵੀ ਨਹੀਂ ਤੇ ਇਕੱਲਾ ਨਾਮ ਵੀ ਨਹੀਂ। ਸੋ ਇਹ ਚੀਜ਼ਾਂ ਇਕੱਠੀਆਂ ਨੇ ਨਾਮ ਵੀ ਜਪਦਾ ਹੋਵੇ ਤੇ ਸੇਵਾ ਵੀ ਕਰਦਾ ਹੋਵੇ। ਛੇਤੀ ਕੰਮ ਹੁੰਦਾ ਹੈ, ਦੋ ਹਲਟ ਚਲ ਜਾਂਦੇ ਨੇ।

ਸੋ ਏਸ ਤਰ੍ਹਾਂ ਦੇ ਨਾਲ ਭਾਈ ਮੇਹਰੂ, ਗੁਰਮੰਤ੍ਰ ਦੀ ਦਾਤ ਪ੍ਰਾਪਤ ਹੋ ਗਈ, ਅੰਮ੍ਰਿਤ ਵੇਲੇ ਜਾਗਦਾ ਹੈ। ਗੁਰੂ ਮਹਾਰਾਜ ਦਾ ਜੋ ਸਾਡੇ ਲਈ ਵੀ ਫੁਰਮਾਨ ਹੈ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*

*ਅੰਗ – ੩੦੫*

ਅੰਮ੍ਰਿਤ ਦਾ ਸਰੋਵਰ ਗੁਰੂ ਦੀ ਬਾਣੀ ਹੋਇਆ ਕਰਦੀ ਹੈ। ਉਸ ਤੋਂ ਅੱਗੇ ਜਿਹਦੀ ਬਿਰਤੀ ਅੰਦਰ ਚਲੀ ਜਾਵੇ, ਉਹ ਅੰਮ੍ਰਿਤ ਦਾ ਸਰੋਵਰ ਨਾਮ ਹੋਇਆ ਕਰਦਾ ਹੈ।

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*

*ਅੰਗ – ੩੦੫*

ਜਿਹੜਾ ਪੰਜ ਪਿਆਰਿਆਂ ਨੇ ਉਪਦੇਸ਼ ਦਿਤਾ ਹੈ, ਬਹੁਤੇ ਤਾਂ ਭੁੱਲੇ ਹੀ ਰਹਿੰਦੇ ਨੇ ਕਿ ਕਿਹੜਾ ਉਪਦੇਸ਼ ਦਿਤਾ ਹੈ। ਜੇ ਕਹੋ ਕਿ ਤੈਨੂੰ ਨਾਮ ਮਿਲ ਗਿਆ? ਕਹੇਗਾ ਨਹੀਂ ਮੈਨੂੰ ਤਾਂ ਨਾਮ ਮਿਲਿਆ ਨਹੀਂ, ਮੈਂ ਤਾਂ ਜਾ ਰਿਹਾ ਹਾਂ ਫਲਾਣੇ ਸੰਤਾਂ ਕੋਲ, ਉਥੇ ਕਿਥੇ ਨਾਮ ਮਿਲਦਾ ਹੈ। ਨਾਮ ਨਹੀਂ ਮਿਲਦਾ ਸਾਧਸੰਗਤ ਜੀ ਕਿਤੇ, ਨਾਮ ਅੰਦਰ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*

*ਅੰਗ – ੨੯੩*

ਮੰਤ੍ਰ ਮਿਲਿਆ ਕਰਦਾ ਹੈ। ਮੰਤਰ ਸਾਰੇ ਹੀ ਠੀਕ ਨੇ, ਏਸ ਭਰਮ ਵਿਚ ਨਾ ਪਿਆ ਕਰੋ ਕਿ ਕੋਈ ਰਾਮ-ਰਾਮ ਕਹਿੰਦਾ ਹੈ, ਕੋਈ ਅੱਲਾਹ-ਅੱਲਾਹ ਕਹਿੰਦਾ ਹੈ, ਗੋਬਿੰਦ-ਗੋਬਿੰਦ, ਨਾਰਾਇਣ-ਨਾਰਾਇਣ, ਸੋਹੰ, ਓਅੰ, ਵਾਹਿਗੁਰੂ ਕਹਿੰਦਾ ਹੈ। ਆਪਣਾ-ਆਪਣਾ ਮੰਤ੍ਰ ਸਾਰਿਆਂ ਨੂੰ ਹੀ ਪਿਆਰਾ ਹੋਇਆ ਕਰਦਾ ਹੈ। ਸਾਰਿਆਂ ਦਾ ਹੀ ਉਧਾਰ ਕਰਦਾ ਹੈ ਇਹ ਮੰਤਰ ਜਿਹੜਾ ਹੈ।

***ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ॥***

***ਭਾਈ ਗੁਰਦਾਸ ਜੀ***

ਗੁਰੂ ਘਰ ਦੇ ਅੰਦਰ ਪੰਜ ਪਿਆਰੇ ਵਾਹਿਗੁਰੂ ਮੰਤ੍ਰ ਦਿੰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਜਾਪ ਕਰਦਾ ਹੈ।

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*

*ਅੰਗ - ੩੦੫*

ਇਹਨੇ ਸਾਰੇ ਪਾਪਾਂ ਦਾ ਨਾਸ਼ ਕਰਨਾ ਹੈ। ਸਾਰੇ ਸੰਚਿਤ ਕਰਮ ਜਿਹੜੇ ਅਸੀਂ ਭੋਗਣੇ ਨੇ ਅਜੇ ਉਨ੍ਹਾਂ ਨੂੰ ਸੁਆਹ ਬਣਾਉਣਾ ਹੈ। ਕ੍ਰਿਆਮਾਨ ਅਸੀਂ ਕਰਨੇ ਨਹੀਂ ਹੈ ਕਿਉਂਕਿ ਸੋਝੀ ਆ ਗਈ। ਪਰਾਲਬਧ ਭੋਗ ਕੇ ਜਦੋਂ ਸੰਸਾਰ ਤੋਂ ਜਾਵਾਂਗੇ, ਕਰਮਾਂ ਦਾ ਨਾਸ਼ ਹੋ ਗਿਆ, ਫੇਰ ਜੰਮਣ ਮਰਨਾ ਵੀ ਖਤਮ ਹੋ ਜਾਂਦਾ ਹੈ। ਕਿਉਂਕਿ ਆਦਮੀ ਕਰਮਾਂ ਦਾ ਬੰਨ੍ਹਿਆ ਹੋਇਆ ਸੰਸਾਰ ਤੇ ਆਉਂਦਾ ਹੈ। ਕਰਮ ਭੋਗਦਾ ਹੈ -

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

ਸੋ ਇਸ ਤਰ੍ਹਾਂ ਹਰ ਵਕਤ ਗੁਰੂ ਦੇ ਧਿਆਨ ਵਿਚ ਰਹਿੰਦਾ ਹੈ। ਰਸਨਾ ਨਾਲ ਨਾਮ ਜਪਦਾ ਹੈ, ਸੁਆਸ ਨਾਲ ਨਾਮ ਜਪਦਾ ਹੈ। ਚਾਰੇ ਬਾਣੀਆਂ ਨਾਲ ਨਾਮ ਜਪਦਾ ਹੈ, ਅਖੀਰ ਧਿਆਨ ਵਿਚ ਟਿਕ ਗਏ ਗੁਰੂ ਪੰਜਵੇਂ ਪਾਤਸ਼ਾਹ। ਹਰ ਵਕਤ ਉਨ੍ਹਾਂ ਦਾ ਧਿਆਨ ਧਰਦਾ ਹੈ। ਕਈ ਪ੍ਰੇਮੀ ਧਿਆਨ ਦੇ ਉਤੇ ਰੌਲਾ ਰੱਪਾ ਜਿਹਾ ਪਾ ਦਿੰਦੇ ਨੇ।

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥*

*ਅੰਗ - ੮੬੪*

ਉਹ ਤਾਂ ਠੀਕ ਹੈ ਪਰ ਜਦ ਆਦਮੀ ਦਾ ਮਨ ਸਥੂਲ ਵਿਚ ਫਸਿਆ ਹੋਇਆ ਹੈ। ਇਹ ਸਥੂਲ ਦੇ ਧਿਆਨ ਨਾਲ ਸੂਖਸ਼ਮ 'ਚ ਜਾਣਾ ਹੈ। ਨਾਮ ਤੇ ਕੋਈ ਨਹੀਂ ਧਿਆਨ ਧਰ ਹੁੰਦਾ ਹੈ। ਬਹੁਤ ਸਾਰੇ ਕੀ ਕਰਦੇ ਨੇ ਕਿ ਜੀ ਵਾਹਿਗੁਰੂ ਮੰਤ੍ਰ ਤੇ ਧਿਆਨ ਧਰਦੇ ਹਾਂ। ਅੱਖਰਾਂ ਦੇ ਧਿਆਨ ਨਾਲੋਂ ਤਾਂ ਗੁਰੂ ਦਾ ਧਿਆਨ vibration ਪੈਦਾ ਕਰਦਾ ਹੈ। ਜੀਉਂਦੇ ਦਾ, ਮਾੜੇ ਦਾ ਧਿਆਨ ਧਰ ਕੇ ਦੇਖ ਲਓ, ਆਪਣੇ ਦੁਸ਼ਮਣ ਦਾ ਸਵੇਰੇ-ਸਵੇਰੇ ਧਿਆਨ ਕਰ ਲਓ, ਪਾਠ 'ਚ ਜੀਅ ਨਹੀਂ ਲੱਗਣਾ ਕਿਉਂਕਿ ਉਹਦਾ effect ਹੋ ਗਿਆ body ਤੇ। ਖਿਆਲ ਦਾ ਅਸਰ ਹੋ ਗਿਆ। ਮਾੜੇ ਬੰਦਾ ਦਾ, ਕਾਮੀ ਪੁਰਸ਼ ਦਾ ਧਿਆਨ ਧਰ ਲਓ ਅੰਦਰ, ਉਸੇ ਵੇਲੇ vibration ਅੰਦਰ ਹੋਣੀ ਸ਼ੁਰੂ ਹੋ ਜਾਏਗੀ। ਉਹਦੀ ਤਸਵੀਰ ਦੇਖ ਲਓ ਮੰਨ ਦੇ ਅੰਦਰ ਵਿਕਾਰ ਆਉਣੇ ਸ਼ੁਰੂ ਹੋ ਜਾਣਗੇ। ਫੇਰ ਜਦੋਂ ਗੁਰੂ ਦੀ ਤਸਵੀਰ ਦੇਖ ਲਓ, ਆਪਣੇ ਪਿਆਰੇ ਦੀ ਤਸਵੀਰ ਦੇਖ ਕੇ ਕਈ ਵਾਰੀ ਨੇਤਰਾਂ 'ਚ ਜਲ ਆ ਜਾਂਦਾ ਹੈ। ਕਿਉਂਕਿ ਉਹਦੇ ਵਿਚ ਕੋਈ ਅਸਰ ਹੈ ਤਾਂ ਹੀ ਆਉਂਦਾ ਹੈ। ਸੋ ਇਸੇ ਕਰਕੇ ਮਹਾਰਾਜ ਨੇ ਐਸਾ ਫੁਰਮਾਨ ਕਰਿਆ ਹੈ -

***ਧਾਰਨਾ - ਧਰੀਏ ਮਨ ਵਿਚ ਧਿਆਨ***
***ਗੁਰਾਂ ਦੀ ਮੂਰਤ ਦਾ।***

ਗੁਰੂ ਦਾ ਸਿੱਖ ਗੁਰੂ ਨੂੰ ਅੰਦਰ ਵਸਾਉਂਦਾ ਹੈ। ਇਹ ਪ੍ਰੈਕਟੀਕਲੀ ਕਿਵੇਂ ਹੁੰਦਾ ਹੈ। ਕਈਆਂ ਦਾ ਵਿਚਾਰ ਹੁੰਦਾ ਹੈ, ਥਿਊਰੀ ਦੀ ਗੱਲ ਕਰਦੇ ਨੇ, ਪ੍ਰਤਿਆ ਕੇ ਨਹੀਂ ਦੇਖੀਆਂ ਹੁੰਦੀਆਂ ਗੱਲਾਂ। ਨਾ ਪ੍ਰਤਿਆ ਕੇ ਕਿਤਾਬਾਂ ਐਹੋ ਜਿਹੀਆਂ ਪੜ੍ਹ ਲੈਂਦਾ ਹੈ ਨਾ ਓਧਰਲਾ ਨਾ ਏਧਰਲਾ। ਏਸੇ ਕਰਕੇ ਇਹ ਗੁਪਤ ਰਸਤਾ ਹੈ, ਪ੍ਰਗਟ ਨਹੀਂ ਹੈ, ਅਵਸਥਾ ਦੇ ਮੁਤਾਬਿਕ ਹੈ। ਹੁਣ ਧਿਆਨ ਗੁਰੂ ਦੇ ਮੂਰਤ ਦਾ ਵੀ ਹੈ। ਧਿਆਨ ਗੁਰੂ ਦੇ ਸ਼ਬਦ ਦਾ ਵੀ ਹੈ। ਸ਼ਬਦ ਅੱਖਰਾਂ ਨੂੰ ਨਹੀਂ ਕਹਿੰਦੇ। ਜਿਹੜਾ ਸ਼ਬਦ ਗੁਰੂ ਨੇ ਦਿਤਾ ਹੈ ਉਹਦੀ ਸਾਊਂਡ ਦਾ ਹੋਇਆ ਕਰਦਾ ਹੈ ਧਿਆਨ। ਫੇਰ ਧਿਆਨ ਹੈ ਜੋਤੀ ਦਾ ਉਹ ਵੀ ਧਿਆਨ ਹੈ। ਪ੍ਰਮੇਸ਼ਰ ਰੂਪ ਪ੍ਰਤੀਕ ਕਰਕੇ ਮੰਨਣਾ ਉਸ ਨੂੰ। ਉਸ ਤੋਂ ਬਾਅਦ ਜਿਹੜਾ ਆਤਮ ਚਿੰਤਨ ਹੈ ਉਹ ਬ੍ਰਹਮਗਿਆਨੀ ਤੋਂ ਬਗੈਰ ਦੂਸਰਾ ਨਹੀਂ ਕਰ ਸਕਿਆ ਕਰਦਾ। ਜ਼ੋਰ ਲਾ ਲਓ ਕਿਉਂਕਿ ਮਨ ਸੁੰਨ ਅੰਦਰ ਵਿਚ ਠਹਿਰੇਗਾ ਕਿੱਥੇ। ਉਹ ਤਾਂ ਪਹਿਲਾਂ ਵਿਸ਼ਵਾਸ਼ ਜਾਗੇਗਾ ਫੇਰ ਕਿਤੇ ਜਾ ਕੇ ਸੁੰਨ ਮੰਡਲ ਦੇ ਵਿਚ ਸੁੰਨ ਤੋਂ ਪਰ੍ਹੇ ਜਿਹੜਾ ਨਿਰੰਕਾਰ ਉਹਦੇ ਵਿਚ ਚਿੱਤ ਟਿਕਦਾ ਹੈ ਨਹੀਂ ਤਾਂ ਟਿਕਦਾ ਨਹੀਂ ਹੈ। ਉਹ ਤਾਂ ਕੇਵਲ ਗਿਆਨਵਾਨ ਪੁਰਸ਼ਾਂ ਦਾ ਧਿਆਨ ਹੈ। ਬਾਕੀ ਜਗਿਆਸੂ ਦਾ ਪੌੜੀਆਂ ਚੜ੍ਹਨ ਵਾਂਗੂੰ ਇਸੇ ਤਰ੍ਹਾਂ ਨਾਲ ਹੋਇਆ ਕਰਦਾ ਹੈ। ਸੋ ਧਿਆਨ ਦੇ ਵਿਚ ਤ੍ਰਿਕੁਟੀ ਹੁੰਦੀ ਹੈ, ਧਿਆਤਾ ਧਿਆਨ, ਧੇਅ। ਇਹ ਜਿਹੜੀ ਤ੍ਰਿਕੁਟੀ ਹੈ ਜਦੋਂ ਟੁੱਟ ਜਾਂਦੀ ਹੈ ਉਸ ਵੇਲੇ ਆਪਣਾ ਆਪਾ ਗਾਇਬ ਹੋ ਜਾਂਦਾ ਹੈ ਤੇ ਜਿਹਦਾ ਧਿਆਨ ਧਰਦੇ ਹੋਂ ਉਹੀ ਰਹਿ ਜਾਂਦਾ ਹੈ, ਹੋਰ ਕੁਝ ਨਹੀਂ ਰਹਿੰਦਾ। ਉਸ ਵੇਲੇ ਧਿਆਨ ਤੋਂ ਉਤੇ ਆਟੋਮੈਟੀਕਲੀ ਆਦਮੀ ਗਿਆਨ ਮੰਡਲ ਵਿਚ ਤੁਰ ਪਿਆ ਕਰਦਾ ਹੈ। ਸੋ ਧਿਆਨ ਦੇ ਨਾਲ ਜਦੋਂ ਨਾਮ ਜਪਦਾ ਹੈ, ਨਾਮ ਦਾ ਬਲ ਐਨਾ ਪੈ ਜਾਂਦਾ ਹੈ ਕਿ ਰੋਮ-ਰੋਮ ਦੇ ਵਿਚ ਨਾਮ ਚਲ ਜਾਂਦਾ ਹੈ। Vibration ਹੁੰਦੀ ਹੈ ਸਾਰੇ ਸਰੀਰ ਵਿਚ। ਐਸੇ-ਐਸੇ ਦ੍ਰਿਸ਼ ਆਉਂਦੇ ਨੇ ਕਿ ਕੰਬਣੀ ਆਉਂਦੀ ਹੈ ਆਦਮੀ ਨੂੰ, ਸਹਿ ਨਹੀਂ ਸਕਦਾ ਆਦਮੀ। ਜਦੋਂ ਨਾਮ ਦੀ ਧੁਨ ਸਾਰੇ ਸਰੀਰ ਵਿਚ ਪਸਰ ਜਾਵੇ ਉਸ ਵੇਲੇ ਇਕ ਵਾਰੀ ਅੰਦਰ ਨੂੰ ਸਾਹ ਗਿਆ, ਇਕ ਵਾਰੀ ਬਾਹਰ ਨੂੰ ਆਇਆ, ਇਹਦੇ ਵਿਚ ਜੇ ਨਾਮ ਕਹਿ ਦਿੰਦਾ ਹੈ, ਅੰਦਰ ਨੂੰ ਜਾਂਦੇ 'ਚ ਵਾਹਿਗੁਰੂ ਕਹਿੰਦਾ ਹੈ, ਬਾਹਰ ਨੂੰ ਆਉਂਦੇ 'ਚ ਵਾਹਿਗੁਰੂ ਕਹਿੰਦਾ ਹੈ ਜਾਂ ਅੰਦਰ ਨੂੰ ਜਾਂਦੇ 'ਚ 'ਵਾਹਿ' ਤੇ ਬਾਹਰ ਨੂੰ ਆਉਂਦੇ 'ਚ 'ਗੁਰੂ' ਕਹਿੰਦਾ ਹੈ, ਸਾਢੇ ਸੱਤ ਕਰੋੜ ਵਾਰੀ ਨਾਮ ਜਪ ਹੋ ਜਾਂਦਾ ਹੈ ਇਕੋ ਵਾਰੀ ਨਾਮ

ਕਿਹਾ ਹੋਇਆ। ਕਿੰਨਾ ਫਲ ਵੱਧ ਗਿਆ। ਇਕ ਵਾਰੀ ਕਹਿਣਾ ਹੈ ਤੇ ਕਿੰਨਾ ਨਾਮ ਦਾ ਫਲ ਹੋ ਜਾਂਦਾ ਹੈ। ਮਹਾਰਾਜ ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਰੋਮ-ਰੋਮ ਹਰਿ ਧਿਆਵੇ ਗੁਰਮੁਖ ਪਿਆਰੇ ਦਾ।***

ਬੇਅੰਤ ਮਹਾਤਮਾਵਾਂ ਨੂੰ ਪ੍ਰਤੱਖ ਰੂਪ ਵਿਚ ਇਹ ਅਵਸਥਾਵਾਂ ਪ੍ਰਾਪਤ ਹੁੰਦੀਆਂ ਨੇ। ਜਿਨ੍ਹਾਂ ਨੇ ਆਪਣੇ ਅਨੁਭਵ ਦੇ ਨਾਲ ਸੰਸਾਰ ਨੂੰ ਦੱਸਿਆ ਕਿ ਇਹ ਵੀ ਅਵਸਥਾ ਹੁੰਦੀ ਹੈ ਹਰ ਰੋਮ ਦੇ ਵਿਚੋਂ ਨਾਮ ਦੀ ਧੁਨ ਉਠ ਹੁੰਦੀ ਹੈ। ਕਿਉਂਕਿ ਨਾਮ ਦੀ ਧੁਨ ਸਾਰੇ ਸਰੀਰ ਵਿਚ ਹੀ ਨਹੀਂ ਹੈ। ਸਾਰੇ ਬ੍ਰਹਿਮੰਡ ਵਿਚ ਹੈ। ਮਹਾਰਾਜ ਕਹਿੰਦੇ ਉਹ ਨਾਮ ਦੀ ਧੁਨ ਅਸਲੀ ਚੀਜ਼ ਹੈ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯*

ਉਹ ਚਾਬੀ ਹੈ, ਚਾਬੀ ਦੇ ਨਾਲ ਕੀ ਹੁੰਦਾ ਹੈ, ਤਾਲੇ ਖੁਲ੍ਹ ਜਾਇਆ ਕਰਦੇ ਨੇ।

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ - ੯੫੪*

ਜਦੋਂ ਗੁਰੂ ਦੇ ਸ਼ਬਦ ਦੀ, ਇਕ ਤਾਂ ਸ਼ਬਦ ਹੈ ਜਿਸਨੂੰ 'ਅਹਿਤ' ਕਹਿੰਦੇ ਨੇ। ਉਹ ਸ਼ਬਦ ਹੈ ਪ੍ਰਕ੍ਰਿਤੀ ਦਾ, ਪਾਣੀ ਹੇਠਾਂ ਗਿਰ ਰਿਹਾ ਹੈ, ਆਵਾਜ਼ ਆਉਂਦੀ ਹੈ; ਅੱਗ ਜਲਦੀ ਹੈ ਭੱਖ-ਭੱਖ ਕਰਦੀ ਹੈ, ਹਵਾ ਚਲਦੀ ਹੈ ਆਵਾਜ਼ਾਂ ਦੇ ਰਹੀ ਹੈ, ਸਾਂ-ਸਾਂ ਦੀਆਂ ਅਵਾਜ਼ਾਂ ਦੇ ਰਹੀ ਹੈ; ਇਸੇ ਤਰ੍ਹਾਂ ਬੱਦਲ ਹੈ ਗਰਜਦਾ ਹੈ ਉਹਦੀ ਆਵਾਜ਼ ਹੈ, ਬਿਜਲੀ ਕੜਕਦੀ ਹੈ ਉਹਦੀ ਆਵਾਜ਼ ਹੈ, ਇਹਨੂੰ ਸਾਰੇ ਨੂੰ ਸ਼ਬਦ ਕਹਿੰਦੇ ਨੇ। ਇਹ ਪ੍ਰਾਕ੍ਰਿਤਕ ਸ਼ਬਦ ਹੈ। ਦੂਜਾ ਹੋਇਆ ਕਰਦਾ ਹੈ ਗੁਰੂ ਦਾ ਸ਼ਬਦ। ਗੁਰੂ ਦਾ ਸ਼ਬਦ ਦੋ ਰੂਪਾਂ 'ਚ ਹੋਇਆ ਕਰਦਾ ਹੈ। ਇਕ ਤਾਂ ਮੰਤਰ ਦੇ ਰੂਪ ਵਿਚ ਹੁੰਦਾ ਹੈ, ਜੋ ਪੰਜ ਪਿਆਰੇ ਦਿੰਦੇ ਨੇ, ਇਕ ਗੁਰੂ ਗ੍ਰੰਥ ਸਾਹਿਬ ਦੇ ਵਿਚ ਸ਼ਬਦ ਹੈ, ਉਹ ਜਿਹੜਾ ਖੋਜ ਲਏਗਾ ਉਹਨੂੰ ਤਾਂ ਲੱਭ ਜਾਂਦਾ ਹੈ, ਦੂਜੇ ਨੂੰ ਨਹੀਂ ਪਤਾ ਲਗਦਾ, ਦੂਜਾ ਉਤੋਂ-ਉਤੋਂ ਪੜ੍ਹ ਕੇ ਲੰਘ ਜਾਂਦਾ ਹੈ। ਜਿਹੜਾ ਇਹਦੇ ਵਿਚ ਸ਼ਬਦ ਹੈ ਜਿਹਨੇ ਇਹਦੀ ਹਉਮੈ ਦਾ ਨਾਸ਼ ਕਰਨਾ ਹੈ, ਇਹ ਇਹਦੇ ਵਿਚ ਪਿਆ ਹੈ, ਗੁਰੂ ਗ੍ਰੰਥ ਸਾਹਿਬ ਦੇ, ਟੋਲਣਾ ਪੈਂਦਾ ਹੈ। ਤੀਸਰਾ ਸ਼ਬਦ ਉਹ ਹੈ ਜਿਹੜਾ ਨਿਰੰਕਾਰ ਦਾ ਸ਼ਬਦ ਹੈ। ਜਿਹਨੂੰ 'ਨਾਮ' ਕਹਿੰਦੇ ਹਾਂ ਅਸੀਂ।

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥*
*ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩*

ਆਪਣੇ ਆਪ ਤੋਂ ਨਿਰੰਕਾਰ ਨੇ ਉਹਦਾ ਨਾਉਂ ਰੱਖ ਲਿਆ ਓਅੰਕਾਰ।

*ਕੀਤਾ ਪਸਾਉ ਏਕੋ ਕਵਾਉ ॥ ਅੰਗ - ੩*

ਓਹੀ ਸ਼ਬਦ ਸਾਰੇ ਪਰੀਪੂਰਨ ਹੈ।

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥*
*ਨਾਮ ਕੇ ਧਾਰੇ ਆਗਾਸ ਪਾਤਾਲ ॥*
*ਨਾਮ ਕੇ ਧਾਰੇ ਸਗਲ ਆਕਾਰ ॥*
*ਨਾਮ ਕੇ ਧਾਰੇ ਪੁਰੀਆ ਸਭ ਭਵਨ ॥*
*ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥*
*ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥*
*ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥*
*ਅੰਗ - ੨੮੪*

ਜੋ ਕੁਛ ਵੀ ਦ੍ਰਿਸ਼ਟਮਾਨ ਹੈ, ਉਹ ਸ਼ਬਦ ਸੁਣਦਾ ਹੈ ਹਰੇਕ ਦੇ ਅੰਦਰ। ਕਹਿੰਦੇ ਨੇ ਕਿ ਸਾਨੂੰ ਤਾਂ ਸੁਣਦਾ ਨਹੀਂ, ਮਹਾਰਾਜ ਕਹਿੰਦੇ ਤੁਹਾਡਾ ਚਿੱਤ ਮਾਇਆ ਮੰਡਲ 'ਚੋਂ ਉਪਰ ਨਹੀਂ ਉਠਿਆ। ਮਾਇਆ ਦੇ ਮੰਡਲ ਵਿਚ ਚਿੱਤ ਹੋਣ ਕਰਕੇ -

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥*
*ਅੰਗ - ੩੧੩*

Extreem ਤੱਕ ਬੋਲਾ, ਅੰਨਾ ਹੈ। ਉਹ ਸ਼ਬਦ ਨਹੀਂ ਸੁਣਦਾ ਕਿਉਂਕਿ ਦਰਵਾਜ਼ਾ ਬੰਦ ਹੈ ਉਥੇ ਜਿੱਥੇ ਸ਼ਬਦ ਬੋਲਦਾ ਹੈ। ਹਰ ਵਕਤ ਚਲਦਾ ਹੈ ਉਥੇ ਸ਼ਬਦ। ਹਰ ਵਕਤ ਆਵਾਜ਼ ਆ ਰਹੀ ਹੈ। ਉਸ ਸ਼ਬਦ ਦੀ ਪ੍ਰਾਪਤੀ ਜਿਹਨੂੰ ਹੋ ਜਾਵੇ, ਸ਼ਬਦ ਨਾਮ ਤੇ ਨਾਮੀ ਇਕੋ ਹੀ ਨੇ ਦੋ ਨਹੀਂ ਹਨ। ਗੁਰੂ ਮਹਾਰਾਜ ੧ ਤੋਂ ਬਾਅਦ ਓਅੰਕਾਰ ਲਿਖਿਆ (ੴ) ਸ਼ਬਦ। ਫੇਰ ਕਿਹਾ ਕਿ ਅਲੱਗ-ਅਲੱਗ ਨਹੀਂ ਇਕੋ ਹੀ ਹੈ। ਸਤਿ ਹੈ, ਫੇਰ ਇਹ ਨਾਮ ਹੈ ਜਿਹੜਾ ਸਤਿ ਹੈ। ਇਹਨੂੰ ਨਾਮ ਕਹਿੰਦੇ ਨੇ। ਫੇਰ ਸੁੰਨ-ਮੁੰਨ ਨਹੀਂ ਹੈ, action ਵਿਚ ਹੈ। ਸਭ ਕੁਛ ਜਾਣਦਾ ਹੈ, ਸਭ ਕੁਛ ਬੁਝਦਾ ਹੈ, ਪਿਆਰ ਕਰਦਾ ਹੈ। ਉਹ ਚੀਜ਼ ਹੀ ਐਸੀ ਹੈ

ਅਸੀਂ ਪ੍ਰਾਕ੍ਰਿਤਕ ਸ਼ਬਦ ਨਾਲ ਰਲਾ ਲੈਂਦੇ ਹਾਂ, ਧੋਖਾ ਖਾ ਜਾਂਦੇ ਹਾਂ। ਉਹ ਕੋਈ ਚੀਜ਼ ਹੈ ਜਿਹਦਾ ਨਾਮ ਰੱਖਿਆ ਗਿਆ, ਉਹ ਨਾਮ ਦੀ ਸ਼ਕਤੀ ਹੈ। ਪੂਰਨ ਸ਼ਕਤੀ ਹੈ। ਉਹ ਨਾਮ ਹਿਰਦੇ ਵਿਚ ਵਸ ਜਾਂਦਾ ਹੈ। ਜਦੋਂ ਚਾਬੀ ਮਿਲ ਜਾਵੇ ਗੁਰੂ ਤੋਂ।

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ - ੯੫੪*

ਜੇ ਗੁਰੂ ਦਾ ਸ਼ਬਦ ਮਿਲ ਜਾਵੇ ਤਾਂ ਉਹ ਖੁਲ੍ਹ ਜਾਂਦਾ ਹੈ। ਫੇਰ ਨਿਸ਼ਾਨੀ ਕੀ ਹੈ -

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਅੰਗ - ੯੫੪*

ਬਗੈਰ ਵਜਾਏ ਹੋਏ ਵਾਜੇ ਉਥੇ ਦੀ ਨਿਸ਼ਾਨੀ ਹੈ। ਫੇਰ ਉਹ ਜਿਹੜਾ ਸ਼ਬਦ ਮਹਾਰਾਜ ਜੀ ਨੇ ਕਿਹਾ ਇਥੇ ਵਾਹਿਗੁਰੂ ਦਾ ਸ਼ਬਦ ਸੁਣਦਾ ਹੈ। ਜਿਸ ਧੁਨ ਨੇ ਸਾਰੇ ਬ੍ਰਹਿਮੰਡਾਂ ਨੂੰ ਥੰਮ ਕੇ ਰੱਖਿਆ ਹੋਇਆ ਹੈ, ਉਹ ਧੁਨ ਸੁਣਦੀ ਹੈ। ਫੇਰ ਪ੍ਰਕਾਸ਼ ਹੈ -

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਅੰਗ - ੯੫੪*

*ਨਉ ਦਰ ਠਾਕੇ ਧਾਵਤੁ ਰਹਾਏ ॥*
*ਦਸਵੈ ਨਿਜ ਘਰਿ ਵਾਸਾ ਪਾਏ ॥*
*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦਿ ਸੁਣਾਵਣਿਆ ॥*
*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ*
*ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥*
*ਅੰਗ - ੧੨੪*

ਜਦੋਂ ਨਉ ਦਰਵਾਜ਼ੇ ਠਾਕ ਲਏ, ਇਹਦੇ ਵਿਚੋਂ ਮਨ ਨੂੰ ਕਿਸੇ ਵੀ ਦਰਵਾਜ਼ੇ 'ਚੋਂ ਬਾਹਰ ਨਾ ਜਾਣ ਦਿਤਾ ਤਾਂ ਫੇਰ ਆਪਣੇ ਘਰ ਨੂੰ ਮੁੜਦਾ ਹੈ। ਜਦੋਂ ਫੇਰ ਘਰ ਨੂੰ ਮੁੜਦਾ ਹੈ ਗੁਰਦੁਆਰੇ ਪਹੁੰਚਦਾ ਹੈ, ਫੇਰ -

*ਗੁਰਦੁਆਰੈ ਲਾਇ ਭਾਵਨੀ*
*ਇਕਨਾ ਦਸਵਾ ਦੁਆਰੁ ਦਿਖਾਇਆ ॥*
*ਤਹ ਅਨੇਕ ਰੂਪ ਨਾਉ ਨਵ ਨਿਧਿ*
*ਤਿਸ ਦਾ ਅੰਤੁ ਨ ਜਾਈ ਪਾਇਆ ॥*
*ਅੰਗ - ੯੨੨*

ਤਸੱਲੀ ਹੋ ਜਾਂਦੀ ਹੈ। ਫੇਰ ਉਹ ਘਰ ਨਹੀਂ ਛੱਡਦਾ ਫੇਰ ਉਥੇ ਹੀ ਟਿਕ ਜਾਂਦਾ ਹੈ। ਬਾਰ-ਬਾਰ ਅੰਦਰ ਨੂੰ ਜਾਏਗਾ ਕਿਉਂਕਿ ਅਸਲੀ ਘਰ ਲੱਭ ਗਿਆ। ਨਿਜ ਘਰ, ਸੋ ਘਰ।

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - ੧੨੪*

ਜੇ ਸ਼ਬਦ ਪ੍ਰਗਟ ਨਹੀਂ ਹੋਇਆ ਤਾਂ ਹਨ੍ਹੇਰਾ ਹੈ ਅੰਦਰ। ਕੁਛ ਨਹੀਂ ਸੋਝੀ। ਨਾ ਆਪਣੇ ਸਰੂਪ ਦਾ ਗਿਆਨ ਹੋਵੇ ਨਾ ਨਾਮ ਜਪਣ ਤੋਂ ਅਸੀਂ ਹਟੀਏ। ਕੁੰਜੀ ਗੁਰੂ ਕੋਲ ਹੈ। ਗੁਰੂ ਮਿਲਦਾ ਹੈ ਪੂਰੇ ਭਾਗਾਂ ਨਾਲ। ਜਿਸਦੀ ਬਿਰਤੀ ਇਥੇ ਪਹੁੰਚ ਜਾਂਦੀ ਹੈ ਉਹਦੀ ਮੈਂ ਮਰ ਜਾਂਦੀ ਹੈ।

ਸੰਤ ਮਹਾਰਾਜ ਜੀ ਕੋਲ ਆਏ ਪ੍ਰੇਮੀ ਇਕ ਵਾਰੀ, ਅਸੀਂ ਬੈਠੇ ਸੀ।

ਮਹਾਰਾਜ ਜੀ ਨੇ ਪੁੱਛਿਆ, ਭਾਈ ਕਿਵੇਂ ਆਏ ਓਂ?

ਕਹਿਣ ਲੱਗੇ, ਦਰਸ਼ਨ ਕਰਨ ਆਏ ਹਾਂ ਜੀ।

ਕਹਿਣ ਲੱਗੇ, ਕੀਹਦਾ? ਮਹਾਰਾਜ! ਤੁਹਾਡਾ।

ਮਹਾਰਾਜ ਕਹਿਣ ਲੱਗੇ, ਮੈਂ ਕੌਣ ਹਾਂ?

ਕਹਿਣ ਲੱਗੇ, ਸੰਤ ਈਸ਼ਰ ਸਿੰਘ ਜੀ।

ਮਹਾਰਾਜ ਕਹਿਣ ਲੱਗੇ ਕਿ ਉਹ ਤਾਂ ਬੜੀ ਦੇਰ ਹੋ ਗਈ ਮਰੇ ਨੂੰ। ਪੁਰਾਣੀਆਂ ਗੱਲਾਂ ਨੇ, ਜਦ ਸੀਗਾ ਹੁਣ ਤਾਂ ਪੁਰਾਣੀਆਂ ਗੱਲਾਂ ਨੇ।

ਗੱਲ ਦੱਸ ਦਿਤੀ ਮਹਾਰਾਜ ਨੇ, ਇਕ ਰਮਜ਼ ਦੇ ਨਾਲ ਭੇਤ ਦੇ ਦਿਤਾ। ਕਿਉਂਕਿ 'ਮੈਂ' ਨਹੀਂ ਰਹਿੰਦੀ।

*ਹੋਤੇ ਤਬ ਜਬ ਹਮ ਤੂ ਨਾਹੀ ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥ ਅੰਗ - ੬੫੭*

ਜਿਵੇਂ ਨਾਉਂ ਹੈ 'ਵਰਿਆਮ ਸਿੰਘ' ਜਿੰਨਾ ਚਿਰ ਇਹਦਾ ਭਾਵ ਹੈ ਅੰਦਰ ਓਨਾ ਚਿਰ ਵਾਹਿਗੁਰੂ ਹੈ ਨਹੀਂ। ਜਿੱਥੇ ਮੈਂ ਨਹੀਂ ਹਾਂ ਤੂੰ ਹੀ ਹੈਂ, ਓਹਦੀ ਅਵਸਥਾ ਕਿੱਡੀ ਹੋ ਜਾਂਦੀ ਹੈ, ਫੁਰਮਾਨ ਕਰਦੇ ਨੇ -

*ਧਾਰਨਾ - ਸਾਂਈ ਹੀ ਵਰਗੇ ਨੇ*
*ਵਿਸਰੇ ਨਾ ਨਾਮ ਜਿਨ੍ਹਾਂ ਨੂੰ।*
*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥*

*ਅੰਗ - ੧੦੭੬*

ਭਾਈ ਮੇਹਰੂ ਨੇ ਸੇਵਾ ਕਰਕੇ, ਸਿਮਰਨ ਕਰਕੇ ਉਹ ਅਵਸਥਾ ਪ੍ਰਾਪਤ ਕਰ ਲਈ ਜਿੱਥੇ ਜਾ ਕੇ ਗੁਰੂ ਤੇ ਸਿੱਖ ਇਕ ਹੋ ਜਾਇਆ ਕਰਦਾ ਹੈ। ਦੋ ਨਹੀਂ ਰਿਹਾ ਕਰਦਾ। ਜਦੋਂ ਮਹਾਰਾਜ ਜੀ ਨੇ ਦੇਖਿਆ ਇਹਦੀ ਦ੍ਰਿੜ੍ਹ ਬਿਰਤੀ ਹੋ ਗਈ, ਉਸ ਵੇਲੇ ਮਹਾਰਾਜ ਕਹਿਣ ਲੱਗੇ ਭਾਈ ਮੇਹਰੂ, ਜੋ ਕੁਛ ਤੁਸੀਂ ਪਾਉਣਾ ਸੀ ਪਾ ਲਿਆ। ਜਿਥੇ ਪਹੁੰਚਣਾ ਸੀ ਪਹੁੰਚ ਲਏ ਤੁਸੀਂ, ਜੋ ਕੁਛ ਜਾਨਣਾ ਸੀ ਜਾਣ ਲਿਆ ਹੁਣ ਇਸ ਬਿਰਤੀ ਨੂੰ ਸੰਸਾਰ ਦੇ ਧੰਦਿਆਂ 'ਚ ਪੈ ਕੇ ਅਰੂੜ੍ਹ ਰੱਖੋ। ਕਿਉਂਕਿ ਉਹ ਜਿਹੜਾ ਹੈ ਕਰਮ ਖੇਤਰ ਹੈ।

ਗੁਰੂ ਮਹਾਰਾਜ ਨੇ ਸਾਨੂੰ ਕਰਮ ਖੇਤਰ ਤਿਆਗਣ ਦੀ ਆਗਿਆ ਨਹੀਂ ਦਿਤੀ। ਕਰਮ ਕਰੋ, ਆਪਣਾ ਧਰਮ ਜਾਣ ਕੇ, ਨਿਸ਼ਕਾਮ ਕਰੇ। ਕਿਸੇ ਫਲ ਦੀ ਇੱਛਿਆ ਹੀ ਨਾ ਰੱਖੇ। ਜਿੰਨਾ ਚਿਰ ਸੰਸਾਰ 'ਚ ਰਹਿਣਾ ਹੈ, ਕੁਛ ਕਰਨਾ ਹੀ ਹੈ। ਬੋਲਣਾ ਵੀ ਹੈ, ਕਹਿਣਾ ਵੀ ਹੈ। ਆਪ ਤਾਂ ਤਰ ਗਿਆ, ਲੇਕਿਨ ਸੰਸਾਰ ਦਾ ਉਧਾਰ ਕਰੋ। ਕਿਉਂਕਿ ਉਹਦਾ ਜੀਵਨ ਹੀ ਸੰਸਾਰ ਦਾ ਉਧਾਰ ਕਰਨ ਦਾ ਹੈ।

ਜਿਸ ਵਕਤ ਭਾਈ ਮੇਹਰੂ ਨੂੰ ਹੁਕਮ ਦਿਤਾ। 'ਸਤਿ ਬਚਨ' ਕਿਹਾ ਤੇ ਆਪ ਉਸੇ ਅਰੂੜ੍ਹ ਬਿਰਤੀ ਵਿਚ ਘਰ ਆ ਗਏ। ਪਿੰਡ ਵਾਲੇ ਮਿਲੇ ਕਿ ਆ ਗਿਆ ਭਾਈ ਮੇਹਰੂ। ਕੋਈ ਚੋਰ ਕਹੇ, ਕੋਈ ਚਕਾਰ ਕਹੇ। ਲੇਕਿਨ ਜਦੋਂ ਨੇੜੇ ਆਉਣ ਹੈਰਾਨ ਰਹਿ ਜਾਣ ਕਿ ਇਹਦੇ ਤਾਂ ਨੇਤਰਾਂ ਵਿਚ ਅਕਹਿ ਰਸ ਹੈ ਕੋਈ। ਇਹਦਾ ਬਚਨ ਕੀ ਹੈ, ਇਕ ਵਾਰੀ ਬੋਲਦਾ ਹੈ, ਅੰਦਰ ਧੁਰ ਚਲਿਆ ਜਾਂਦਾ ਹੈ। ਇਹ ਤਾਂ ਮੋਹਿਤ ਕਰਦਾ ਹੈ ਸਾਰਿਆਂ ਨੂੰ ਬਚਨਾਂ ਦੇ ਨਾਲ। ਇਹ ਤਾਂ ਕਿਸੇ ਨਸ਼ੇ ਦੇ ਨਾਲ ਖੀਵਾ ਹੋਇਆ ਹੋਇਆ ਹੈ ਜਿਸ ਨੂੰ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਚੜ੍ਹੀ ਰਹੇ ਦਿਨ ਰਾਤ***
***ਨਾਮ ਖੁਮਾਰੀ-ਨਾਮ ਖੁਮਾਰੀ।***

ਰੰਗ ਲੱਗ ਗਿਆ, ਪਿਆਰ ਲੱਗ ਗਿਆ। ਹੁਣ ਲਹਿੰਦਾ ਨਹੀਂ ਹੈ।

*ਕਾਇਆ ਕਾਪਰੁ ਚੀਰ ਬਹੁ ਫਾਰੇ*
*ਹਰਿ ਰੰਗੁ ਨ ਲਹੈ ਸਭਾਗਾ ॥ ਅੰਗ - ੯੮੫*

ਐਸੀ ਜਦੋਂ ਅਵਸਥਾ ਦੇਖੀ, ਸਾਰਾ ਪਿੰਡ ਆ ਗਿਆ, ਦਰਸ਼ਨ ਕਰਦਾ ਹੈ। ਧੰਨ-ਧੰਨ ਕਹਿੰਦੇ ਨੇ, ਭਾਈ ਮੇਹਰੂ ਦਾ ਕੀ ਬਣ ਗਿਆ ਇਹ ਤਾਂ ਮਹਾਤਮਾ ਹੈ। ਇਹਦੀ ਦ੍ਰਿਸ਼ਟੀ ਦੇ ਵਿਚ ਖਿੱਚ ਹੈ, ਇਹਦੇ ਬਚਨਾਂ ਦੇ ਅੰਦਰ ਮਿਠਾਸ ਹੈ, ਇਹਦੀ ਬੋਲ-ਚਾਲ ਜਿਹੜੀ ਹੈ ਇਹ ਤਾਂ ਆਪਣਾ ਬਣਾਉਂਦੀ ਤੁਰੀ ਜਾਂਦੀ ਹੈ। ਭਾਈ ਮੇਹਰੂ ਦੇ ਵਿਚ ਉਹ ਰੂਹ ਨਹੀਂ ਰਹੀ ਕੋਈ ਹੋਰ ਪਰਵੇਸ਼ ਕਰ ਗਈ। ਉਸ ਵੇਲੇ ਘਰਵਾਲੀ ਨੇ ਕਿਹਾ ਆ ਗਿਆ, ਕਾਫੀ ਦੇਰ ਹੋ ਗਈ ਆਏ ਨੂੰ। ਮੈਂ ਹੁਣ ਇਹਨੂੰ ਖਾਣ ਪੀਣ ਨੂੰ ਦੇਵਾਂ, ਗਈ ਜਾ ਕੇ ਕਾੜ੍ਹਨੀ ਦੇ ਵਿਚੋਂ ਦੁੱਧ ਕੱਢਿਆ, ਵਿਚ ਮਿੱਠਾ ਪਾ ਕੇ ਲਿਆ ਕੇ ਚੌਂਕੀ ਦੇ ਉਤੇ ਰੱਖ ਦਿਤਾ। ਬੇਨਤੀ ਕਰੀ ਕਿ ਤੁਸੀਂ ਦੁੱਧ ਪੀ ਲਓ, ਦੂਰੋਂ ਆਏ ਓਂ। ਕਹਿਣ ਲੱਗਿਆ, ਹੈਂ ਦੁੱਧ। ਨਿਗ੍ਹਾ ਚਲੀ ਗਈ ਉਤੇ, ਪਹਿਲੇ ਸੰਸਕਾਰਾਂ ਦੀਆਂ ਸ਼ਰਾਬ ਦੀਆਂ ਬੋਤਲਾਂ ਰੱਖੀਆਂ ਪਈਆਂ ਨੇ। ਕਹਿੰਦਾ, ਉਹ ਜਿਹੜੀਆਂ ਬੋਤਲਾਂ ਪਈਆਂ ਨੇ ਇਨ੍ਹਾਂ ਨੂੰ ਬਾਹਰ ਦੂਰ ਕਿਤੇ ਸੁੱਟ ਦਿਓ। ਭੰਨ ਦਿਓ ਬੋਤਲਾਂ। ਸਾਰੀਆਂ ਸੁਟਾ ਦਿਤੀਆਂ। ਉਸ ਤੋਂ ਬਾਅਦ ਦੁੱਧ ਨਹੀਂ ਪੀਤਾ। ਡੰਡਾ ਲੈ ਲਿਆ, ਮੱਝਾਂ, ਕੱਟੀਆਂ, ਕੱਟੇ ਉਹ ਸਾਰੇ ਹੀ ਖੋਲ੍ਹ ਲਏ, ਖੋਲ੍ਹ ਕੇ ਨਾਲ ਦੇ ਪਿੰਡ ਨੂੰ ਹੱਕ ਤੁਰੇ, ਨਾਲ ਪੰਜ ਦੱਸ ਬੰਦੇ ਹੋ ਗਏ, ਭਾਈ ਸਾਨੂੰ ਕੰਮ ਹੈ, ਸਾਡੇ ਨਾਲ ਚੱਲੋ ਜ਼ਰਾ। ਨਾਲ ਦਾ ਪਿੰਡ ਸੀ ਜਿਹੜਾ ਨੇੜੇ ਦਾ ਕਿਤੇ। ਉਥੇ ਭਾਈ ਨੌਧ ਦਾ ਘਰ ਪੁੱਛ ਕੇ ਚਲੇ ਗਏ। ਜਾ ਕੇ ਜਿਸ ਵਕਤ ਪਸ਼ੂ ਵਾੜੇ, ਖਾਲੀ ਕਿੱਲ੍ਹੇ ਸੀ ਪਹਿਲੇ ਉਹਦੇ ਪਸ਼ੂ ਚੁਗਣ ਗਏ ਸੀ। ਘਰਵਾਲੀ ਨੇ ਦੇਖਿਆ ਕਿ ਕੌਣ ਆ ਗਿਆ, ਮੱਝਾਂ ਨੇ, ਕੱਟਰੂ ਨੇ, ਝੋਟੀਆਂ ਨੇ। ਉਸ ਵੇਲੇ ਬੰਨ੍ਹ ਜਾਂਦੇ ਨੇ ਫਟਾਫਟ। ਸੁਨੇਹਾ ਭੇਜਿਆ ਕਿ ਪਤਾ ਨਹੀਂ ਕੌਣ ਆਇਆ ਹੈ, ਬੇਅੰਤ ਹੀ ਮੱਝਾਂ, ਕੱਟੀਆਂ, ਕੱਟੇ ਲੈ ਆਇਆ। ਲਵਾਰੇ ਪਿੱਛੇ ਹੀ ਨੇ ਇਨ੍ਹਾਂ ਦੇ ਸਾਰੇ। ਸੋ ਉਸ ਵੇਲੇ ਭਾਈ ਨੌਧ ਆ ਗਿਆ। ਪਛਾਣ ਲਿਆ ਕਹਿਣ ਲੱਗਾ ਭਾਈ ਮੇਹਰੂ ਤੂੰ? ਤੂੰ ਤਾਂ ਬਿਲਕੁਲ ਹੀ ਬਦਲਿਆ ਹੋਇਆ ਹੈਂ, ਤੂੰ ਤਾਂ ਉਹ ਰਿਹਾ ਹੀ ਨਹੀਂ। ਆਹ ਕੀ ਗੱਲ ਹੈ ਤੂੰ ਐਨੀਆਂ ਮੱਝਾਂ ਲੈ ਆਂਦੀਆਂ। ਕਿਤੇ ਅੱਗੇ ਵੇਚਣ ਜਾਣੀਆਂ ਨੇ। ਕਹਿਣ ਲੱਗਾ, ਨਹੀਂ ਭਰਾਵਾ! ਵੇਚਣ ਨਹੀਂ ਮੈਂ ਜਾਣੀਆਂ। ਤੇਰੀ ਮੱਝ ਮੈਂ ਇਕ ਮੱਝ ਚੋਰੀ ਕਰੀ ਸੀ, ਇਕ ਮੱਝ ਦਾ ਕਿੱਡਾ ਪਰਿਵਾਰ ਹੋ ਗਿਆ ਸਾਡੇ ਘਰ ਜਾ ਕੇ ਤੇ ਸਤਿਗੁਰੂ ਦੇ ਪਾਸ ਗਿਆ, ਦੇਖ ਭਾਈ ਮੈਂ ਮੋਟਾ ਜਿਹਾ ਹਿਸਾਬ ਲਾਉਂਦਾ ਹਾਂ, ਜਿਹੜੇ ਕਟਰੂ ਬੱਛਰੂ ਆਹ ਪਲ ਗਏ, ਝੋਟੀਆਂ ਬਣ ਗਈਆਂ। ਇਹ ਤਾਂ ਹੈਗਾ ਇਹਦਾ ਹੀ। ਆਹ ਕਈ ਹਜ਼ਾਰ ਰੁਪਈਆ ਆਹ ਜਿਹੜਾ ਦੁੱਧ ਪੀਤਾ ਹੈ ਇਨ੍ਹਾਂ ਮੱਝਾਂ ਦਾ ਇਹ ਉਹ ਹੈ, ਇਹ ਲੇਖਾ

(ਬਾਕੀ ਪੰਨਾ 43 ਤੇ)

### ਪਰਮ ਪਿਆਰੇ ਮਹਿਬੂਬ ਪਿਤਾ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਤੇ ਵਿਸ਼ੇਸ਼

# ਅਬ ਮੈ ਅਪਨੀ ਕਥਾ ਬਖਾਨੋ

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ*
*ਬਾਨੀ ਵਿ. ਗੁ. ਰੂਹਾਨੀ ਮਿਸ਼ਨ, ਰਤਵਾੜਾ ਸਾਹਿਬ*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਨਾਲ ਏਸ ਕਲਜੁਗ ਦੇ ਜਲਦੇ ਬਲਦੇ ਸਮੇਂ ਦੇ ਅੰਦਰ ਜਦੋਂ ਕਿ ਹਰ ਪਾਸੇ ਹਾਹਾਕਾਰ ਮਚੀ ਹੋਈ ਹੈ। ਸਾਰੀ ਦੁਨੀਆਂ ਜਲ ਰਹੀ ਹੈ। ਆਦਮੀ ਹੈਰਾਨ ਹੈ ਕਿ ਕੀ ਕੀਤਾ ਜਾਵੇ? ਏਸ ਸੰਸਾਰ ਦੇ ਉਤੇ ਕੀ ਹੋ ਰਿਹਾ ਹੈ? ਵੱਡੇ-ਵੱਡੇ ਸਿਆਣੇ ਜੋ ਮੁੱਖੀ ਹਨ, ਉਹ ਵੀ ਇਸ ਸੋਚ ਹਨ ਕਿ ਕਿਵੇਂ ਆਦਮੀ ਦੇ ਮਨ ਨੂੰ ਸ਼ਾਂਤੀ ਪਹੁੰਚੇ। ਪਰ ਇਹ ਸ਼ਾਂਤੀ -

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭*

ਜਿੰਨੀ ਦੇਰ ਤੱਕ ਨਾਮ ਦਾ ਮਾਹੌਲ ਨਹੀਂ ਮਿਲਦਾ ਓਨੀ ਦੇਰ ਤੱਕ ਮਨ ਵਿਚ ਧੀਰਜ ਨਹੀਂ ਆ ਸਕਿਆ ਕਰਦਾ। ਸੋ ਆਪ ਉਪਰ ਵਾਹਿਗੁਰੂ ਜੀ ਦੀ ਕ੍ਰਿਪਾ ਹੈ ਕਿ ਆਪ ਦੂਰ-ਦਰਾਜ਼ ਤੋਂ ਚੱਲ ਕੇ ਬੱਸਾਂ ਦੇ ਰਾਹੀਂ, ਟਰੱਕਾਂ ਦੇ ਰਾਹੀਂ, ਹੋਰ ਅਨੇਕਾਂ ਸਵਾਰੀਆਂ ਦੇ ਰਾਹੀਂ ਦੂਰ-ਦਰਾਜ ਤੋਂ ਏਸ ਸਥਾਨ ਤੇ ਪਹੁੰਚੇ ਓਂ। ਕਿਸ ਵਾਸਤੇ? ਕਿ ਆਪਣੇ ਪਰਮ ਪਿਆਰੇ ਮਹਿਬੂਬ ਪਿਤਾ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਅੱਜ ਸਾਰੇ ਸੰਸਾਰ ਵਿਚ ਮਨਾਇਆ ਜਾ ਰਿਹਾ ਹੈ। ਸਾਰੇ ਆਪਣੀ ਸ਼ਰਧਾ ਹਰ ਥਾਂ ਦੇ ਅੰਦਰ ਜਿੰਨਾ ਵੀ ਕਿਸੇ ਅੰਦਰ ਬੋਲ ਹੈ ਉਹ ਬੋਲ ਕੇ ਪ੍ਰਗਟ ਕਰ ਰਿਹਾ ਹੈ। ਜਿਹਦੇ ਹਿਰਦੇ ਦੇ ਅੰਦਰ ਵਲਵਲੇ ਨੇ ਉਹ ਵਲਵਲਿਆਂ ਦੇ ਰਾਹੀਂ ਆਪਣੀ ਸ਼ਰਧਾ ਭੇਂਟ ਕਰ ਰਿਹਾ ਹੈ, ਜਿਸਨੂੰ ਪ੍ਰਮੇਸ਼ਰ ਕੁਛ ਮਾਇਕ ਤਾਕਤ ਦਿਤੀ ਹੈ, ਉਹ ਬੇਅੰਤ ਕਿਸਮ ਦੇ ਨਾਲ ਸੇਵਾ ਕਰ ਰਿਹਾ ਹੈ, ਕੋਈ ਲੰਗਰਾਂ ਦੀ ਸੇਵਾ ਕਰ ਰਿਹਾ ਹੈ, ਕੋਈ ਹੋਰ ਸੇਵਾ ਕਰ ਰਿਹਾ ਹੈ। ਸਾਰਿਆਂ ਦੇ ਮਨ ਵਿਚ ਉਤਸ਼ਾਹ ਹੈ। ਕਿਉਂ ਹੈ? ਕਿਉਂਕਿ ਉਹ ਐਨੇ ਪਿਆਰੇ ਗੁਰੂ ਸਨ, ਐਨੇ ਪਿਆਰੇ ਨੇ ਕਿ ਸਾਡੇ ਸਿਰਫ ਉਨ੍ਹਾਂ ਸਿੰਘਾਂ ਦੇ ਹਿਰਦੇ ਵਿਚ ਹੀ ਨਹੀਂ ਉਹ, ਰੋਮ-ਰੋਮ ਵਿਚ ਸਮਾਏ, ਆਉਣ ਵਾਲੀਆਂ ਨਸਲਾਂ ਹਜ਼ਾਰਾਂ ਸਾਲ ਤੱਕ ਜਦੋਂ ਵੀ ਉਨ੍ਹਾਂ ਦੇ ਪਿਆਰ ਦਾ ਜ਼ਿਕਰ ਕਰਨਗੇ, ਯਾਦ ਕਰਨਗੇ, ਉਸੇ ਵੇਲੇ ਪਿਆਰ ਦੀਆਂ ਝੁਣਝਣੀਆਂ ਸ਼ੁਰੂ ਹੋ ਜਾਇਆ ਕਰਨਗੀਆਂ ਕਿਉਂਕਿ ਐਸੇ ਸੰਸਾਰ ਦੇ ਅੰਦਰ ਜਨਤਾ ਦੇ ਨਾਲ ਇਕਮਿਕ ਹੋਣ ਵਾਲੀ ਕੋਈ ਵੱਡੀ ਹਸਤੀ ਸੰਸਾਰ ਤੇ ਬਹੁਤ ਘੱਟ ਪ੍ਰਗਟ ਹੋਈ ਹੈ। ਫੇਰ ਖਾਸ ਕਰਕੇ ਏਸ ਕਲਜੁਗ ਦੇ ਅੰਦਰ।

ਗੁਰੂ ਦਸਵੇਂ ਪਾਤਸ਼ਾਹ ਸਾਡੇ ਸਾਰਿਆਂ ਦੇ ਨੇ ਤੇ ਅਸੀਂ ਸਾਰੇ ਓਸ ਦੇ ਹਾਂ, ਉਨ੍ਹਾਂ ਦਾ ਬਚਨ ਹੈ -

***ਪੰਥ ਖਾਲਸਾ ਕੇਤੀ ਮੇਰੀ ਕਰਹੁ ਸੰਭਾਲ ਮਹਿ ਤਿਸ ਕੇਰੀ।***

ਮੈਂ ਚਲਿਆ ਨਹੀਂ ਜਾਣਾ, ਤੁਹਾਨੂੰ ਛੱਡ ਨਹੀਂ ਜਾਣਾ, ਮੈਂ ਏਸ ਤਰ੍ਹਾਂ ਸੰਭਾਲ ਕਰਾਂਗਾ ਜਿਵੇਂ ਕਿ ਇਕ ਕਿਸਾਨ ਦਿਨ ਰਾਤ ਆਪਣੀ ਖੇਤੀ ਦੇ ਵਿਚ ਘੁੰਮਦਾ ਹੈ, ਕਦੇ ਪਾਣੀ ਦਿੰਦਾ, ਖਾਦ ਦਿੰਦਾ ਹੈ, ਕਦੇ ਗੁਡਾਈ ਕਰਦਾ ਹੈ, ਕਦੇ ਜਾਨਵਰਾਂ ਤੋਂ ਬਚਾਉਂਦਾ ਹੈ। ਠੀਕ ਏਸੇ ਤਰ੍ਹਾਂ ਮੈਂ ਕਰਾਂਗਾ, ਮੈਂ ਤੁਹਾਨੂੰ ਨਹੀਂ ਛੱਡਾਂਗਾ, ਜਦੋਂ ਵੀ ਤੁਸੀਂ ਛੱਡੋਗੇ, ਤੁਸੀਂ ਮੈਨੂੰ ਛੱਡੋਂਗੇ। ਕਿਉਂਕਿ ਮਿਸਾਲਾਂ ਨੇ। ਗੁਰੂ ਨੇ ਅਨੰਦਪੁਰ ਸਾਹਿਬ ਦੇ ਅੰਦਰ ਨਹੀਂ ਛੱਡਿਆ। ਲੇਕਿਨ ਸਿੱਖ ਕੁਛ ਛੱਡ ਗਏ ਤੇ ਲਿਖ ਕੇ ਦੇ ਗਏ ਕਿ ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ ਕਿਉਂਕਿ ਸੰਕਟ ਐਸਾ ਸੀ। ਸਾਡੇ ਨਾਲੋਂ ਕਰੋੜਾਂ ਗੁਣਾਂ ਚੰਗੇ ਸੀ। ਜਦੋਂ ਅਸੀਂ ਅੰਦਾਜ਼ਾ ਲਾਉਂਦੇ ਹਾਂ ਕਿ ਉਨ੍ਹਾਂ ਦੀ ਹਾਲਤ ਕੀ ਸੀ ਜਿਸ ਮੌਕੇ ਤੇ ਉਨ੍ਹਾਂ ਨੇ ਇਹ ਗੱਲ ਕਹੀ। ਹੈਰਾਨ ਹੋ ਜਾਈਦਾ ਹੈ ਕਿ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਅਨੰਦਪੁਰ ਦੇ ਕਿਲੇ ਦੇ ਅੰਦਰ ਛੇ ਮਹੀਨੇ ਤੋਂ ਤਕਰੀਬਨ 10 ਲੱਖ ਫੌਜਾਂ ਦੇ ਅੰਦਰ ਘਿਰੇ ਹੋਏ ਨੇ। ਜੋ ਥਾਂ-ਥਾਂ ਤੇ ਸਾਰੇ ਪੰਜਾਬ ਵਿਚ ਬੈਠੀਆਂ ਨੇ, ਕਿਸੇ ਥਾਂ ਤੋਂ ਕਿਸੇ ਜਥੇ ਨੂੰ ਤੁਰਨ ਨਹੀਂ ਦਿੰਦੀਆਂ, ਕੋਈ ਰਾਸ਼ਨ ਨਹੀਂ ਤੁਰਨ ਦਿੰਦੀਆਂ। ਕਿਸੇ ਪੁਲ ਤੋਂ ਨਹੀਂ ਲੰਘਣ ਦਿੰਦੀਆਂ ਤੇ ਬਾਹਰਲੀ ਦੁਨੀਆਂ ਦੇ ਨਾਲੋਂ ਬਿਲਕੁਲ ਕਟੇ ਹੋਏ ਨੇ। ਅੰਦਰ ਰਾਸ਼ਨ ਖਤਮ ਹੋ ਗਿਆ। ਬੇਅੰਤ ਸਿੰਘ ਸ਼ਹੀਦ ਹੋ ਗਏ। ਗਿਣਤੀ ਦੇ ਮੁੱਠੀ ਭਰ ਸਿੰਘ ਰਹਿ ਗਏ। ਉਨ੍ਹਾਂ ਨੂੰ ਐਸੀ ਹਾਲਤ ਆ ਗਈ ਕਿ ਇਕ ਵਾਰੀ ਦਸ਼ਮੇਸ਼ ਪਿਤਾ ਬਾਹਰ ਨਿਕਲ ਕੇ ਦੇਖਦੇ ਨੇ, ਕਹਿਣ ਲੱਗੇ ਪ੍ਰੇਮੀਓ! ਆਹ ਦਰਖਤਾਂ ਦੇ ਪੱਤੇ ਕਿੱਥੇ ਗਏ, ਛਿੱਲਾਂ ਕਿੱਥੇ ਗਈਆਂ?

ਜਵਾਬ ਮਿਲਿਆ, ਸੱਚੇ ਪਾਤਸ਼ਾਹ! ਤੇਰੇ ਪਰਵਾਨਿਆਂ ਨੇ ਪੱਤੇ ਉਬਾਲ-ਉਬਾਲ ਖਾ ਲਏ, ਛਿੱਲਾਂ ਪੀਹ-ਪੀਹ ਕੇ ਖਾਹ ਲਈਆਂ ਤਾਂ ਕਿ ਕੁਛ ਦੇਰ ਹੋਰ ਸਰੀਰ ਕਾਇਮ ਰਹਿ ਜਾਵੇ। ਇਹ ਸਰੀਰ ਕਿਸੇ ਲੇਖੇ 'ਚ ਲਗ ਜਾਵੇ, ਭੁੱਖ ਦੇ ਦੁਖ ਨਾਲ ਨਾ ਮਰ ਜਾਵੇ। ਇਕ-ਇਕ ਮੁੱਠੀ ਰੋਜ਼ ਦੀ ਅੱਠਾਂ ਪਹਿਰਾਂ ਦੀ, ਗੁਰੂ ਮਹਾਰਾਜ ਨੂੰ, ਸਾਹਿਬਜ਼ਾਦਿਆਂ ਨੂੰ ਪ੍ਰਾਪਤ ਹੁੰਦੀ ਸੀ ਛੋਲਿਆਂ ਦੀ। ਰਾਸ਼ਨ ਬਿਲਕੁਲ ਖਤਮ

ਹੋ ਗਿਆ। ਬਾਹਰ ਜਾਂਦੇ ਨੇ, ਛਾਪੇ ਮਾਰਦੇ ਨੇ, ਕੁੱਛ ਰਾਸ਼ਨ ਕਦੇ-ਕਦੇ ਆਉਂਦਾ ਹੈ ਤੇ ਸਿਰਫ ਪਾਣੀ ਦੇ ਆਸਰੇ ਜੀਉਂ ਰਹੇ ਨੇ। ਓਸ ਹਾਲਤ ਦਾ ਜਦੋਂ ਦੁਸ਼ਮਣ ਨੂੰ ਪਤਾ ਲੱਗਿਆ ਤਾਂ ਉਸ ਨੇ ਇਸ ਦਾ ਫਾਇਦਾ ਉਠਾਉਣ ਵਾਸਤੇ, ਕਿਉਂਕਿ ਤਾਕਤ ਅਜਮਾਈ ਉਨ੍ਹਾਂ ਨੇ ਕਰਕੇ ਦੇਖ ਲਈ ਸੀ, ਉਸ ਤੋਂ ਬਾਅਦ ਦੂਸਰੀ ਨੀਤੀ ਹੁੰਦੀ ਹੈ, ਭੇਦ ਦੀ, ਫੁੱਟ ਪਾਉਣ ਦੀ। ਜਦੋਂ ਤੋਂ ਸੰਸਾਰ ਰਚਿਆ ਹੈ, ਜਦੋਂ ਤੋਂ ਰਾਜ ਸ਼ੁਰੂ ਹੋਏ ਨੇ, ਉਦੋਂ ਤੋਂ ਇਹ ਗੱਲ ਚਲੀ ਆਈ ਹੈ ਕਿ ਦੁਸ਼ਮਣ ਦੀਆਂ ਸਫਾ ਦੇ ਅੰਦਰ ਭੇਦ ਪਾ ਦਿਓ, ਫੁੱਟ ਪਾ ਦਿਓ। ਅੱਧੀ ਤਾਕਤ ਉਨ੍ਹਾਂ ਦੀ ਖਤਮ ਹੋ ਜਾਂਦੀ ਹੈ, ਪੂਰੇ ਦਿਲ ਨਾਲ ਫੇਰ ਨਹੀਂ ਮੁਕਾਬਲਾ ਕਰਦੇ। ਵੱਡੀਆਂ-ਵੱਡੀਆਂ ਫੌਜਾਂ ਏਸੇ ਗੱਲ ਤੇ ਹਾਰੀਆਂ ਨੇ ਕਿ ਉਨ੍ਹਾਂ ਦੇ ਅੰਦਰ ਫੁੱਟ ਪੈ ਗਈ। ਸਿੰਘਾਂ ਦਾ ਜੋ ਰਾਜ ਗਿਆ ਹੈ ਉਹ ਫੁੱਟ ਦੇ ਕਾਰਨ ਗਿਆ ਹੈ। ਲੜਾਈ ਲੜੀ ਜਾ ਰਹੀ ਹੈ, ਸਿੰਘ ਵੱਧ-ਵੱਧ ਕੇ ਸ਼ਹੀਦੀਆਂ ਦੇ ਰਹੇ ਨੇ, ਲੇਕਿਨ ਅੱਠ ਹਜ਼ਾਰ ਫੌਜ ਵਿਚਾਲਿਓਂ ਪਿਛੇ ਕੱਢ ਲਈ। ਸਤਲੁਜ ਦਰਿਆ ਤੇ ਲੈ ਗਏ, ਜਦੋਂ ਫੌਜ ਦਰਿਆ 'ਚੋਂ ਲੰਘਣ ਲੱਗੀ, ਪੁਲ ਵੱਢ ਦਿਤਾ, ਸਾਰੀ ਫੌਜ ਉਹਦੇ ਵਿਚ ਆ ਗਈ। ਬੜੀ ਦੁਖਾਂਤ ਘਟਨਾ ਹੋਈ ਹੈ, ਧੋਖਾ ਹੋਇਆ ਹੈ, ਜਿਹਦੇ ਨਾਲ ਸਿੰਘਾਂ ਦਾ ਬਹੁਤ ਖੂਨ ਬਹਾ ਬਹਾ ਕੇ ਲਿਆ ਹੋਇਆ ਰਾਜ ਗਿਆ। ਸੋ ਇਹ ਫੁੱਟ ਖਹਿੜਾ ਨਹੀਂ ਛੱਡਿਆ ਕਰਦੀ।

ਸੋ ਉਸ ਨੇ ਵੀ ਫੁੱਟ ਪੁਆਉਣ ਦੇ ਇਰਾਦੇ ਦੇ ਨਾਲ, ਆਟੇ ਦੀ ਗਊ ਬਣਾ ਕੇ ਕੁਰਾਨ ਸ਼ਰੀਫ ਦੀ ਪਵਿੱਤਰ ਪੁਸਤਕ ਥਾਲ ਵਿਚ ਰੱਖੀ। ਰੁਮਾਲੇ ਉਪਰ ਦਿਤੇ। ਪੰਜ ਦੱਸ ਬੰਦੇ ਚੁੱਕ ਕੇ ਤੁਰੇ ਹੋਏ ਨੇ। ਬੜੇ ਆਦਰ ਤੇ ਸਤਿਕਾਰ ਦੇ ਨਾਲ ਲੈ ਕੇ ਆ ਰਹੇ ਨੇ। ਦਰਵਾਜ਼ੇ ਖੁਲ੍ਹ ਗਏ। ਗੁਰੂ ਮਹਾਰਾਜ ਦੇ ਸਾਮ੍ਹਣੇ ਆ ਕੇ ਰੱਖ ਦਿਤੀ। ਪਾਤਸ਼ਾਹ! ਸਾਰਾ ਹਿੰਦੂ ਜਗਤ ਗਊ ਦੀ ਸੁਗੰਧ ਖਾਂਦਾ ਹੈ, ਸਾਰੇ ਇਸਲਾਮ ਵਾਲੇ ਜਿੰਨੇ ਵੀ ਆਫੀਸਰ ਇਹ ਸਾਰੇ ਕੁਰਾਨ ਸ਼ਰੀਫ ਦੀ ਸੁਗੰਧ ਖਾਂਦੇ ਨੇ ਤੇ ਇਕ ਗੱਲ ਕਹਿੰਦੇ ਨੇ ਕਿ ਸਾਨੂੰ ਹੁਣ ਯੁੱਧ ਕਰਦਿਆਂ ਨੂੰ ਬਹੁਤ ਦੇਰ ਹੋ ਗਈ। ਫੈਸਲਾ ਕੋਈ ਨਹੀਂ ਹੋਇਆ। ਸੱਚੇ ਪਾਤਸ਼ਾਹ! ਤੁਸੀਂ ਤਾਂ ਕਿਲ੍ਹੇ 'ਚ ਬੈਠੇ ਓਂ, ਪਰ ਅਸੀਂ ਬਹੁਤ ਤੰਗ ਪੈ ਗਏ। ਰੋਜ਼ ਦੀਆਂ ਤਾਕੀਦ ਭਰੀਆਂ ਚਿੱਠੀਆਂ ਬਾਦਸ਼ਾਹ ਵਲੋਂ ਆਉਂਦੀਆਂ ਨੇ ਕਿ ਬੇਅੰਤ ਬੰਦਿਆਂ ਦਾ ਖੂਨ ਹੋ ਚੁੱਕਿਆ ਹੈ। ਇਕ ਛੋਟੀ ਜਿਹੀ ਗੱਲ ਹੈ ਜੇ ਆਪ ਕਰ ਲਓਂ, ਆਪ ਗੁਰੂ ਓਂ ਸਾਰੀ ਭਰਤ ਵਰਸ਼ ਕੀ ਸਾਰੀ ਦੁਨੀਆਂ ਦੇ ਸਾਂਝੇ ਓਂ। ਆਪ ਜੇ ਕਿਲ੍ਹਾ ਛੱਡ ਕੇ ਇਥੋਂ ਛੱਡ ਕੇ ਚਲੇ ਜਾਵੋਂ ਤਾਂ ਸਾਡੀ ਵੀ ਇਜ਼ਤ ਰਹਿ ਜਾਵੇਗੀ ਤੇ ਆਪ ਨੇ ਤਾਂ ਸਿੱਖੀ ਦਾ ਪ੍ਰਚਾਰ ਕਰਨਾ ਹੀ ਕਰਨਾ ਹੈ, ਬਾਦਸ਼ਾਹ ਨਾਲ ਸਮਝੌਤਾ ਹੋ ਜਾਏਗਾ। ਸਾਰੀਆਂ ਚੀਜ਼ਾਂ ਆਉਣਾ, ਜਾਣਾ, ਤੁਰਨਾ, ਫਿਰਨਾ ਆਰਾਮ ਨਾਲ ਹੋ ਜਾਏਗਾ। ਸੋ ਓਸ ਚਿੱਠੀ ਦੇ ਉਤੇ ਮਹਾਰਾਜ ਜੀ ਵਿਚਾਰ ਲਿਖ ਦਿਤੀ। ਬਹੁਤਿਆਂ ਨੇ ਤਾਂ ਇਹ ਗੱਲ ਕਹੀ ਜਿਹੜੇ ਪਰਵਾਨੇ ਸੀ ਅਸੀਂ ਤਾਂ ਅਲਪੱਗ ਜੀਵ ਹਾਂ ਸਾਨੂੰ ਨਹੀਂ ਪਤਾ ਤੇਰੀ ਕਥੀ ਦਾ ਜਿਵੇਂ ਤੈਨੂੰ ਭਾਉਂਦਾ ਹੈ ਉਸੇ ਤਰ੍ਹਾਂ ਅਸੀਂ ਤਿਆਰ ਹਾਂ। ਕਿਉਂਕਿ ਅਸੀਂ ਤਾਂ ਸਰੀਰ ਤੈਨੂੰ ਦੇ ਚੁੱਕੇ ਹਾਂ ਸਾਡਾ ਹੁਣ ਆਪਣਾ ਕੁਛ ਵੀ ਨਹੀਂ -

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ*
*ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*
*ਅੰਗ - ੧੩੭੫*

ਪਾਤਸ਼ਾਹ! ਅਸੀਂ ਤਾਂ ਆਪਣੇ ਪਾਸ ਆਪਣਾ ਕੁਛ ਵੀ ਨਹੀਂ ਰੱਖਿਆ ਨਾ ਪੰਜਾਂ ਤੱਤਾਂ ਸਰੀਰ ਆਪਣਾ ਮੰਨਿਆ ਹੈ, ਨਾ ਪੰਜ ਕਰਮ ਇੰਦ੍ਰੇ, ਨਾ ਪੰਜ ਗਿਆਨ ਇੰਦ੍ਰੇ ਤੇ ਨਾ ਪੰਜ ਪ੍ਰਾਣ, ਨਾ ਮਨ, ਨਾ ਚਿੱਤ, ਨਾ ਬੁੱਧ, ਆਪਣਾ ਆਪ ਵੀ ਅਸੀਂ ਆਪ ਦੇ ਹਵਾਲੇ ਕੀਤਾ ਹੋਇਆ ਹੈ। ਜੋ ਆਪ ਦੀ ਰਜ਼ਾ, ਜੋ ਆਪ ਦਾ ਹੁਕਮ ਕਿਉਂਕਿ ਆਪ ਦਾ ਫੁਰਮਾਨ ਸੀ ਜਦੋਂ ਆਪ ਦੇ ਚਰਨੀਂ ਲੱਗੇ ਸੀ ਤਾਂ ਆਪ ਨੇ ਇਹ ਤਾਕੀਦ ਕੀਤੀ ਸੀ ਕਿ ਸਿੱਖਾ! ਮੇਰੇ ਨਾਲ ਪਿਆਰ ਪਾਉਣ ਦੀ ਸੋਚਦਾ ਹੈਂ? ਜੇ ਸੋਚਦਾ ਹੈਂ ਤਾਂ ਧਿਆਨ ਦੇਹ, ਇਹ ਥੋੜ੍ਹੀ ਜਿਹੀ ਔਖੀ ਗੱਲ ਹੈ। ਤੂੰ ਗਰਜ਼ ਦਾ ਪਿਆਰ ਰੱਖ ਲੈ ਉਹ ਚੰਗਾ ਹੈ। ਤੂੰ ਪੁੱਤਰ ਮੰਗਦਾ ਹੈ ਅਸੀਂ ਦੇ ਦਿੰਦੇ ਹਾਂ, ਤੂੰ ਜਾਇਦਾਦ ਮੰਗਦਾ ਹੈਂ ਜਾਇਦਾਦ ਦੇ ਦਿੰਦੇ ਹਾਂ, ਪੈਸੇ ਮੰਗਦਾ ਹੈਂ ਪੈਸੇ ਦੇ ਦਿੰਦੇ ਹਾਂ, ਸਿਹਤ ਮੰਗਦਾ ਹੈਂ ਸਿਹਤ ਦੇ ਦਿੰਦੇ ਹਾਂ, ਪਿਆਰ ਦੀ ਗੱਲ ਨਾ ਕਰ। ਪਰ ਤੂੰ ਕਹਿੰਦਾ ਸੀ ਕਿ ਮੈਂ ਪਿਆਰ ਮੰਗਦਾ ਹਾਂ। ਤਾਂ ਉਸ ਵੇਲੇ ਆਪ ਦੇ ਮੁਖਾਰਬਿੰਦ ਤੋਂ ਇਹ ਫੁਰਮਾਨ ਹੋਇਆ ਸੀ -

*ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ ॥*
*ਨਾਨਕ ਤੇ ਸੋਹਾਗਣੀ ਜਿਨ੍ਹਾ ਗੁਰਮੁਖਿ ਪਰਗਟੁ ਹੋਇ॥*
*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - ੧੪੧੨*
*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - ੧੧੦੨*

ਪਾਤਸ਼ਾਹ! ਜੇ ਮਿੱਟੀ ਦਾ ਖੇਲ੍ਹਣਾ ਜਿਹਾ ਦੇ ਕੇ ਤੂੰ ਮਿਲ ਜਾਵੇਂ ਤਾਂ, ਤਾਂ ਇਹ ਬੜੀ ਸਸਤੀ ਚੀਜ਼ ਹੈ। ਇਹਨੇ ਤਾਂ ਰਹਿਣਾ ਨਹੀਂ ਹੈ ਇਹਨੇ ਤਾਂ ਇਕ ਦਿਨ ਜਾਣਾ ਹੀ ਜਾਣਾ ਹੈ।

ਸਦਾ ਰਹਿਣ ਵਾਲੀ ਚੀਜ਼ ਨਹੀਂ ਹੈ ਸਾਧਸੰਗਤ ਜੀ, ਸਰੀਰ। ਚਾਹੇ ਕੋਈ ਛੋਟਾ ਹੈ, ਚਾਹੇ ਕੋਈ ਵੱਡਾ ਹੈ, ਸਦਾ

ਨਹੀਂ ਰਿਹਾ ਕਰਦਾ। ਜਿਹੜੀ ਚੀਜ਼ ਸਦਾ ਰਹਿੰਦੀ ਨਹੀਂ ਹੈ ਫੇਰ ਉਹਦੇ ਨਾਲ ਕਾਹਦਾ ਪਿਆਰ ਪਾਉਣਾ। ਸੋ ਆਪ ਦੇ ਹੀ ਫੁਰਮਾਨਾਂ ਤੋਂ ਇਹ ਨਿਹਚੇ ਕੀਤਾ ਕਿ ਇਸ ਜਗ ਤੇ ਰਹਿਣਾ ਝੂਠ ਹੈ ਤੇ ਏਸ ਤੋਂ ਚਲੇ ਜਾਣਾ ਸੱਚ ਹੈ। ਜੋ ਸੱਚ ਹੈ, ਅਸੀਂ ਸੱਚ ਦੀ ਸ਼ਰਨ ਲਈ ਤੇ ਇਸ ਮਿੱਟੀ ਨਾਲ ਪਾਤਸ਼ਾਹ, ਮੋਹ ਛੱਡ ਦਿਤਾ। ਸੋ ਇਹ ਤਾਂ ਆਪ ਦੇ ਅਰਪਣ ਕਰ ਦਿਤਾ। ਆਪ ਨੇ ਕਿਹਾ –

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥ ਅੰਗ – ੯੧੮*

ਅਸੀਂ ਤਾਂ ਆਪਣੇ ਕੋਲ ਕੁਛ ਰੱਖਿਆ ਨਹੀਂ ਪਾਤਸ਼ਾਹ! ਤੇਰੇ ਚਰਨਾਂ ਦੇ ਭੌਰੇ ਹਾਂ, ਚਾਹੇ ਸੰਸਾਰ ਦੇ ਵਿਚ ਸਾਹ ਦਿਵਾਉਂਦਾ ਰਹਿ, ਚਾਹੇ ਹੁਣੇ ਸਰੀਰ ਲੈ ਲੈ, ਇਹ ਤਾਂ ਇਹ ਮਿੱਟੀ ਜੇ ਤੇਰੇ ਕੰਮ ਆਵੇ, ਇਹਦੇ ਨਾਲੋਂ ਹੋਰ ਸਾਨੂੰ ਚੰਗਾ ਕੀ ਹੈ। ਕੁਛ ਸਿਆਣੇ ਸੀਗੇ। ਇਹ ਪਰਵਾਨੇ ਹੋਇਆ ਕਰਦੇ ਨੇ, ਇਹ ਮੌਤ ਤੋਂ ਅੱਗੇ ਲੰਘ ਜਾਇਆ ਕਰਦੇ ਨੇ –

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ – ੧੩੬੫*

ਪਾਤਸ਼ਾਹ! ਅੰਮ੍ਰਿਤ ਦੇ ਘੁੱਟ ਪਿਲਾ ਕੇ ਤੁਸੀਂ ਸਾਨੂੰ ਸਦਾ ਵਾਸਤੇ ਅਮਰ ਕਰ ਦਿਤਾ। ਹੁਣ ਸਾਨੂੰ ਪੁੱਛਦੇ ਓਂ ਕਿ ਦੱਸੋ ਸਿੰਘੋ ਤੁਹਾਡੀ ਕੀ ਮਰਜ਼ੀ ਹੈ? ਸਾਡੀ ਕੋਈ ਮਰਜ਼ੀ ਨਹੀਂ ਪਾਤਸ਼ਾਹ, ਜੋ ਤੇਰੀ ਮਰਜ਼ੀ ਹੈ ਉਹਦੇ ਵਿਚ ਹੀ ਸਾਨੂੰ ਖੁਸ਼ੀ ਹੈ ਕਿਉਂਕਿ ਅਸੀਂ ਤਾਂ ਆਪ ਚਾਹੁੰਦੇ ਹਾਂ ਕਿ ਆਪਣੀ ਮਰਜ਼ੀ ਦੇ ਵਿਚ ਸਾਨੂੰ ਰਾਜ਼ੀ ਰੱਖ। ਕਿਸੇ ਅਸੀਂ ਵਿਸ਼ਵਾਸ਼ ਤੋਂ ਹੀਣੇ ਨਾ ਹੋ ਜਾਈਏ। ਤੂੰ ਸਾਡੇ ਉਪਰ ਕ੍ਰਿਪਾ ਕਰਕੇ ਸਾਡੇ ਅੰਦਰਲੇ ਨੇਤਰ ਖੋਲ੍ਹ ਦਿਤੇ ਗਿਆਨ ਦੇ ਸਾਨੂੰ ਦੱਸ ਦਿਤਾ ਕਿ ਸਿੱਖ ਨਹੀਂ ਹੋਇਆ ਕਰਦਾ ਜਿਹੜਾ ਗੁਰੂ ਦਾ ਹੁਕਮ ਨਹੀਂ ਮੰਨਦਾ। ਜਿਹੜਾ ਗੁਰੂ ਦਾ ਸਿੰਘ ਹੈ, ਗੁਰੂ ਦੇ ਹੁਕਮ ਤੇ ਚਲਦਾ ਹੈ, ਜਿਹਨੇ ਆਪਣਾ ਆਪ ਵਾਰ ਦਿਤਾ, ਸਭ ਕੁਛ ਗੁਰੂ ਨੂੰ ਸਉਂਪ ਦਿਤਾ, ਉਹਦਾ ਸਰੀਰ ਤਾਂ ਜਾਇਆ ਕਰਦਾ ਹੈ ਪਰ ਉਹ ਨਹੀਂ ਮਰਿਆ ਕਰਦਾ, ਉਹ ਸਦਾ ਵਾਸਤੇ ਅਮਰ ਹੋ ਜਾਂਦਾ ਹੈ। ਸੋ ਇਸ ਕਰਕੇ ਪਾਤਸ਼ਾਹ! ਅਸੀਂ ਕੀ ਦੱਸਣਾ ਹੈ, ਜੋ ਤੇਰਾ ਹੁਕਮ ਹੈ ਸਾਨੂੰ ਉਹ ਪ੍ਰਵਾਨ ਹੈ। ਕੁਝ ਸਿਆਣੇ ਬੰਦੇ ਸੀ ਸਿਆਣਪ ਜਿਹੜੀ ਹੈ ਸਾਧਸੰਗਤ ਜੀ! ਉਹ ਵਿਸ਼ਵਾਸ਼ ਤੋਂ ਵਿਹੂਣੀ ਹੋਇਆ ਕਰਦੀ। ਉਹ ਵਿਚ ਕਿਉਂ, ਕਿਵੇਂ, ਕਦੋਂ, ਕਿਥੋਂ, ਕਿੱਥੇ ਇਹ ਪੰਜ ਸਵਾਲ ਉਹਦੇ ਦਿਮਾਗ 'ਚੋਂ ਹਟਿਆ ਨਹੀਂ ਕਰਦੇ। ਜਿਹੜਾ ਅਣਜਾਣ ਬੰਦਾ ਹੈ ਗੁਰੂ ਕੋਲੋਂ ਆ ਕੇ ਜੋ ਕੁਛ ਮੰਗ ਲਵੇ ਉਸੇ ਵੇਲੇ ਮਿਲ ਜਾਂਦਾ ਹੈ। ਜਿਹੜਾ ਅਕਲ ਵਾਲਾ ਹੈ ਉਹ ਜਿੰਨਾ ਜੀਅ ਕਰਦਾ ਹੈ ਕਰੀ ਜਾਵੇ, ਨਹੀਂ ਮਿਲਦਾ ਕਿਉਂਕਿ ਅੰਦਰ ਟੁੱਟੀ ਪਈ ਹੈ ਤਾਰ। ਸ਼ੱਕ ਆ ਗਿਆ। ਨਹੀਂ ਗੁਰੂ ਕੋਲ ਤਾਂ ਸਭ ਕੁੱਛ ਹੈ, ਇਕ ਤਾਂ ਸਾਨੂੰ ਪਛਾਣ ਨਹੀਂ ਹੈ ਕਿ ਗੁਰੂ ਕਿੱਥੇ ਰਹਿੰਦਾ ਹੈ, ਗੁਰੂ ਤਾਂ ਸਾਰਿਆਂ ਦੇ ਅੰਦਰ, ਗੁਰੂ ਬਾਹਰ ਹੈ। ਜਿਥੇ ਬੁਲਾਉਣਾ ਚਾਹੋ, ਚਾਹੇ ਹਵਾਈ ਜਹਾਜ਼ 'ਚ ਬੈਠ ਕੇ ਹਾਜ਼ਰ ਕਰ ਲਓ ਉਥੇ ਵੀ ਹਾਜ਼ਰ ਹੈ, ਇਕੱਲੇ-ਇਕੱਲੇ ਬੰਦੇ ਦੇ ਨਾਲ ਹੈ, ਹਰੇਕ ਦੇ ਅੰਦਰ ਹੈ –

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥ ਅੰਗ-੩੯੪*

ਜਿਥੇ ਯਾਦ ਕਰ ਲਓ ਉਥੇ ਹੀ ਗੁਰੂ ਹੋਇਆ ਕਰਦਾ ਹੈ। ਉਹ ਜਦੋਂ ਵੀ ਕੁੱਛ ਮੰਗੇ ਪ੍ਰਾਪਤ ਹੋ ਜਾਇਆ ਕਰਦਾ ਹੈ। ਜਦੋਂ ਸਿਆਣਾ ਬੰਦਾ, ਫਿਲਾਸਫਰ, ਕਿਤਾਬਾਂ ਪੜ੍ਹਿਆ ਹੋਇਆ ਬੜੇ ਅਰਥ ਜਾਨਣ ਵਾਲਾ, ਉਹ ਗੁਰੂ ਨਾਲ ਗੱਲ ਕਰੇ ਤਾਂ ਪਹਿਲਾਂ ਤਾਂ ਉਹਨੂੰ ਨਿਹਚਾ ਹੀ ਨਹੀਂ ਆਉਂਦਾ ਕਿ ਮੇਰੀ ਗੁਰੂ ਸੁਣਦਾ ਵੀ ਹੋਣਾ ਹੈ। ਇਹ ਤਾਂ ਖਾਲੀ ਥਾਉਂ ਪਿਆ ਹੈ ਇਥੇ ਕਿੱਥੇ ਹੈ ਗੁਰੂ। ਲੇਕਿਨ ਜਿਹੜੇ ਭਰੋਸੇ ਵਾਲੇ ਨੇ ਚਾਹੇ ਕੋਈ ਨੇ, ਇਕ ਮੈਂ ਬੇਨਤੀ ਕਰਦਾ ਹਾਂ ਕਿ ਜਦੋਂ ਮੈਂ ਫਾਰਮ 'ਚ ਹੋਇਆ ਕਰਦਾ ਸੀ, ਉਥੇ ਨਾਨਕ ਮਤੇ ਸਾਹਿਬ, ਸਾਡੇ ਪੰਜਾਬੀਆਂ ਤੋਂ ਇਕ ਥਾਰੂ ਕੌਮ ਹੈ, ਲੱਖਾਂ ਦੀ ਤਾਦਾਦ 'ਚ ਹੈ। ਸਾਡੇ ਤੋਂ ਵੀ ਪਹਿਲਾਂ ਜਦੋਂ ਅਸੀਂ ਗਏ, ਯੂ.ਪੀ. ਜਾ ਕੇ ਫਾਰਮ ਆਬਾਦ ਕਰੇ ਨੇ, ਉਨ੍ਹਾਂ ਤੋਂ ਪਹਿਲਾਂ ਹੀ ਉਹ ਆਬਾਦ ਸੀਗੇ। ਉਹ ਰਾਣਾ ਪ੍ਰਤਾਪ ਦੀ ਓਲਾਦ ਵਿਚੋਂ ਨੇ ਸਾਰੇ ਰਾਜਪੂਤ। ਇਹ ਗੁਰੂ ਨਾਨਕ ਪਾਤਸ਼ਾਹ ਤੇ ਬਹੁਤ ਭਰੋਸਾ ਰੱਖਦੇ ਸੀ। ਬਾਬਾ ਸ੍ਰੀ ਚੰਦ ਜੀ ਤੇ ਰਾਣਾ ਪ੍ਰਤਾਪ ਬਹੁਤ ਭਰੋਸਾ ਰੱਖਦਾ ਸੀ। ਸੋ ਸਿੱਖੀ ਦੇ ਨਾਲ ਉਨ੍ਹਾਂ ਦਾ ਸਬੰਧ ਸੀ। ਕੋਈ ਗੱਲ ਹੋਵੇ ਨਾਨਕ ਮਤੇ ਆ ਕੇ, ਗੁਰੂ ਮਹਾਰਾਜ ਦਾ ਉਥੇ ਪਿੱਪਲ ਹੈ, ਜਿਹਨੂੰ ਆਪ ਨੇ ਹੱਥ ਲਾ ਕੇ ਰੋਕ ਲਿਆ ਸੀ, ਜਦੋਂ ਜੋਗੀ ਉਡਾਉਣ ਲੱਗੇ ਸੀ ਅਸਮਾਨਾਂ ਵਿਚ। ਉਥੇ ਆ ਕੇ ਉਹ ਲੋਕ ਮੰਗਦੇ ਨੇ ਕਿ ਬਾਬਾ ਮੈਨੂੰ ਆਹ ਦੇ ਦੇ, ਮੈਨੂੰ ਆਹ ਦੇ ਦੇ। ਸਾਮ੍ਹਣੇ ਤਾਂ ਇਕ ਪਿੱਪਲ ਨਜ਼ਰ ਆਉਂਦਾ ਹੈ ਪਰ ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਤੇ ਭਰੋਸਾ ਹੈ ਕਿ ਇਥੇ ਗੁਰੂ ਨਾਨਕ ਸਾਹਿਬ ਗੱਲਾਂ ਸੁਣਦੇ ਨੇ ਸਾਡੀਆਂ ਸਾਰੀਆਂ।

ਇਕ ਬੀਬੀ ਆਈ ਪੁੱਤਰ ਦੀ ਦਾਤ ਮੰਗੀ, ਪੁੱਤਰ ਮਿਲ ਗਿਆ। ਤਿੰਨ ਸਾਲ ਦਾ ਹੋ ਕੇ ਪੁੱਤਰ ਚੜ੍ਹਾਈ ਕਰ ਗਿਆ। ਜਿਹੜੇ ਰਿਸ਼ਤੇਦਾਰ ਸੀ ਉਹ ਕਹਿਣ ਲੱਗੇ ਕਿ ਤੂੰ ਏਸ ਬੱਚੇ ਦੀ ਮਿਰਤਕ ਲੋਥ ਸਾਨੂੰ ਦੇਹ ਅਸੀਂ ਇਹਦਾ ਨਿਪਟਾਰਾ ਕਰੀਏ। ਉਹ ਕਹਿਣ ਲੱਗੀ, ਮੈਂ ਤਾਂ ਨਹੀਂ ਦੇਣੀ, ਮੈਂ ਤਾਂ ਜਿੱਥੋਂ ਬਾਬੇ ਤੋਂ ਲਿਆਈ ਹਾਂ, ਉਥੇ ਹੀ ਮੋੜਨੀ ਹੈ। ਅਖੀਰ ਬਹੁਤ ਜ਼ਿੱਦ ਕਰੀ, ਰੇਲੂ ਦੇ ਵਿਚ

ਬਿਠਾ ਕੇ ਲੈ ਆਏ, ਰੇਲੂ ਇਕ ਛੋਟੀ ਜਿਹੀ ਗੱਡੀ ਹੁੰਦੀ ਹੈ, ਦੋ ਪਹੀਆਂ ਵਾਲੀ। ਬੀਬੀ ਨੇ ਮਿਰਤਕ ਪੁੱਤਰ ਨੂੰ ਲਿਜਾ ਕੇ ਸਾਮ੍ਹਣੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਲਿਟਾ ਦਿਤਾ। ਭਾਈ ਜੀ ਨੂੰ ਪਤਾ ਲੱਗ ਗਿਆ, ਮੈਨੇਜਰ ਨੂੰ ਪਤਾ ਲਗ ਗਿਆ ਦੌੜੇ ਹੀ ਆਏ, ਜਾ ਕੇ ਕਿਹਾ ਕਿ ਇਹ ਕੀ ਤੁਸੀਂ ਕਰਦੇ ਓਂ ਮਾੜਾ ਕੰਮ। ਇਥੇ ਲਿਆ ਕੇ ਮਿਰਤਕ ਨੂੰ ਪਾ ਲਿਆ। ਅਖੀਰ ਉਹ ਕਹਿੰਦੀ ਕਿ ਮੈਂ ਨਹੀਂ ਜਾਂਦੀ ਮੈਂ ਇਥੋਂ ਹੀ ਲਿਆ ਹੈ, ਇਥੇ ਹੀ ਦੇਣਾ ਹੈ। ਉਹ ਕਹਿੰਦੇ ਬਾਹਰ ਬਹਿ ਜਾ। ਗੁਰੂਦਵਾਰਾ ਸਾਹਿਬ ਰਾਤ ਨੂੰ ਬੰਦ ਹੋ ਗਏ, ਸਵੇਰੇ ਵੇਲੇ ਅੰਮ੍ਰਿਤ ਵੇਲੇ ਫੇਰ ਦੁਬਾਰਾ ਖੁਲ੍ਹੇ ਤੇ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਉਹ ਸਾਰੀ ਰਾਤ ਇਕ ਗੱਲ ਕਹਿੰਦੀ ਰਹੀ ਕਿ ਪੂਰੇ ਭਰੋਸੇ ਨਾਲ 100% ਨਾਲ, ਕਿ ਬਾਬਾ! ਜੇ ਦਿੱਤਾ ਸੀ ਤਾਂ ਲਿਆ ਕਿਉਂ? ਜੇ ਦੇਣਾ ਸੀ ਤਾਂ ਲੈਣਾ ਕਿਉਂ ਸੀ? ਸਵੇਰ ਤੱਕ ਬੈਠੀ ਰਹੀ। ਜਦੋਂ ਆਸਾ ਜੀ ਦੀ ਵਾਰ ਦਾ ਭੋਗ ਪਿਆ, ਅਰਦਾਸ ਹੋਈ। ਸਾਰੇ ਹੈਰਾਨ ਹੋ ਗਏ, ਮਰਿਆ ਹੋਇਆ ਬੱਚਾ ਉਠ ਕੇ ਬੈਠ ਗਿਆ। ਸੋ ਇਹ ਭਰੋਸੇ ਦੀ ਗੱਲ ਮੈਂ ਦੱਸਦਾ ਹਾਂ। ਪੜ੍ਹਿਆਂ ਹੋਇਆਂ 'ਚ ਭਰੋਸਾ ਘੱਟ ਹੁੰਦਾ ਹੈ। ਜਿਹੜੇ ਸਿੱਧੇ ਹੀ ਗੁਰੂ ਦੇ ਨਾਲ ਜੁੜ ਉਨ੍ਹਾਂ ਵਿਚ ਭਰੋਸੇ ਦੀ ਹੱਦ ਹੁੰਦੀ ਹੈ। ਹੈਰਾਨੀ ਹੁੰਦੀ ਹੈ ਕਿ ਐਨਾ ਭਰੋਸਾ। ਉਹ ਨਹੀਂ ਕਹਿੰਦੇ। ਸੋਹਣੀ ਨੇ ਨਹੀਂ ਸੀ ਦੇਖਿਆ ਕਿ ਘੜਾ ਕੱਚਾ ਪਿਆ ਹੈ, ਉਹਨੂੰ ਤਾਂ ਇਕੋ ਹੀ ਸੀ ਕਿ ਮੈਂ ਜਾ ਕੇ ਮਹੀਵਾਲ ਨੂੰ ਮਿਲਣਾ ਹੈ ਹਰ ਹਾਲਤ ਵਿਚ। ਕੱਚੇ ਘੜੇ ਦੇ ਉਤੇ ਹੀ ਠਿਲ੍ਹ ਗਈ ਦਰਿਆ ਵਿਚ। ਜਾਣਕਾਰ ਹੁੰਦੀ, ਪੜ੍ਹੀ ਹੋਈ ਹੁੰਦੀ ਉਹ, ਗਿਣਤੀਆਂ ਮਿਣਤੀਆਂ ਵਾਲੀ ਹੁੰਦੀ ਉਹ ਕਹਿੰਦੀ ਕਿ ਇਹਦੇ ਤੇ ਨਹੀਂ ਜਾਣਾ। ਉਹਦੀ ਮੌਤ ਅੱਜ ਤੱਕ ਅਮਰ ਹੈ। ਸਭ ਜਾਣਦੇ ਨੇ। ਸੋ ਇਸੇ ਤਰ੍ਹਾਂ ਗੁਰੂ ਦਾ ਜੋ ਪਿਆਰ ਹੈ ਭਰੋਸੇ ਵਾਲਾ ਪਿਆਰ ਉਹ ਭਰੋਸੇ ਵਾਲਿਆਂ ਨੂੰ ਤਾਂ ਸਭ ਕੁਛ ਮਿਲ ਜਾਂਦਾ ਹੈ, ਜਿਹੜੇ ਕਹਿੰਦੇ ਨੇ ਕਿ ਜੀ ਅਸੀਂ ਆਹ ਵੀ ਕਰਕੇ ਦੇਖਿਆ ਹੈ, ਆਹ ਵੀ ਕਰਿਆ, ਹੁਣ ਰਤਵਾੜਾ ਸਾਹਿਬ ਵੀ ਆ ਗਏ, ਉਨ੍ਹਾਂ ਨੂੰ ਲੈਣ ਦੇਣ ਨੂੰ ਕੁਛ ਨਹੀਂ ਹੈ। ਕਿਉਂਕਿ ਉਨ੍ਹਾਂ ਦਾ ਦਿਲ ਹੀ ਨਹੀਂ ਸਾਬਤ।

ਰੱਬ ਕਿੱਥੋਂ ਭਾਲਦਾ ਹੈਂ ਤੇਰਾ ਦਿਲ ਤਾਂ ਸਾਬਤ ਨਹੀਂ। ਜਿਹੜੇ ਸ਼ੀਸ਼ੇ ਵਿਚੋਂ ਤੂੰ ਰੱਬ ਨੂੰ ਦੇਖਣਾ ਹੈ ਉਹ ਤਾਂ ਟੁੱਟਿਆ ਪਿਆ ਹੈ। ਹਜ਼ਾਰਾਂ ਟੁੱਕੜੇ ਹੋਏ ਪਏ ਨੇ। ਸੋ ਇਸ ਤਰ੍ਹਾਂ ਭਰੋਸੇ ਵਾਲੇ ਸੀਗੇ। ਜਿਹੜੇ ਪੜ੍ਹੇ ਹੋਏ ਸੀ, ਥੋੜ੍ਹੇ ਹੁਸ਼ਿਆਰ ਸੀ ਤੇ ਦੁਨੀਆਂ ਦੇ ਅੰਦਰ ਅਕਲ ਰਖਾਉਂਦੇ ਸੀ, ਉਹ ਇਕੱਠੇ ਹੋ ਗਏ ਇਕ ਪਾਸੇ। ਕਹਿਣ ਲੱਗੇ, ਕਿਉਂ ਬਈ ਦੱਸੋ ਚਿੱਠੀ ਆਈ ਹੈ ਕੀ ਵਿਚਾਰ ਹੈ? ਕਹਿੰਦੇ ਨੇ ਇਹ ਜਿਹੜੇ ਨੇ ਇਹ ਅਣਜਾਣ ਬੰਦੇ ਨੇ, ਆਪਾਂ ਨੂੰ ਰਾਜਨੀਤੀ ਸੋਚਣੀ ਚਾਹੀਦੀ ਹੈ, ਉਹ ਇਹ ਹੈ ਕਿ ਆਪਾਂ ਏਸ ਵੇਲੇ ਨਿਕਲ ਚੱਲੀਏ ਕਿਤੇ ਨੂੰ, ਗੁਰੂ ਮਹਾਰਾਜ ਨੂੰ ਕਹੀਏ, ਜ਼ੋਰ ਦੇ ਕੇ ਕਹੀਏ, ਜਿੰਨਾ ਆਪਣਾ ਜ਼ੋਰ ਹੈ। ਇਹ ਨਹੀਂ ਮਨ ਵਿਚ ਆਇਆ ਕਿ ਗੁਰੂ ਤਾਂ ਸਭ ਕੁੱਛ ਜਾਣਦਾ ਹੈ, ਉਹ ਤਾਂ ਆਪ ਅਕਾਲ ਪੁਰਖ ਦੇ ਪੁੱਤਰ ਕਹਾਉਂਦੇ ਨੇ, ਆਪ ਉਨ੍ਹਾਂ ਦਾ ਰੂਪ ਨੇ –

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥*

*ਅੰਗ – ੪੪੨*

ਉਨ੍ਹਾਂ ਨੂੰ ਅਸੀਂ ਕੀ ਸਿੱਖ, ਮਤ, ਸਲਾਹ ਦੇਵਾਂਗੇ। ਲੇਕਿਨ ਵਖਰਾ ਰਸਤਾ ਖਿਆਲ ਕਰ ਲਿਆ। ਗੁਰੂ ਮਹਾਰਾਜ ਕੋਲ ਆ ਗਏ।

ਗੁਰੂ ਮਹਾਰਾਜ ਨੇ ਕਿਹਾ ਦੱਸੋ ਭਾਈ?

ਕਹਿਣ ਲੱਗੇ, ਮਹਾਰਾਜ! ਇਸ ਵਕਤ ਕਿਲਾ ਛੱਡ ਜਾਈਏ। ਇਹਦੇ ਵਿਚ ਬਚਾਅ ਹੋ ਜਾਏਗਾ।

ਮਹਾਰਾਜ ਜੀ ਨੇ ਕਿਹਾ ਕਿ ਕਾਲ ਤੋਂ ਤਾਂ ਕੋਈ ਬਚਿਆ ਹੀ ਨਹੀਂ ਹੈ, ਕਿਉਂਕਿ ਕਿੱਥੇ ਭੱਜ ਕੇ ਜਾਵੇ ਬੰਦਾ ਜਿੱਥੇ ਕਾਲ ਨਹੀਂ। ਇਹ ਧੋਖਾ ਹੈ ਸਿੰਘੋ, ਫਰੇਬ ਹੈ। ਰਾਜਾ ਕਦੇ ਸੱਚ ਨਹੀਂ ਬੋਲਦਾ ਹੁੰਦਾ, ਰਾਜਾ ਹਮੇਸ਼ਾ ਵਕਤ ਟਪਾਊ ਗੱਲਾਂ ਕਰਦਾ ਹੁੰਦਾ ਹੈ। ਕੋਈ ਹੋਵੇ। ਜਦੋਂ ਤੋਂ ਰਾਜ ਦੀ ਪ੍ਰਥਾ ਸ਼ੁਰੂ ਹੋਈ ਹੈ, ਉਸ ਵੇਲੇ ਤੋਂ ਰਾਜਾ ਰਾਜਨੀਤੀ 'ਚ ਚਲਦਾ ਹੈ। ਨਾਉਂ ਹੀ ਨੀਤੀ ਦਾ ਰਾਜਨੀਤੀ ਹੈ। ਉਹਨੇ ਉਹ ਤਰੀਕੇ ਕਰਨੇ ਨੇ, ਉਹ ਗੱਲਾਂ ਕਰਨੀਆਂ ਨੇ, ਜਿਨ੍ਹਾਂ ਨਾਲ ਵਕਤ ਟਪਾਇਆ ਜਾ ਸਕੇ। ਰਾਜੇ ਦਾ ਕੋਈ ਬਚਨ ਨਹੀਂ ਹੋਇਆ ਕਰਦਾ, ਰਾਜੇ ਦਾ ਹਿੱਤ ਹੋਇਆ ਕਰਦਾ। ਹਿੱਤ ਉਹਦਾ ਪੂਰਾ ਹੋਵੇ ਤਾਂ ਗੱਲ ਹੋ ਜਾਂਦੀ ਹੈ, ਨਾ ਹੋਵੇ ਤਾਂ ਨਹੀਂ ਹੁੰਦੀ। ਤੁਸੀਂ ਧੋਖੇ ਵਿਚ ਨਾ ਆਓ। ਕੱਲ੍ਹ ਨੂੰ ਤੁਸੀਂ ਰਾਜ ਕਰਨਾ ਹੈ, ਇਹੋ ਜਿਹੇ ਧੋਖੇ ਤੁਹਾਡੇ ਨਾਲ ਲੱਖਾਂ ਹੋਣਗੇ। ਤੁਸੀਂ ਹੁਣੇ ਨਾ ਧੋਖੇ ਵਿਚ ਆਓ।

ਪਰ ਜਿੱਦ ਕੀਤੀ, ਮਹਾਰਾਜ ਜੀ ਨੇ ਥੋੜ੍ਹਾ ਜਿਹਾ ਸਾਮਾਨ ਗੱਡਿਆਂ ਤੇ ਲੱਦ ਦਿਤਾ। ਕੀ ਲੱਦਿਆ, ਜਿੰਨੇ ਟੁੱਟੇ ਹੋਏ ਛਿੱਤਰ, ਜਿੰਨੀਆਂ ਹੱਡੀਆਂ ਪਈਆਂ ਸੀ, ਜਿੰਨੀ ਲਿੱਦ ਪਈ ਸੀ, ਉਤੇ ਬਹੁਤ ਵਧੀਆ ਮਖਮਲ ਦੇ ਦੁਸ਼ਾਲੇ ਦੇ ਕੇ ਢਕ ਦਿਤਾ ਤੇ ਸਿੰਘਾਂ ਦੇ ਨਾਲ ਸਿੰਘਾਂ ਦੇ ਨਾਲ ਮਿਸਾਲਾਂ ਬੰਨ੍ਹ ਦਿਤੀਆਂ ਬਲਦਾਂ ਦੇ। ਜਦੋਂ ਘੰਘਰਾਲਾਂ ਖੜ੍ਹਕੀਆਂ ਤਾਂ ਉਨ੍ਹਾਂ ਨੇ ਕਿਹਾ ਕਿ ਗੁਰੂ ਦਾ ਖਜ਼ਾਨਾ ਜਾ ਰਿਹਾ ਹੈ। ਨੱਠ ਕੇ ਪੈ ਗਏ, ਜਾ ਕੇ ਸ਼ਰਮਿੰਦੇ ਹੋ ਗਏ, ਜਾ

ਕੇ ਕਾਹਦੇ ਵਿਚ ਹੱਥ ਮਾਰਿਆ ਹੱਡੀਆਂ 'ਚ ਲਿੱਦ ਵਿਚ, ਜੁੱਤੀਆਂ ਵਿਚ। ਦੂਜੇ ਦਿਨ ਚਿੱਠੀ ਆ ਗਈ ਕਿ ਮਹਾਰਾਜ ਸਾਡੇ ਕੁੱਛ ਜੁਆਨਾਂ ਨੇ ਗਲਤੀ ਕਰੀ ਹੈ। ਅਸੀਂ ਉਨ੍ਹਾਂ ਨੂੰ ਸਜ਼ਾ ਦੇ ਰਹੇ ਹਾਂ।

ਮਹਾਰਾਜ ਕਹਿੰਦੇ, ਅਜੇ ਵੀ ਧੋਖਾ ਹੈ। ਉਹ ਪਹਿਲਾ ਧੋਖਾ ਹੋਣ ਦੂਜਾ ਧੋਖਾ। ਲੇਕਿਨ ਉਹ ਗੱਲ ਤੇ ਅੜ ਗਏ। ਮਹਾਰਾਜ ਕਹਿੰਦੇ ਚੰਗਾ। ਨਿਰਣਾ ਤਾਂ ਹੀ ਹੁੰਦਾ ਹੈ, ਇਕ ਪਾਸੇ ਗੁਰੂ ਹੈ ਇਕ ਪਾਸੇ ਸਿੱਖ। ਦੋਹਾਂ ਦੀ ਰਾਏ ਤਾਂ ਚਲਦੀ ਨਹੀਂ ਹੁੰਦੀ। ਗੁਰੂ ਦੀ ਰਾਇ ਦੇ ਅੰਦਰ ਸਿੱਖ ਸਮਾ ਜਾਵੇ ਤਾਂ ਤਾਂ ਸਿੱਖ ਹੈ। ਕਿਉਂਕਿ ਸਿੱਖ ਜੀਉਂਦਾ ਨਹੀਂ ਹੁੰਦਾ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ॥***

***ਭਾਈ ਗੁਰਦਾਸ ਜੀ, ਵਾਰ 3/18***

ਗੱਲਾਂ ਨਾਲ ਤਾਂ ਨਹੀਂ ਹੁੰਦਾ।

ਸੋ ਸਿੱਖ ਬਣਨ ਤੋਂ ਪਹਿਲਾਂ ਗੋਲਾ ਬਣਨਾ ਪੈਂਦਾ ਹੈ। ਮੁਰਦਾ ਬਣਨਾ ਪੈਂਦਾ ਹੈ। ਜਿਹਨੇ ਸਭ ਕੁਛ ਗੁਰੂ ਨੂੰ ਸਉਂਪ ਦਿਤਾ ਉਹ ਗੁਰੂ ਦੀ ਮਰਜ਼ੀ ਵਿਚ ਰਹਿੰਦਾ ਹੈ। ਸੋ ਉਹ ਥੋੜ੍ਹੇ ਜੀਉਂਦੇ ਸੀ ਤੇ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਜ਼ਿੱਦ ਨਾ ਕਰੋ, ਧੋਖਾ ਹੈ। ਕਹਿੰਦੇ ਨਹੀਂ ਮਹਾਰਾਜ। ਮਹਾਰਾਜ ਜੀ ਕਹਿਣ ਲੱਗੇ ਕਿ ਫੈਸਲਾ ਤਾਂ ਇਕੋ ਗੱਲ ਨਾਲ ਹੁੰਦਾ ਹੈ ਜਾਂ ਮੈਂ ਤੁਹਾਡੀ ਗੱਲ ਮੰਨ ਲਵਾਂ। ਮੈਨੂੰ ਪਤਾ ਹੈ ਕਿ ਤੁਸੀਂ ਗਲਤ ਕਰ ਰਹੇ ਹੋਂ।

ਕਹਿਣ ਲੱਗੇ ਕਿ ਗੁਰੂ ਵੀਹ ਵਿਸਵੇ ਤੇ ਸੰਗਤ ਇਕੀ ਵਿਸਵੇ। ਕਈ ਪ੍ਰੇਮੀਆਂ ਦਾ ਖਿਆਲ ਹੈ। ਇਹ ਗੱਲ ਨੂੰ ਨਿਖਾਰਨਾ ਪੈਂਦਾ ਹੈ। ਜਿਹੜਾ ਗੁਰੂ ਹੈ ਉਹ 20 ਵਿਸਵੇ, ਵੀਹ ਵਿਸਵੇ ਪੂਰਾ ਹੁੰਦਾ ਹੈ। ਇੱਕੀਵਾਂ ਵਿਸਵਾ ਤਾਂ ਹੁੰਦਾ ਹੀ ਨਹੀਂ। ਫੇਰ ਜਦੋਂ ਸੰਗਤ ਹੁੰਦੀ ਹੈ ਤਾਂ ਇੱਕ ਵਿਸਵਾ ਸੰਗਤ ਹੈ, ਗੁਰੂ ਵੀਹ ਗੁਰੂ ਹੈ। ਜਦੋਂ ਅਸੀਂ ਗੁਰਸੰਗਤ ਕਹਿੰਦੇ ਹਾਂ ਤਾਂ ਇੱਕੀ ਵਿਸਵੇ ਹੁੰਦੇ। ਗੁਰੂ ਤੇ ਸੰਗਤ ਰਲ ਕੇ ਇੱਕੀ ਵਿਸਵੇ ਹੁੰਦੇ ਨੇ। ਗੁਰੂ ਤਾਂ ਗੁਰੂ ਹੀ ਹੈ। ਸੰਗਤ ਠੀਕ ਹੈ ਮਹਾਰਾਜ ਨੇ ਦਰਜਾ ਦਿੱਤਾ ਹੈ। ਮਹਾਰਾਜ ਕਹਿੰਦੇ ਫੇਰ ਦੋ ਗੱਲਾਂ ਨਹੀਂ ਹੁੰਦੀਆਂ। ਜੇ ਤੁਸੀਂ ਸਿੱਖ ਨਹੀਂ ਹੈਗੇ ਤਾਂ ਲਿਖ ਕੇ ਦੇ ਦਿਓ। ਇਬਾਰਤ ਲਿਖ ਲਈ ਕਿ ਤੂੰ ਸਾਡਾ ਗੁਰੂ ਨਹੀਂ ਅਸੀਂ ਤੇਰੇ ਸਿੱਖ ਨਹੀਂ। ਦਸਤਖਤ ਕਰਾਉਣ ਲੱਗ ਗਏ।

ਮਹਾਰਾਜ ਨੇ ਕਿਹਾ ਚੰਗਾ, ਦਸਤਖਤ ਕਰੀ ਜਾਓ ਤੇ ਜਾਈ ਜਾਓ। ਚੰਗਾ ਸਿੰਘੋ ਤੁਹਾਡੀ ਮਰਜ਼ੀ ਹੈ। ਮੈਂ ਤਾਂ ਆਪਣੇ ਵਾਸਤੇ ਕੁਛ ਨਹੀਂ ਸੀ ਕਰ ਰਿਹਾ। ਤੁਹਾਡੇ ਵਾਸਤੇ ਹੀ ਸਭ ਕੁਛ ਕਰ ਰਿਹਾ ਸੀ। ਉਹ ਚਲੇ ਜਾਂਦੇ ਨੇ ਤੇ ਉਸ ਤੋਂ ਬਾਅਦ ਬਹੁਤ ਕੁਛ ਹੁੰਦਾ ਹੈ, ਸਾਰਿਆਂ ਨੂੰ ਪਤਾ ਹੈ। ਲੇਕਿਨ ਗੁਰੂ ਨੇ ਦਰਵਾਜ਼ਾ ਨਹੀਂ ਬੰਦ ਕਰਿਆ। ਜਿਥੇ ਮੈਂ ਬੇਨਤੀ ਕਰਦਾ ਹਾਂ, ਉਹਨੂੰ ਸਮਝਣ ਦਾ ਯਤਨ ਕਰੋ। ਦਰਵਾਜ਼ਾ ਨਹੀਂ ਬੰਦ ਕਰਿਆ। ਚਮਕੌਰ ਸਾਹਿਬ ਆ ਗਏ ਤੇ ਉਥੇ ਕੋਈ ਚੀਜ਼ ਨਾਲ ਨਹੀਂ ਲੈ ਕੇ ਨਿਕਲੇ। ਤਿੰਨ ਸਸ਼ਤਰ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਦੇ ਗੁਰੂ ਮਹਾਰਾਜ ਕੋਲ ਨੇ ਜਾਂ ਉਹ ਚਿੱਠੀ ਸਾਂਭੀ ਫਿਰਦੇ ਨੇ। ਬੇਅੰਤ ਮੁਸ਼ਕਲਾਂ ਵਿਚੋਂ ਲੰਘੇ। ਖਦਰਾਣੇ ਦੀ ਢਾਬ ਤੇ ਜਾ ਕੇ ਵੀ ਚਿੱਠੀ ਕਮਰਕੱਸੇ ਨਾਲ ਰੱਖੀ ਹੋਈ ਹੈ ਕਿ ਜੇ ਮੇਰਾ ਸਿੱਖ ਮੈਨੂੰ ਆ ਕੇ ਕਹਿ ਦੇਵੇ ਕਿ ਰਸਤਾ ਭੁੱਲ ਗਿਆ, ਮੈਂ ਤਾਂ ਤੇਰਾ ਹੀ ਹਾਂ, ਗਲਤੀ ਹੋ ਗਈ ਤਾਂ ਮੈਂ ਕੀ ਜਵਾਬ ਦੇਵਾਂਗੇ ਜੇ ਚਿੱਠੀ ਨਾ ਸਾਂਭ ਕੇ ਰੱਖੀ। ਉਹਨੂੰ ਯਕੀਨ ਨਹੀਂ ਆਉਣਾ ਤੇ ਜਦੋਂ 40 ਮੁਕਤਿਆਂ ਨੇ ਆ ਕੇ ਉਥੇ ਜੰਗ ਕੀਤਾ ਤੇ ਗੁਰੂ ਮਹਾਰਾਜ ਨੇ ਭਾਈ ਮਹਾਂ ਸਿੰਘ ਦੇ ਪਾਸ ਜਾ ਕੇ ਜੋ ਅਜੇ ਜੀਉਂਦਾ ਸੀ ਕਿ ਮਹਾਂਸਿੰਘਾ! ਕੀ ਚਾਹੁੰਦਾ ਹੈ। ਤਾਂ ਕਹਿਣ ਲੱਗਿਆ ਪਾਤਸ਼ਾਹ! ਸ਼ਹੀਦਾਂ ਦਾ ਜਹਾਜ਼ ਤਾਂ ਜਾਂਦਾ ਹੈ ਨਾ ਸਵਰਗ ਵਾਲੇ ਸਾਂਭ ਰਹੇ ਨੇ, ਨਾ ਤੇਰੇ ਸੱਚਖੰਡ 'ਚ ਜਾ ਰਿਹਾ ਹੈ, ਇਹ ਵਿਚਾਲੇ ਰੁਲਦਾ ਫਿਰਦਾ ਹੈ। ਕ੍ਰਿਪਾ ਕਰ, ਅਸੀਂ ਤੇਰੇ ਬਣੇ ਸੀ, ਤੇਰੇ ਹੀ ਸੀ। ਤੂੰ ਸਾਡਾ ਬੇਦਾਵਾ ਫਾੜ ਦੇ। ਗੁਰੂ ਮਹਾਰਾਜ ਕਹਿਣ ਲੱਗੇ ਕਿ ਮਹਾਂਸਿੰਘਾ! ਰਾਜ ਭਾਗ ਮੰਗ ਲੈ, ਹੋਰ ਕੁਛ ਮੰਗ ਲੈ, ਦੁਨੀਆਂਦਾਰਾਂ ਨੂੰ ਇਨ੍ਹਾਂ ਚੀਜ਼ਾਂ ਦੀ ਲੋੜ ਹੁੰਦੀ ਹੈ, ਪਾਤਸ਼ਾਹ! ਸਾਨੂੰ ਸਿੱਖੀ ਦੇ ਦੇ, ਸਾਨੂੰ ਜਾਨ ਦੀ ਲੋੜ ਨਹੀਂ ਹੈ, ਜੀਉਣ ਦੀ ਲੋੜ ਨਹੀਂ ਹੈ, ਰਾਜ ਦੀ ਲੋੜ ਨਹੀਂ। ਗੁਰੂ ਮਹਾਰਾਜ ਦੇ ਨੇਤਰਾਂ 'ਚ ਪਿਆਰ ਦੇ ਹੰਝੂ ਆ ਗਏ ਸਾਧਸੰਗਤ ਜੀ। ਦੋ ਟੇਪੇ ਉਹਦੇ ਚਿਹਰੇ ਤੇ ਗਿਰ ਗਏ, ਕਹਿਣ ਲੱਗੇ ਮਹਾਂ ਸਿੰਘਾ! ਗੁਰੂ ਕਦੇ ਸਿੱਖ ਨੂੰ ਨਹੀਂ ਛੱਡਦਾ, ਜਦੋਂ ਵੀ ਛੱਡਦਾ ਹੈ, ਸਿੱਖ ਗੁਰੂ ਨੂੰ ਛੱਡਦਾ ਹੈ। ਗੁਰੂ ਦਾ ਦਰਵਾਜ਼ਾ ਹਰ ਵਕਤ, ਗੁਰੂ ਦਾ ਕਲਾਵਾ ਹਰ ਵਕਤ ਇੰਤਜ਼ਾਰ ਕਰਦਾ ਹੈ ਕਦ ਸਿੱਖ ਆਵੇ -

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪***

ਕਦ ਆਵੇ ਤੇ ਮੈਂ ਉਹਦੀ ਭੁੱਲ ਨੂੰ ਸੋਧ ਕੇ ਆਪਣੀ ਛਾਤੀ ਦੇ ਨਾਲ ਆਪਣੇ ਪਿਆਰੇ ਬੱਚੇ ਨੂੰ ਲਾਵਾਂ। ਸੋ ਐਸੇ

ਗੁਰੂ ਗੋਬਿੰਦ ਸਿੰਘ ਜਦੋਂ ਤਕ ਦੁਨੀਆਂ ਰਹੇਗੀ, ਉਸ ਵੇਲੇ ਤੱਕ ਸਾਡੇ ਖ਼ੂਨ ਵਿਚ ਵਿਚ ਉਹਦਾ ਪਿਆਰ ਰਚਿਆ ਰਹਿਣਾ ਹੈ। ਪਰ ਅਸੀਂ ਗਲਤੀ ਕਰਦੇ ਹਾਂ। ਉਹੀ ਬੇਦਾਵਾ ਜੋ ਉਨ੍ਹਾਂ ਨੇ ਗੁਰੂ ਨੂੰ ਦਿਤਾ ਸੀ, ਉਹਦੀ ਅਸੀਂ ਦੇ ਬੈਠੇ ਹਾਂ, ਭਾਵੇਂ ਗੁਰੂ ਨੇ ਲਿਖਾਇਆ ਨਹੀਂ, ਪਰ ਅਸੀਂ ਗੁਰੂ ਦਾ ਬਚਨ ਨਹੀਂ ਮੰਨ ਰਹੇ। ਹੋਰ-ਹੋਰ ਥਾਂ ਜਾ ਕੇ ਮੱਥੇ ਟੇਕੀ ਜਾਂਦੇ ਹਾਂ, ਗੁਰੂ ਕਹਿੰਦਾ ਹੈ ਸ਼ਰਾਬ ਨਾ ਪੀਓ, ਅਸੀਂ ਪੀਈ ਜਾਂਦੇ ਹਾਂ। ਗੁਰੂ ਕਹਿੰਦਾ ਹੈ ਵੈਰ ਨਾ ਕਰੋ ਕਿਸੇ ਨਾਲ, ਅਸੀਂ ਕਰੀ ਜਾਂਦੇ ਹਾਂ। ਗੁਰੂ ਕਹਿੰਦਾ ਹੈ ਕਿਸੇ ਨੂੰ ਵੀ ਮਾੜਾ ਨਾ ਕਰ ਪਰ ਅਸੀਂ ਕਹੀ ਜਾਂਦੇ ਹਾਂ। ਸਾਰੇ ਹੀ ਹੁਕਮ ਅਦੂਲੀ ਗੁਰੂ ਤੋਂ ਕਰੀ ਜਾਂਦੇ ਹਾਂ। ਲੇਕਿਨ ਫੇਰ ਵੀ ਉਹ ਗੁਰੂ ਸਾਡੇ ਤੋਂ ਦਿਆਲੂ ਕ੍ਰਿਪਾਲੂ ਇੰਤਜ਼ਾਰ ਕਰਦਾ ਹੈ ਕਿ ਕਦ ਸਿੱਖ ਸਹੀ ਹੋ ਕੇ ਮੇਰੇ ਵਲ ਨੂੰ ਆਵੇ, ਕਦ ਮੈਂ ਏਸ ਨੂੰ ਆਪਣੀ ਦਰਗਾਹ ਵਿਚ ਥਾਂ ਦੇਵਾਂ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਆਪਾਂ ਗੁਰੂ ਨੂੰ ਯਾਦ ਕਰਦੇ ਹਾਂ, ਉਹ ਨਿਹਾਲ ਹੋ ਜਾਂਦੇ ਨੇ।

***ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ ॥***
***ਨਾਨਕ ਨਾਮੁ ਅਰਾਧਣਾ ਕਾਰਜੁ ਆਵੈ ਰਾਸਿ ॥***
***ਅੰਗ - ੧੪੨੫***

ਗੁਰੂ ਨੂੰ ਯਾਦ ਕਰਕੇ ਸਾਰੇ ਕਾਰਜ ਰਾਸ ਆ ਜਾਂਦੇ ਨੇ। ਨਾਲ ਇਹ ਨਿਹਾਲ ਹੋ ਜਾਂਦਾ ਹੈ, ਜਮਾਂ ਤੋਂ ਛੁਟ ਜਾਂਦਾ ਹੈ। ਸਾਰੇ ਦੁਖਾਂ ਦਾ ਨਾਸ ਹੋ ਜਾਂਦਾ ਹੈ, ਯਾਦ ਕਰ ਲਓ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ।

ਸੋ ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਐਹ ਸੰਸਾਰ ਵਿਚ ਆਉਣ ਤੋਂ ਪਹਿਲਾਂ ਪਰਮ ਮੁਕਤ ਅਵਸਥਾ ਪ੍ਰਮੇਸ਼ਰ ਦੀ ਜੋਤ ਨਾਲ ਇਕ ਮਿਕ ਹੋਏ, ਪ੍ਰਮੇਸ਼ਰ ਦਾ ਰੂਪ ਸਨ। ਲੇਕਿਨ ਕਲਜੁਗ ਦਾ ਜ਼ੋਰ ਵਧ ਗਿਆ, ਬੰਦਾ ਬਿਲਕੁਲ ਨਿਮਾਣਾ ਨਿਤਾਣਾ ਹੋ ਗਿਆ। ਕੋਈ ਅਸੂਲ ਨਾ ਰਿਹਾ ਬੰਦੇ ਦਾ, ਚੰਗਿਆਈ ਸਾਰੀ ਨਿਕਲ ਗਈ, ਭਾਰਤ ਵਰਸ਼ 'ਚੋਂ। ਗੁਲਾਮੀ ਆ ਗਈ। ਕੋਈ ਛੇ ਸੌ ਸਾਲ ਤੋਂ ਉਤੇ ਗੁਲਾਮੀ ਦਾ ਸਮਾਂ ਲੰਘ ਰਿਹਾ ਸੀ, ਗੁਲਾਮੀ ਦੇ ਵਿਚ ਜੀਉਣ ਕਰਕੇ ਆਦਮੀ ਅਣਖ, ਇੱਜ਼ਤ ਸਭ ਖਤਮ ਹੋ ਗਈ। ਇਹੀ ਰਹਿ ਗਿਆ ਕਿ ਕਿਸੇ ਤਰੀਕੇ ਨਾਲ ਸਾਹ ਕੱਢੀ ਜਾਓ। ਮਰਨ ਤੋਂ ਬਚ ਜਾਓ, ਕੋਈ ਗੱਲ ਨਹੀਂ, ਜੋ ਹੁੰਦਾ ਹੈ ਹੋਈ ਜਾਣ ਦਿਓ। ਧਰਮ ਦੀਆਂ ਜੜ੍ਹਾਂ ਹਿੱਲ ਗਈਆਂ। ਗੁਰੂ ਨਾਨਕ ਪਾਤਸ਼ਾਹ ਨੌਂ ਜਾਮਿਆਂ ਵਿਚ ਆ ਕੇ ਏਸ ਧਰਮ ਦੇ ਖੰਡਰ ਨੂੰ ਸੰਵਾਰਨ ਦਾ ਯਤਨ ਕਰਦੇ ਨੇ। ਅਕਾਲ ਪੁਰਖ ਦਾ ਹੁਕਮ ਹੋਇਆ ਗੁਰੂ ਦਸ਼ਮੇਸ਼ ਪਿਤਾ ਨੂੰ ਤੁਸੀਂ ਜਾਓ, ਗੁਰੂ ਜੋਤ ਤੁਹਾਡੇ ਥਾਉਂ ਤੇ ਕੰਮ ਕਰੇਗੀ। ਤੁਸੀਂ ਜਾ ਕੇ ਧਰਮ ਦਾ ਰਾਹ ਸੰਸਾਰ ਨੂੰ ਜਾ ਕੇ ਦੱਸੋ ਕਿਉਂਕਿ ਧਰਮ ਦਾ ਰਸਤਾ ਸੰਸਾਰ ਭੁੱਲ ਗਿਆ। ਸੋ ਧਰਮ ਦਾ ਰਸਤਾ ਚਲਾਉਣ ਵਾਸਤੇ ਗੁਰੂ ਮਹਾਰਾਜ ਆਉਂਦੇ ਨੇ।



ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਅਤੇ ਨਾਲ ਹਨ ਬਾਲਾ ਅਤੇ ਮਰਦਾਨਾ

ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਧਰਮ ਦਾ ਰਸਤਾ ਚਲਾਇਆ, ਸੰਸਾਰ ਨੂੰ ਦੱਸਿਆ ਕਿ ਕਿਵੇਂ ਜੀਉਣਾ ਚਾਹੀਦਾ ਹੈ।

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***
***ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥***
***ਅੰਗ - ੧੪੨੭***

ਨਾ ਕਿਸੇ ਤੋਂ ਡਰੋ, ਨਾ ਕਿਸੇ ਨੂੰ ਡਰਾਓ। ਸਾਰਿਆਂ ਦਾ ਭਲਾ ਲੋਚੋ।

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਕਾ ਭਲਾ।***

ਦਇਆ ਹਿਰਦੇ 'ਚ ਧਾਰਨ ਕਰੋ, ਖਿਮਾ ਹਿਰਦੇ ਵਿਚ ਧਾਰਨ ਕਰੋ, ਸੱਚ ਦਾ ਜੀਵਨ ਜੀਓ, ਸੌਚ, ਪਵਿਤਰਤਾ, ਸੰਤੋਖ ਵਿਚ ਰਹੋ, ਦਾਨ ਕਰੋ, ਸੇਵਾ ਕਰੋ, ਮਿੱਠਾ ਬੋਲੋ ਤੇ ਆਸਾ ਅੰਦੇਸਾ ਦੀਆਂ ਡੈਣਾਂ ਤੋਂ ਦੂਰ ਰਹੋ। ਈਰਖਾ ਨਾ

ਕਰੋ, ਨਿੰਦਿਆ ਨਾ ਕਰੋ, ਚੁਗਲੀਆਂ ਨਾ ਕਰੋ। ਇਹਦੇ ਨਾਲ ਪ੍ਰਮੇਸ਼ਰ ਦੇ ਦੁਆਰੇ ਤੇ ਪਹੁੰਚਣ ਵਾਲਾ ਸੁਖਾਲਾ ਰਸਤਾ ਨਾਮ ਦਾ ਸੰਸਾਰ ਨੂੰ ਆ ਕੇ ਦਿਤਾ। ਸਭ ਨੂੰ ਰਸਤਾ ਦੱਸ ਦਿਤਾ।

ਜਿਹੜੇ ਸੱਚੀ ਤਰ੍ਹਾਂ ਦੇ ਨਾਲ ਗੁਰੂ ਦੇ ਰਸਤੇ ਤੇ ਚੱਲ ਪਏ ਉਨ੍ਹਾਂ ਨੂੰ ਪਾਪ ਕਦੇ ਨਹੀਂ ਦੁਖੀ ਕਰਦਾ। ਜਿਹੜਾ ਆ ਕੇ ਸੀਸ ਨਿਵਾ ਕੇ ਗੁਰੂ ਦਾ ਬਣ ਗਿਆ, ਉਹਦੇ ਤਿੰਨੇ ਤਾਪ ਤੇ ਸਾਰੇ ਪਾਪ ਗੁਰੂ ਨੇ ਦੂਰ ਕਰ ਦਿਤੇ।

ਨਾ ਹੋ ਜਮਾਂ ਕਾਲ ਵਿਚ ਆਉਂਦਾ ਹੈ, ਨਾ ਉਹਨੂੰ ਕਦੇ ਦੁੱਖ, ਨਾ ਉਹਨੂੰ ਇਹ ਚੀਜ਼ਾਂ ਕਦੇ ਸਤਾਉਂਦੀਆਂ ਹਨ। ਕਿਉਂਕਿ ਗੁਰੂ ਨੇ ਆਪਣਾ ਰਸਤਾ ਚਲਾ ਦਿਤਾ। ਹੁਣ ਮਹਾਰਾਜ ਕਹਿੰਦੇ ਹੁਣ ਮੈਂ ਦੱਸਾਂ।

***ਅਬ ਮੈ ਅਪਨੀ ਕਥਾ ਬਖਾਨੋ।***
***ਤਪ ਸਾਧਤ ਜਿਹਿ ਬਿਧਿ ਮੋਹਿ ਆਨੋ।***
***ਹੇਮ ਕੁੰਟ ਪਰਬਤ ਹੈ ਜਹਾਂ।***
***ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।***

ਉਥੇ ਪੰਜੇ ਪਾਡਵਾਂ ਨੇ ਜਦੋਂ ਯੁੱਧ ਜਿੱਤ ਲਿਆ, ਉਸ ਤੋਂ ਬਾਅਦ ਮਨ ਵਿਚ ਆਇਆ ਕਿ ਬਹੁਤ ਰਿਸ਼ਤੇਦਾਰ ਸਾਡੇ ਤੋਂ ਮਾਰੇ ਗਏ, ਇਹਦਾ ਪ੍ਰਾਸ਼ਚਿਤ ਕੀਤਾ ਜਾਵੇ। ਉਹ ਸੀਗਾ ਜਾ ਕੇ ਤਪ ਕਰਨ, ਉਥੇ ਜਾ ਕੇ ਜਿੱਥੇ ਉਨ੍ਹਾਂ ਨੇ ਤਪ ਕਰਿਆ। ਕਹਿੰਦੇ ਉਸ ਥਾਂ ਦੇ ਉਤੇ –

***ਪੰਡੁ ਰਾਜ ਜਹ ਜੋਗ ਕਮਾਵਾ।***
***ਤਹ ਹਮ ਅਧਿਕ ਤਪੱਸਿਆ ਸਾਧੀ।***
***ਮਹਾਕਾਲ ਕਾਲਿਕਾ ਅਰਾਧੀ।***

ਜਿਹੜਾ ਕਾਲ ਨੂੰ ਕੱਟਣ ਵਾਲਾ ਕਾਲ ਹੈ ਮਹਾਂਕਾਲ ਉਹਦੀ ਅਸੀਂ ਤਪਸਿਆ ਕਰੀ।

***ਇਹ ਬਿਧਿ ਕਰਤ ਤਪੱਸਿਆ ਭਯੋ।***
***ਦ੍ਵੈ ਤੇ ਏਕ ਰੂਪ ਹ੍ਵੈ ਗਯੋ।***

ਅਸੀਂ ਐਨੀ ਤਪਸਿਆ ਕਰੀ, ਐਨਾ ਨਾਮ ਜਪਿਆ ਕਿ ਸਾਡਾ ਪਤਾ ਨਹੀਂ ਲਗਦਾ –

***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥***
***ਅੰਗ – ੯੬੯***

ਪਛਾਣ ਹੀ ਹੱਟ ਗਈ ਕਿ ਮੈਂ ਹਾਂ ਕਿ ਰੱਬ ਹੈ। ਇਕ ਬਣ ਗਏ। ਦੋ ਰੂਪ ਤੋਂ ਇਕ ਹੋ ਗਏ।

***ਤਾਤ ਮਾਤ ਮੁਰ ਅਲਖ ਅਰਾਧਾ।***
***ਬਹੁ ਬਿਧਿ ਜੋਗ ਸਾਧਨਾ ਸਾਧਾ।***
***ਤਿਨ ਜੋ ਕਰੀ ਅਲਖ ਕੀ ਸੇਵਾ।***
***ਤਾ ਤੇ ਭਏ ਪ੍ਰਸੰਨ ਗੁਰ ਦੇਵਾ।***

ਮਾਂ ਬਾਪ ਨੇ ਪੁੱਤਰ ਦੀ ਯਾਚਨਾ ਪਿਛਲੇ ਜਨਮ ਵਿਚ ਕੀਤੀ ਸੀ, ਹੇ ਪ੍ਰਭੂ! ਤੂੰ ਸਾਡੇ ਘਰ ਵਿਚ ਆ ਕੇ ਅਵਤਾਰ ਧਾਰ। ਆਵਾਜ਼ ਆਈ ਕਿ ਐਤਕੀਂ ਤਾਂ ਨਹੀਂ ਅਗਲੇ ਜਨਮ ਵਿਚ ਅਸੀਂ ਆਵਾਂਗੇ। ਜਦੋਂ ਇਨ੍ਹਾਂ ਤੇ ਪ੍ਰਸੰਨ ਹੋ ਗਏ –

***ਤਿਨ ਪ੍ਰਭ ਜਬ ਆਇਸ ਮੁਹਿ ਦੀਆ।***
***ਤਬ ਹਮ ਜਨਮ ਕਲੂ ਮਹਿ ਲੀਆ।***

ਜਦੋਂ ਮੈਨੂੰ ਹੁਕਮ ਮਿਲਿਆ ਤਾਂ ਮੈਂ ਕਲਜੁਗ ਵਿਚ ਆ ਕੇ ਜਨਮ ਲੈ ਲਿਆ।

***ਚਿਤ ਨ ਭਯੋ ਹਮਰੋ ਆਵਨ ਕਹ।***
***ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।***
***ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।***
***ਇਮ ਕਹਿ ਕੇ ਇਹ ਲੋਕ ਪਠਾਯੋ।***

ਮੇਰਾ ਚਿੱਤ ਨਹੀਂ ਸੀ ਕਰਦਾ ਪ੍ਰੇਮੀਓ! ਮੈਂ ਉਹ ਜਗ੍ਹਾ ਛੱਡ ਕੇ ਪਰਮ ਅਨੰਦ ਦੀ, ਏਸ ਤੋਂ ਖਰਬਾਂ-ਖਰਬਾਂ ਗੁਣਾਂ ਅਨੰਦ, ਜਿਹਦੀ ਗਿਣਤੀ ਮਿਣਤੀ ਨਹੀਂ, ਉਹ ਨੂੰ ਮੈਂ ਛੱਡ ਕੇ ਆਉਣ ਨੂੰ ਦਿਲ ਨਹੀਂ ਸੀ ਕਰਦਾ। ਲੇਕਿਨ ਪ੍ਰਮੇਸ਼ਰ ਨੇ ਗੱਲ ਸਮਝਾਈ ਕਿ ਜਦੋਂ ਤੋਂ ਸੰਸਾਰ ਰਚਿਆ ਹੈ ਪਹਿਲਾਂ ਅਸੀਂ ਦੈਂਤ ਰਚੇ ਸੀ, ਉਹ ਤਾਕਤ ਦੇ ਨਸ਼ੇ ਦੇ ਅੰਦਰ ਅੰਨ੍ਹੇ ਹੋ ਗਏ, ਉਹ ਕਹਿੰਦੇ ਸੀ ਚੁਟਕੀ ਦੇ ਵਿਚ ਖਤਮ ਕਰ ਦਿਤੇ। ਫੇਰ ਅਸੀਂ ਦੇਵਤਾ ਬਣਾ ਦਿਤੇ, ਉਹ ਦੇਵਤਾ ਵੀ



**ਇਹ ਬਿਧਿ ਕਰਤ ਤਪੱਸਿਆ ਭਯੋ। ਦ੍ਵੈ ਤੇ ਏਕ ਰੂਪ ਹ੍ਵੈ ਗਯੋ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ**

ਆਪਣੀ-ਆਪਣੀ ਪੂਜਾ ਕਰਾਉਣ ਲਗ ਗਏ ਫੇਰ ਅਸੀਂ ਮਨੁੱਖ ਬਣਾ ਦਿਤੇ। ਇਨ੍ਹਾਂ ਮਨੁੱਖਾਂ ਵਿਚ ਜਿੰਨੇ ਵੀ ਆਏ ਨੇ, ਜੋ ਜੋ ਵੀ ਜਗਤ ਵਿਚ ਸਿਆਣਾ ਹੋ ਕੇ ਆਇਆ ਹੈ, ਉਹਨੇ ਆਪਣਾ ਰਾਹ ਚਲਾ ਲਿਆ ਆ ਕੇ। ਮਨੁੱਖਤਾ ਲੀਰੋ ਲੀਰ ਕਰ ਦਿਤੀ। ਬੇਅੰਤ ਧਰਮਾਂ 'ਚ, ਬੇਅੰਤ ਰੂਪਾਂ ਵਿਚ ਸੰਸਾਰ ਪ੍ਰਗਟ ਹੋ ਗਿਆ। ਕਿਉਂਕਿ ਆਪਣੇ ਆਪਣੇ ਰਾਹ ਚਲਾਏ ਕਿਸੇ ਨੂੰ ਵਾਹਿਗੁਰੂ ਨੂੰ ਨਹੀਂ ਦੱਸਿਆ ਕਿ ਵਾਹਿਗੁਰੂ ਕੀ ਹੈ? ਸੋ ਉਹਦੇ ਵਾਸਤੇ ਤੁਸੀਂ ਜਾ ਕੇ ਪ੍ਰਮੇਸ਼ਰ ਦੀ ਸੋਝੀ ਦਿਓ, ਜਿੰਨਾ ਚਿਰ ਪ੍ਰਮੇਸ਼ਰ ਦੀ ਸੋਝੀ ਨਹੀਂ ਆਉਣੀ, ਮਤਲਬ ਮੇਰਾ ਪਤਾ ਨਹੀਂ ਲਗਦਾ ਫੇਰ ਇਨ੍ਹਾਂ ਦਾ ਜਨਮ ਮਰਨ ਦੂਰ ਨਹੀਂ ਹੋਣਾ, ਸੰਸਾਰ ਦੁਖੀ ਰਹੇਗਾ। ਉਹ ਸੁਖੀ ਤਾਂ ਹੋਣਾ ਹੈ ਜਦੋਂ ਉਸ ਨੇ ਆਪਣੇ ਸਰੂਪ ਦੀ ਪਛਾਣ ਕਰ ਲੈਣੀ ਹੈ।

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***

ਮੈਂ ਆਪਣਾ ਪੁੱਤਰ ਬਣਾ ਕੇ, ਧਰਮ ਦਾ ਪੰਥ ਚਲਾਉਣ ਵਾਸਤੇ ਉਹਦਾ ਪ੍ਰਚਾਰ ਕਰਨ ਵਾਸਤੇ ਤੁਹਾਨੂੰ ਭੇਜਦਾ ਹੈ।

***ਜਹਾ ਤਹਾ ਤੇ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***

ਆਹ ਜਿਹੜੇ ਕੁਬੁੱਧੀ ਕਰਦੇ ਨੇ, ਈਰਖਾ, ਨਿੰਦਿਆ, ਚੁਗਲੀ, ਵਖੀਲੀ, ਵੈਰ-ਵਿਰੋਧ, ਸ਼ਰਾਬਾਂ ਪੀਂਦੇ ਨੇ, ਨਸ਼ੇ ਖਾਂਦੇ ਨੇ, ਆਪਸ ਵਿਚ ਲੜਦੇ ਨੇ, ਕਿਤੇ ਦਰਖਤਾਂ ਨੂੰ ਮੱਥੇ ਟੇਕਦੇ ਨੇ, ਕਿਤੇ ਸੂਰਜ ਨੂੰ ਟੇਕਦੇ ਨੇ, ਕਿਤੇ ਦਰਿਆਵਾਂ ਨੂੰ ਮੰਨਦੇ ਨੇ, ਕਿਤੇ ਤਾਰਿਆਂ ਨੂੰ ਮੱਥਾ ਟੇਕਦੇ ਨੇ, ਕਿਤੇ ਭੂਤਾਂ ਨੂੰ ਮੰਨੀ ਜਾਂਦੇ ਨੇ, ਕਿਤੇ ਮਰਿਆਂ ਹੋਇਆਂ ਦੀ ਸਮਾਧਾਂ ਤੇ ਮੱਥਾ ਟੇਕੀ ਜਾਂਦੇ ਨੇ। ਇਨ੍ਹਾਂ ਨੂੰ ਸਮਝਾਓ



ਸ੍ਰੀ ਹੇਮ ਕੁੰਟ ਸਾਹਿਬ

ਕਮਲਾ ਹੋ ਗਿਆ ਜਗਤ। 'ਨਾਮ' ਨਹੀਂ ਇਹ ਸੁਣ ਰਿਹਾ-

***ਬਿਨੁ ਸਬਦੈ ਸਭੁ ਜਗੁ ਬਉਰਾਨਾ***
***ਬਿਰਥਾ ਜਨਮੁ ਗਵਾਇਆ ॥ ਅੰਗ - ੬੪੪***

ਜਨਮ ਇਨ੍ਹਾਂ ਦਾ ਬਿਰਥਾ ਜਾ ਰਿਹਾ ਹੈ, ਸ਼ਬਦ ਤੋਂ ਬਗੈਰ। ਜਾ ਕੇ ਸਮਝਾਓ। ਮਹਾਰਾਜ ਕਹਿੰਦੇ, ਨਿਗ੍ਹਾ ਮਾਰ ਕੇ ਅਸੀਂ ਦੇਖਿਆ ਕਿ ਇਹ ਤਾਂ ਸਾਰੇ ਅੰਧਕਾਰ ਛਾਇਆ ਪਿਆ ਹੈ। ਰਾਜਾ ਜਿਹੜਾ ਹੈ ਪੂਰਾ ਜ਼ਾਲਮ ਹੈ। ਉਹਨੂੰ ਕੋਈ ਪਤਾ ਨਹੀਂ ਨੀਤੀ, ਅਨੀਤੀ ਦਾ, ਇਕ ਧੁਨ ਸਵਾਰ ਹੈ ਕਿ ਮੈਂ ਜ਼ੋਰ ਜ਼ਬਰ ਦੇ ਨਾਲ ਸਾਰਿਆਂ ਨੂੰ ਇਕ ਧਰਮ ਦੇ ਵਿਚ ਲੈ ਆਵਾਂ, ਇਸਲਾਮ ਦੇ ਅੰਦਰ।

**ਇਸਲਾਮ ਮਾੜਾ ਨਹੀਂ ਹੈ ਸਾਧਸੰਗਤ ਜੀ, ਪਰ ਜ਼ੋਰ ਜ਼ਬਰ ਦੇ ਨਾਲ ਕਿਸੇ ਆਦਮੀ ਨੂੰ ਕਹੋ ਕਿ ਤੂੰ ਧਰਮ ਬਦਲ ਲੈ, ਇਹ ਬਹੁਤ ਮਾੜੀ ਗੱਲ ਹੋਇਆ ਕਰਦੀ ਹੈ।**

**ਹੋਰ ਦੇਖਿਆ ਕਿ ਰਿਆਇਆ ਜਿਹੜੀ** ਹੈ ਇਹ ਗਿਆਨ ਤੋਂ ਬਗੈਰ ਅੰਨ੍ਹੀ ਹੋ ਗਈ। ਝੂਠ ਬੋਲਦੀਆਂ ਕਹਾਣੀਆਂ ਬਣਾ-ਬਣਾ ਕੇ ਸੁਣਾਈ ਜਾਂਦੇ ਨੇ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ, ਹੈ ਕੁਛ ਵੀ ਨਹੀਂ, ਸੱਚ ਕਿਨਾਰੇ ਰਹਿ ਗਿਆ। ਆਹ ਤਾਂ ਮਰਿਆ ਹੋਇਆ ਦੇਸ਼ ਹੈ ਇਹਦੇ ਵਿਚ ਜਾਨ ਕਿੱਥੇ ਪਾਈ ਜਾਏਗੀ। ਉਸ ਵੇਲੇ ਗੁਰੂ ਮਹਾਰਾਜ ਨੇ ਪ੍ਰਮੇਸ਼ਰ ਨੂੰ ਕਿਹਾ ਹੇ ਪਾਤਸ਼ਾਹ! ਜਿਹੜੀ ਡਿਊਟੀ ਤੁਸੀਂ ਮੈਨੂੰ ਦੇਣ ਲੱਗੇ ਹੋਂ, ਬੜੀ ਮੁਸ਼ਕਲ ਹੈ, ਜਦੋਂ ਤਕ ਤੁਸੀਂ ਨਹੀਂ ਸਹਾਇਤਾ ਕਰਦੇ, ਇਹ ਚਲਣਾ ਨਹੀਂ। ਦੂਸਰਾ ਜੁਗ ਕਲਜੁਗ ਦਾ ਹੈ, ਜਿਹਦੇ ਵਿਚ ਆਦਮੀ ਇਕ ਸਕਿੰਟ ਬਾਅਦ ਭੁੱਲ ਜਾਂਦਾ ਹੈ। ਐਥੇ ਸੁਣੇਗਾ ਜੋੜੇ ਪਾਉਂਦਾ ਭੁੱਲ ਜਾਏਗਾ। ਇਹਦੇ ਵਿਚ ਤੁਹਾਡੀ ਮਿਹਰ ਹੋਣੀ ਚਾਹੀਦੀ ਹੈ -

***ਠਾਢਿ ਭਯੋ ਮੈ ਜੋਰਿ ਕਰ***
***ਬਚਨ ਕਹਾ ਸਿਰ ਨਿਆਇ।***
***ਪੰਥ ਚਲੈ ਤਬ ਜਗਤ ਮੈ***
***ਜਬ ਤੁਮ ਕਰਹੁ ਸਹਾਇ।***

ਤਾਂ ਰਸਤਾ ਇਹ ਚਲਣਾ ਹੈ। ਹੁਣ ਸਾਨੂੰ ਕਹਿੰਦੇ ਨੇ ਕਿ ਐ ਦੁਨੀਆ ਵਾਲਿਓ! ਮੈਨੂੰ ਕਿਤੇ ਰੱਬ ਨਾ ਬਣਾ ਕੇ ਬਹਿ ਜਾਇਓ, ਮੈਂ ਰੱਬ ਨਹੀਂ ਹਾਂ। ਰੱਬ ਨੂੰ ਪਛਾਣੋ ਕਿ ਰੱਬ ਕੀ ਹੈ। ਪ੍ਰਮੇਸ਼ਰ ਤੋਂ ਬਾਹਰ ਕੋਈ ਨਹੀਂ ਹੈ। ਲੇਕਿਨ ਇਕੱਲੀ ਚੀਜ਼ ਪ੍ਰਮੇਸ਼ਰ ਕੋਈ ਨਹੀਂ। ਆਹ ਧਿਆਨ ਦਿਓ। ਦਰਖਤ ਜਿੰਨੇ ਵੀ ਨੇ, ਟਾਹਣੀਆਂ, ਪੱਤੇ, ਫਲ ਜਿੰਨੇ ਨੇ ਦਰਖਤ ਤੋਂ ਬਾਹਰ ਕੋਈ ਨਹੀਂ ਹੈ, ਪਰ ਇਕੱਲੀ ਚੀਜ਼ ਦਰਖਤ ਕੋਈ ਨਹੀਂ ਹੈ। ਜੇ ਕਹੋ ਤਣਾ ਦਰਖਤ ਹੈ ਤਣਾ ਦਰਖਤ ਨਹੀਂ ਹੈ। ਸਮੁੱਚਾ ਦਰਖਤ ਹੈ। ਸੋ ਮਹਾਰਾਜ ਕਹਿੰਦੇ ਨੇ ਕਿ ਕਿਤੇ ਐਸਾ ਨਾ ਕਰਿਓ ਕਿ ਮੈਨੂੰ ਰੱਬ ਬਣਾ ਕੇ ਬਹਿ ਜਾਇਓ।



ਪੀਰ ਭੀਖਣ ਸ਼ਾਹ ਪਟਨੇ ਵਿਚ ਪਹੁੰਚ ਕੇ ਗੁਰੂ ਮਹਾਰਾਜ ਜੀ ਦੀ ਪਰਖ ਕਰਨ ਲਈ ਪਹੁੰਚਦੇ ਹਨ, ਕਿ ਇਹ ਮਹਾਨ ਆਤਮਾ ਹਿੰਦੂਆਂ ਵਾਸਤੇ ਕੰਮ ਕਰੇਗੀ ਜਾਂ ਮੁਸਲਮਾਨਾਂ ਵਾਸਤੇ ਕੁਝ ਕਰੇਗੀ।

***ਇਹ ਕਾਰਨਿ ਪ੍ਰਭ ਮੋਹਿ ਪਠਾਯੋ।***
***ਤਬ ਮੈ ਜਗਤ ਜਨਮ ਧਰਿ ਆਯੋ।***
***ਜਿਮ ਤਿਮ ਕਹੀ ਤਿਨੈ ਤਿਮ ਕਹਿ ਹੋਂ।***
***ਅਉਰ ਕਿਸੂ ਤੇ ਬੈਰ ਨ ਗਹਿ ਹੋਂ।***

ਉਵੇਂ ਜਿਵੇਂ ਮੈਂ ਕਹਿੰਦਾ ਹਾਂ ਜਿਵੇਂ ਮੈਨੂੰ ਕਿਹਾ ਹੈ।

***ਜੋ ਹਮ ਕੋ ਪਰਮੇਸਰ ਉਚਰਿ ਹੈਂ।***
***ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।***
***ਮੋ ਕੋ ਦਾਸ ਤਵਨ ਕਾ ਜਾਨੋ।***
***ਯਾ ਮੈ ਭੇਦ ਨ ਰੰਚ ਪਛਾਨੋ।***

ਜਿਨ੍ਹਾਂ ਨੇ ਗਲਤੀ ਦੇ ਨਾਲ ਮੈਨੂੰ ਕਹਿ ਦਿਤਾ ਕਿ ਰੱਬ ਆਇਆ ਹੈ, ਰੱਬ ਇਹੀ ਹੈ ਤਾਂ ਕਹਿੰਦੇ ਫੇਰ ਨਰਕਾਂ 'ਚ ਪੈਣਗੇ। ਕਿਉਂਕਿ ਮੈਂ ਨਹੀਂ ਇਹ ਕਹਾਉਣ ਆਇਆ। ਪਹਿਲਾਂ ਗਲਤੀਆਂ ਹੋ ਗਈਆਂ।

ਕ੍ਰਿਸ਼ਨ ਮਹਾਰਾਜ ਨੇ ਜੋ ਗੀਤਾ ਦਾ ਉਪਦੇਸ਼ ਦਿਤਾ ਸੀ ਅਰਜਨ ਨੂੰ। ਉਹ ਬ੍ਰਹਮ ਭਾਵ ਵਿਚ ਕੀਤੀ ਹੋਈ ਗੱਲ ਸੀ, ਸਮਾਂ ਚੰਗਾ ਸੀ, ਗੱਲ ਸਮਝਾਉਣ ਵਾਸਤੇ ਉਹ ਆਤਮ ਬਿਰਤੀ ਵਿਚ ਬੋਲਦੇ ਸੀ। ਸਰੀਰਕ ਤੌਰ ਤੇ ਨਹੀਂ ਸੀ ਬੋਲਦੇ। ਲੇਕਿਨ ਹੌਲੀ ਹੌਲੀ ਅਸੀਂ ਜਿਉਂ-ਜਿਉਂ ਅਸੀਂ ਥੱਲੇ ਆਏ ਉਹ ਪਰੀਪੂਰਨ ਪ੍ਰਮੇਸ਼ਰ ਦੀ ਥਾਂ ਦੇ ਉਤੇ ਅਸੀਂ ਐਨਾ ਹੀ ਕਰ ਲਿਆ ਕਿ ਕ੍ਰਿਸ਼ਨ ਮਹਾਰਾਜ ਪ੍ਰਮੇਸ਼ਰ ਆਪ ਸੀ। ਉਥੇ ਭੁੱਲ ਖਾ ਗਏ। ਉਹ ਤਾਂ ਆਪ ਹੀ ਸੀ ਵਾਹਿਗੁਰੂ ਸਾਰੇ। ਸੋ ਮਹਾਰਾਜ ਕਹਿੰਦੇ, ਕਿਤੇ ਦੁਬਾਰਾ ਭੁੱਲ ਨਾ ਖਾ ਜਾਇਓ। ਮੈਂ ਤਾਂ ਉਹਦਾ ਦਾਸ ਹਾਂ।

***ਮੈ ਹੋ ਪਰਮ ਪੁਰਖ ਕੋ ਦਾਸਾ।***
***ਦੇਖਨ ਆਯੋ ਜਗਤ ਤਮਾਸਾ।***
***ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋਂ।***
***ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ।***
***ਹਮ ਇਹ ਕਾਜ ਜਗਤ ਮੋ ਆਏ।***
***ਧਰਮ ਹੇਤ ਗੁਰਦੇਵ ਪਠਾਏ।***
***ਜਹਾਂ ਤਹਾਂ ਤੁਮ ਧਰਮ ਬਿਥਾਰੋ।***
***ਦੁਸਟ ਦੋਖੀਅਨ ਪਕਰਿ ਪਛਾਰੋ।***
***ਯਾਹੀ ਕਾਜ ਧਰਾ ਹਮ ਜਨਮੰ।***
***ਸਮਝ ਲੇਹੁ ਸਾਧੂ ਸਭ ਮਨਮੰ।***
***ਧਰਮ ਚਲਾਵਨ ਸੰਤ ਉਬਾਰਨ।***
***ਦੁਸਟ ਸਭਨ ਕੋ ਮੂਲ ਉਪਾਰਨ।***

ਦੋ ਕਿਸਮ ਦੀ ਦੁਨੀਆਂ ਦਾ ਸਾਧਸੰਗਤ ਜੀ! ਸੰਸਾਰ ਦੇ ਵਿਚ। ਆਪਣੀ ਨਿਗ੍ਹਾਂ ਨਹੀਂ ਨਾ ਜਿੱਥੇ ਜਾ ਸਕਦੀ ਉਥੇ anti matter ਜਿਥੇ ਪ੍ਰਾਕ੍ਰਿਤੀ ਨਹੀਂ ਹੁੰਦੀ ਉਥੇ ਦੋ ਕਿਸਮ ਦੀ ਦੁਨੀਆਂ ਹੈ। ਇਕ ਦੈਵੀ ਦੁਨੀਆਂ ਹੈ, ਇਕ ਹੈ ਦੈਂਤ ਦੁਨੀਆਂ। ਹਰੇਕ ਬੰਦੇ ਦੇ ਅੰਦਰ ਉਹਨੇ ਪ੍ਰਵੇਸ਼ ਕੀਤਾ ਹੋਇਆ ਹੈ, ਸਾਡੇ ਅੰਦਰ ਦੇਵਤੇ ਵੀ ਰਹਿੰਦੇ ਨੇ, ਦੈਂਤ ਵੀ ਰਹਿੰਦੇ ਨੇ। ਦੈਂਤਾਂ ਦਾ ਰੂਪ ਹੈ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ ਤੇ ਆਸਾ, ਤ੍ਰਿਸ਼ਨਾ ਆਦਿ ਬੇਅੰਤ ਚੀਜ਼ਾਂ ਨੇ। ਦੂਸਰੇ ਪਾਸੇ ਦੇਵਤਿਆਂ

ਦਾ ਰੂਪ ਹੈ, ਸਤਿ ਹੈ, ਸੰਤੋਖ ਹੈ, ਦਇਆ, ਧਰਮ, ਸੁੱਚ, ਪਵਿਤਰਤਾ ਹੈ, ਅਹਿੰਸਾ ਹੈ, ਮਿੱਠਾ ਬੋਲਣਾ, ਸਤਿ ਦਾ ਜੀਵਨ ਹੈ। ਇਹ ਗੁਣ ਉਨ੍ਹਾਂ ਦੇ ਨੇ। ਸੋ ਇਨ੍ਹਾਂ ਦਾ ਹਰ ਵਕਤ ਝਗੜਾ ਰਹਿੰਦਾ ਹੈ। ਕਸ਼ਮਕਸ਼ ਰਹਿੰਦੀ ਹੈ। ਜੇ ਤਾਂ ਦੈਂਤ ਦੁਨੀਆਂ ਵੱਧ ਜਾਵੇ ਸੰਸਾਰ ਦੇ ਅੰਦਰ ਤਾਂ ਦੁੱਖ ਸ਼ੁਰੂ ਹੋ ਜਾਂਦਾ। ਜੇ ਦੇਵ ਦੁਨੀਆਂ ਵਧ ਜਾਵੇ, ਧਰਮ ਦੀ ਦੁਨੀਆਂ ਤਾਂ ਸੰਸਾਰ ਦੇ ਅੰਦਰ ਸੁੱਖ ਵਧ ਜਾਇਆ ਕਰਦਾ ਹੈ। ਮਹਾਰਾਜ ਕਹਿੰਦੇ –

*ਜਿਸ ਨੋ ਆਪਿ ਖੁਆਏ*
*ਕਰਤਾ ਖੁਸਿ ਲਏ ਚੰਗਿਆਈ ॥ ਅੰਗ – ੪੧੭*

ਜਦੋਂ ਚੰਗਿਆਈਆਂ ਖਤਮ ਹੋ ਜਾਣ ਉਸ ਵੇਲੇ ਆਦਮੀ ਦੇ ਉਤੇ ਪਤਨ ਆ ਜਾਇਆ ਕਰਦਾ ਹੈ, ਗਿਰਨਾ ਸ਼ੁਰੂ ਹੋ ਜਾਇਆ ਕਰਦਾ ਹੈ। ਸੋ ਮਹਾਰਾਜ ਉਨ੍ਹਾਂ ਗੁਣਾਂ ਨੂੰ, ਧਰਮ ਨੂੰ ਉਭਾਰਨ ਵਾਸਤੇ ਸੰਸਾਰ ਦੇ ਅੰਦਰ ਆਏ ਤੇ ਆਪ ਨੇ ਇਥੇ ਆ ਕੇ ਐਨੇ ਕੌਤਕ ਕੀਤੇ। ਕਿਸੇ ਪਾਸਿਓਂ ਚੁੱਕ ਲਓ ਮਹਾਰਾਜ ਦਾ ਜੀਵਨ, ਇਕ ਛੋਟੀ ਤੋਂ ਛੋਟੀ ਮਿਸਾਲ ਦੇਖ ਲਓ ਕਿ ਪਿਆਰ ਦੇ ਹੀ ਭਰੇ ਹੋਏ ਨੇ, ਆਪ ਨੇ ਰੱਬ ਨੂੰ ਵੀ ਇਹ ਗੱਲ ਕਹੀ ਹੈ ਕਿ ਰੱਬ ਜਿਹੜਾ ਹੈ, ਰੱਬ ਜਿਹੜਾ ਹੈ ਉਹ ਨਿਰਾ ਹੀ ਪਿਆਰ ਹੈ –

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*
*ਜਾਪੁ ਸਾਹਿਬ*

ਚਾਰੇ ਪਾਸੇ, ਪੂਰਬ, ਪੱਛਮ, ਉਤਰ, ਦੱਖਣ ਹਰ ਕੋਨੇ ਦੇ ਉਤੇ ਜਿੱਧਰ ਵੀ ਉਹ ਵਾਹਿਗੁਰੂ ਪਿਆਰ ਦਾ ਸਰੂਪ ਧਾਰਨ ਕਰਕੇ ਫੈਲਿਆ ਹੋਇਆ ਹੈ। ਪਰੀਪੂਰਨ ਹੈ। ਜਿਹੜਾ ਪਿਆਰ ਦਾ ਸਰੂਪ ਹੈ ਉਹ ਨਫਰਤ ਨਾਲ ਤਾਂ ਨਹੀਂ ਮਿਲਣਾ। ਉਹ ਕਿਸੇ ਤਰੀਕੇ ਨਾਲ ਨਹੀਂ ਮਿਲਦਾ ਜੇ ਮਿਲਦਾ ਹੈ ਤਾਂ –

*ਸਾਚ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਜਿਹਨੇ ਵੀ ਪਿਆਰ ਕਰਿਆ ਹੈ ਉਸ ਨੂੰ ਪ੍ਰਮੇਸ਼ਰ ਮਿਲਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਸੋ ਉਨ੍ਹਾਂ ਦੀਆਂ ਜਿੰਨੀਆਂ ਕਥਾਵਾਂ ਨੇ ਸਾਰੀਆਂ ਸੰਸਾਰ ਤੋਂ ਨਿਆਰੀਆਂ ਨੇ–

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ – ੮੫੫*

ਸੋ ਸਾਰੀਆਂ ਕਥਾਵਾਂ, ਸਾਡੀਆਂ ਹੋਰ ਤਰ੍ਹਾਂ ਦੀਆਂ ਨੇ, ਪ੍ਰਮੇਸ਼ਰ ਦੀਆਂ, ਉਸ ਦੇ ਪਿਆਰਿਆਂ ਦੀਆਂ ਹੋਰ ਤਰ੍ਹਾਂ ਦੀਆਂ ਨੇ। ਸੰਸਾਰ ਵਰਗੀਆਂ ਨਹੀਂ ਹਨ, ਸੰਸਾਰ ਤੋਂ ਵੱਖਰੀਆਂ ਨੇ।

ਸੰਨ 1666 ਈਸਵੀ (ਸੰਮਤ 1723 ਬਿਕ੍ਰਮੀ ਪੋਹ ਸੁਦੀ ਸੱਤਵੀਂ) ਦੀ ਸੁਭਾਗੀ ਰਾਤ ਨੂੰ ਸਾਰੇ ਅਕਾਸ਼ ਮੰਡਲ ਵਿਚ ਇਕ ਮਹਾਨ ਪ੍ਰਕਾਸ਼ ਹੋਇਆ ਅਤੇ ਗੁਰੂ ਦਸਮੇਸ਼ ਪਿਤਾ ਜੀ ਸੰਸਾਰ ਦੇ ਕਰਮ ਮੰਡਲ ਉਪਰ ਪ੍ਰਵੇਸ਼ ਹੋਏ। ਉਚੀਆਂ ਉਡਾਰੀਆਂ ਵਾਲੀਆਂ ਰੂਹਾਂ ਨੇ ਇਸ ਅਲੌਕਿਕ ਪ੍ਰਕਾਸ਼ ਨੂੰ ਅਨੁਭਵ ਕੀਤਾ ਜਿਨ੍ਹਾਂ ਵਿਚ ਇਕ ਭੀਖਣ ਸ਼ਾਹ ਫਕੀਰ, ਘੁੜਾਮ (ਜ਼ਿਲ੍ਹਾ ਪਟਿਆਲਾ) ਨਿਵਾਸੀ ਨੂੰ ਭੀ ਪ੍ਰਤੱਖ ਰੂਪ ਵਿੱਚ ਇਹ ਮਹਾਨ ਪ੍ਰਕਾਸ਼ ਪਟਨੇ ਵਿਖੇ ਇਕ ਬਾਲ ਸਰੀਰ ਵਿਚ ਪ੍ਰਵੇਸ਼ ਕਰਦਾ ਦਿਸਿਆ; ਇਕ ਇਲਹਾਮ ਸੁਣਿਆ ਕਿ ਸੰਸਾਰ ਨੂੰ ਸਹੀ ਰਾਹ ਦਿਖਾਉਣ ਵਾਲਾ ਅਕਾਲ ਪੁਰਖ ਦਾ ਭੇਜਿਆ ਹੋਇਆ ਪੈਗੰਬਰ ਆਇਆ ਹੈ। ਹੋਰ ਭੀ ਕਈ ਪੁੱਗੀਆਂ ਹੋਈਆਂ ਰੂਹਾਂ ਨੂੰ ਇਸ ਮਹਾਨ ਪ੍ਰਕਾਸ਼ ਦਾ ਅਨੁਭਵ ਹੋਇਆ। ਇਹ ਕੋਈ ਅਤਕਥਨੀ ਵਾਲੀ ਗੱਲ ਨਹੀਂ ਹੋਇਆ ਕਰਦੀ। ਆਦਮੀ ਦੇ ਅੰਦਰ ਪਰਮੇਸ਼ਰ ਨੇ ਅਜਿਹੀਆਂ ਅਲੌਕਿਕ ਸ਼ਕਤੀਆਂ ਰੱਖੀਆਂ ਹੋਈਆਂ ਹਨ ਜਿਨ੍ਹਾਂ ਰਾਹੀਂ ਭੂਤ, ਭਵਿੱਖ ਅਤੇ ਵਰਤਮਾਨ ਬਾਰੇ ਪੂਰੀ ਤਰ੍ਹਾਂ ਨਾਲ ਗਿਆਨ ਹੋ ਜਾਇਆ ਕਰਦਾ ਹੈ। ਅੱਜ ਪੁੱਗੀ ਹੋਈ ਮਹਾਨ ਆਤਮਾ ਪੀਰ ਭੀਖਣ ਸ਼ਾਹ ਨੂੰ ਭੀ ਪ੍ਰਭੂ ਨੇ ਕਿਰਪਾ ਕਰਕੇ ਵਿਖਾਇਆ। ਇਹ ਪੀਰ ਪਟਨੇ ਵਿੱਚ ਪਹੁੰਚ ਕੇ ਦਰਸ਼ਨ ਕਰਕੇ ਪਰਖਣ ਦਾ ਯਤਨ ਕਰਦਾ ਹੈ ਕਿ ਇਹ ਪੈਗੰਬਰ ਕਿਹੜੇ ਧਰਮ ਨਾਲ ਸਬੰਧ ਰਖੇਗਾ – ਕੀ ਇਹ ਮਹਾਨ ਆਤਮਾ ਹਿੰਦੂਆਂ ਵਾਸਤੇ ਕੰਮ ਕਰੇਗੀ ਜਾਂ ਮੁਸਲਮਾਨਾਂ ਵਾਸਤੇ ਕੁਝ ਕਰੇਗੀ। ਇਸ ਫਕੀਰ ਨੇ ਪਟਨੇ ਪਹੁੰਚ ਕੇ ਦਰਸ਼ਨ ਕੀਤੇ। ਪਹਿਲਾਂ ਪਲੰਘ ਦੇ ਨੇੜੇ ਜਾ ਕੇ ਗੋਡੇ ਟੇਕ ਕੇ ਸਿਜਦਾ ਕੀਤਾ। ਇਸ ਦੇ ਨੈਣ ਪਾਣੀ ਨਾਲ ਤਰ ਹੋ ਚੁਕੇ ਸਨ। ਸਿੱਜਦਾ ਕਰਨ ਉਪਰੰਤ ਉਸ ਦਾ ਸਿਰ ਉਠਿਆ ਅਤੇ ਦੋਵੇਂ ਹੱਥ ਖੋਲ੍ਹੇ ਅਤੇ ਖੁੱਲ੍ਹੇ ਨੈਣਾਂ ਨੂੰ ਗੁਰੂ ਨੇਤਰਾਂ ਵੱਲ ਜੋੜ ਲਿਆ ਅਤੇ ਅਬੋਲ ਭਾਵਨਾ ਦੀ ਬੋਲੀ ਵਿੱਚ ਪੀਰ ਜੀ ਨੇ ਉਸੇ ਮਹਾਨ ਆਤਮਾ ਅੱਗੇ ਕੀ ਬੇਨਤੀਆਂ ਕੀਤੀਆਂ, ਉਨ੍ਹਾਂ ਨੂੰ ਕੋਈ ਨਹੀਂ ਜਾਣ ਸਕਦਾ ਪਰ ਇਹ ਦੇਖਿਆ ਗਿਆ ਕਿ ਪੀਰ ਜੀ ਨੇ ਦੋ ਕੁੱਜੇ ਮਿਠਾਈ ਦੇ ਆਪਣੇ ਮੁਰੀਦਾਂ ਕੋਲੋਂ ਲੈ ਕੇ ਗੁਰੂ ਜੀ ਅੱਗੇ ਪੇਸ਼ ਕੀਤੇ ਜੋ ਗੁਰੂ ਮਹਾਰਾਜ ਜੀ ਦੇ ਦੋਵੇਂ ਪਾਸੇ ਹੱਥਾਂ ਦੇ ਨੇੜੇ ਟਿਕਾਏ। ਗੁਰੂ ਮਹਾਰਾਜ ਜੀ ਨੇ ਆਪਣੇ ਕੋਮਲ ਬਾਲ ਹਸਤ ਕਮਲ ਉਠਾਏ ਅਤੇ ਦੋਹਾਂ ਕੁੱਜਿਆਂ ਉਪਰ ਰੱਖ ਕੇ ਆਪ ਸਿਆਣੇ ਵਿਅਕਤੀਆਂ ਵਾਂਗ ਮੁਸਕਰਾਏ। ਪੀਰ ਜੀ ਨੇ ਭੇਦ ਸਮਝ ਲਿਆ, ਵਿਸਮਾਦ ਵਿੱਚ ਆਇਆ ਅਤੇ 'ਸੁਭਾਨ ਅੱਲਾ, ਸੁਭਾਨ ਅੱਲਾ' ਕਹਿੰਦਾ ਹੋਇਆ ਮੁੜ ਸਿੱਜਦਾ ਕਰਨ ਲੱਗਿਆ ਅਤੇ ਨਾਲ ਹੀ ਬੇਨਤੀ ਕੀਤੀ ਕਿ ਮੈਂ ਆਪ ਜੀ ਦੀ ਪ੍ਰੀਖਿਆ ਕੀਤੀ ਹੈ, ਹੇ ਵਲੀ ਅੱਲਾ! ਜਿਵੇਂ ਗੁਰੂ ਬਾਬਾ ਨਾਨਕ ਜੀ ਨੇ ਛੋਟੀ ਉਮਰ ਵਿੱਚ ਰਾਏ ਬੁਲਾਰ ਨੂੰ ਚਮਤਕਾਰ ਵਿਖਾ ਕੇ ਮੁਰੀਦ ਬਣਾ ਲਿਆ ਸੀ, ਤਿਵੇਂ ਹੀ

ਮੈਨੂੰ ਆਪ ਨੇ ਗਿਆਨ ਕਰਾ ਕੇ ਮੁਰੀਦ ਬਣਾਇਆ ਹੈ, ਮੈਨੂੰ ਮੁਆਫ ਕਰ ਦੇਣਾ। ਇਸ ਤਰ੍ਹਾਂ ਦੇ ਨਾਲ ਪੀਰ ਭੀਖਣ ਸ਼ਾਹ ਨੇ ਪ੍ਰਤੱਖ ਸ਼ਕਤੀ ਵੇਖੀ। ਗੁਰੂ ਦਸਮੇਸ਼ ਪਿਤਾ ਜੀ ਨੇ ਇਸੇ ਹੀ ਘਟਨਾ ਨੂੰ ਸਪਸ਼ਟ ਕਰਦੇ ਹੋਏ ਅਪਣੀ ਰਚਨਾ 'ਅਕਾਲ ਉਸਤਤਿ' ਵਿੱਚ ਇਉਂ ਅੰਕਿਤ ਕੀਤਾ ਹੈ:-

*ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ*
*ਕੋਊ ਬ੍ਰਹਮਚਾਰੀ ਕੋਈ ਜਤੀਅਨ ਮਾਨਬੋ॥*
*ਹਿੰਦੂ ਔ ਤੁਰਕ ਕੋਊ ਰਾਫਸੀ ਇਮਮਸਾਫੀ*
*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥*
*ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ*
*ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ॥*
*ਏਕ ਹੀ ਕੀ ਸੇਵ ਸਭਹੀ ਕੋ ਗੁਰਦੇਵ ਏਕ*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥*

ਗੁਰੂ ਮਹਾਰਾਜ ਜੀ ਨੇ ਖਾਲਸੇ ਨੂੰ ਜੋ ਉਪਦੇਸ਼ ਦਿੱਤਾ ਅਤੇ ਸੰਸਾਰ ਨੂੰ ਪੈਗਾਮ ਦਿੱਤਾ, ਉਸ ਰਾਹੀਂ ਆਪ ਜੀ ਨੇ ਫੁਰਮਾਇਆ ਹੈ ਕਿ ਆਦਮੀ ਦੇ ਅੰਦਰ ਇਕੋ ਪਰਮੇਸ਼ਰ ਦੀ ਜੋਤਿ ਪਸਰੀ ਹੋਈ ਹੈ:-

*ਪਾਰਬ੍ਰਹਮ ਕੇ ਸਗਲੇ ਠਾਉ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥*
*ਆਪੇ ਕਰਨ ਕਰਾਵਨ ਜੋਗੁ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ॥*
*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥*
*ਜੈਸੀ ਮਤਿ ਦੇਇ ਤੈਸਾ ਪਰਗਾਸ॥*
*ਪਾਰਬ੍ਰਹਮੁ ਕਰਤਾ ਅਬਿਨਾਸ॥*
*ਸਦਾ ਸਦਾ ਸਦਾ ਦਇਆਲ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ਪੰਨਾ - 275*

ਇਸ ਇਲਾਹੀ ਸਿਧਾਂਤ ਨੂੰ ਗੁਰੂ ਮਹਾਰਾਜ ਜੀ ਨੇ ਆਪਣੇ ਜੀਵਨ ਅੰਦਰ ਪ੍ਰਤੱਖ ਰੂਪ ਵਿਚ ਵਰਤੋਂ ਵਿਚ ਲਿਆਂਦਾ। ਆਪ ਨੂੰ ਜਿੰਨਾਂ ਸਤਿਕਾਰ ਦੇਹੁਰੇ ਦਾ ਸੀ, ਓਨਾਂ ਹੀ ਮਸੀਤ ਦਾ ਸੀ। ਆਪ ਪੂਜਾ ਕਰਨ ਵਾਲੇ ਨੂੰ ਭੀ ਸਤਿਕਾਰਦੇ ਸਨ ਅਤੇ ਨਿਮਾਜ਼ ਪੜ੍ਹਨ ਵਾਲੇ ਨੂੰ ਭੀ ਪਿਆਰਦੇ ਸਨ। ਇਨ੍ਹਾਂ ਗੱਲਾਂ ਦਾ ਸਹੀ ਸਰੂਪ ਆਪ ਜੀ ਦੇ ਜੀਵਨ ਵਿੱਚੋਂ ਪ੍ਰਤੱਖ ਭਾਸਦਾ ਹੈ। ਆਪ ਜੀ ਦੇ ਬਚਨ ਹਨ-

*ਦੇਹੁਰਾ ਮਸੀਤ ਸੋਈ ਪੂਜਾ ਔ ਨਿਮਾਜ਼ ਓਈ*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੈਛ ਗੰਧ੍ਰਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ*
*ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥*
*ਅਲਹ ਅਭੇਖ ਸੋਈ ਪੁਰਾਨ ਔ ਕੁਰਨ ਓਈ*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥*
*(ਅਕਾਲ ਉਸਤਤਿ)*

ਗੁਰੂ ਦਸ਼ਮੇਸ਼ ਪਿਤਾ ਅੱਜ ਬਾਲ ਅਵਸਥਾ ਦੇ ਅੰਦਰ, ਪਟਨੇ ਸਾਹਿਬ ਦੇ ਅੰਦਰ ਨਿਵਾਸ ਰੱਖਦੇ ਨੇ ਤੇ ਆਪ ਦੀ ਕ੍ਰਿਆ, ਕੌਤਕ ਐਸੇ ਨੇ ਕਿਤੇ ਤਾਂ ਭੁਲੇਖਾ ਖਾ ਜਾਂਦੇ ਨੇ ਕਿ ਇਹ ਪੂਰਨ ਮਹਾਂਪੁਰਸ਼ ਨੇ? ਕਿਤੇ ਹੈਰਾਨ ਹੀ ਹੋ ਜਾਂਦੇ ਨੇ। ਸਮਝ ਨਹੀਂ ਸਕਦੇ। ਬੰਦਗੀ ਵਾਲੇ ਸਮਝ ਰਹੇ ਨੇ, ਦੂਸਰਿਆਂ ਨੂੰ ਸਮਝ ਨਹੀਂ ਆ ਰਹੀ।

ਇਕ ਵਾਰੀ ਉਨ੍ਹਾਂ ਦੇ ਕੋਲ ਇਕ ਕੋਹੜੀ ਆ ਗਿਆ, ਆ ਕੇ ਬੇਨਤੀ ਕੀਤੀ ਕਿ ਮਹਾਰਾਜ ਮੈਂ ਬਹੁਤ ਦੁਖੀ ਹਾਂ ਮੈਨੂੰ ਕੁਸ਼ਟ ਹੋਇਆ ਹੋਇਆ ਹੈ। ਕ੍ਰਿਪਾ ਕਰੋ ਆਪ। ਮੇਰਾ ਰੋਗ ਨਵਿਰਤ ਕਰੋ। ਬਾਰ-ਬਾਰ ਬੇਨਤੀਆਂ ਕਰਦਾ ਹੈ। ਗੰਗਾ ਦੇ ਕਿਨਾਰੇ ਤੇ ਖੜ੍ਹਾ ਹੈ, ਕੋਲ ਪਾਣੀ ਡੂੰਘਾ ਹੈ। ਮਹਾਰਾਜ ਕਹਿੰਦੇ, ਤੂੰ ਇਹੋ ਜਿਹੀਆਂ ਗੱਲਾਂ ਕਿਉਂ ਕਰਦਾ ਹੈ, ਝਿੜਕ ਕੇ ਪਏ। ਨਾਲ ਦੀ ਨਾਲ ਮਹਾਰਾਜ ਜੀ ਨੇ ਧੱਕਾ ਦੇ ਦਿਤਾ ਦੜੰਮ ਕਰਕੇ ਗੰਗਾ ਵਿਚ ਗਿਰ ਗਿਆ। ਜਦੋਂ ਡੁੱਬਣ ਲੱਗ ਗਿਆ, ਤਰਨ ਲੱਗ ਗਿਆ, ਬਾਹਰ ਨਿਕਲਿਆ, ਸਾਰੇ ਹੈਰਾਨ ਰਹਿ ਗਏ ਕਿ ਕੋਹੜ ਦਾ ਕਿਤੇ ਨਾਮ ਨਿਸ਼ਾਨ ਨਾ ਰਿਹਾ।

ਛੋਟੇ ਜਿਹੇ ਬੱਚੇ ਸੀ। ਜੇ ਕਿਸੇ ਨੇ ਆ ਕੇ ਕਿਹਾ ਕਿ ਮਹਾਰਾਜ ਮੇਰੇ ਪੁੱਤਰ ਨਹੀਂ। ਉਸੇ ਵੇਲੇ ਹੀ ਕੋਈ ਨਾ ਕੋਈ ਬਚਨ ਕਰ ਦੇਣਾ। ਐਸ ਤਰ੍ਹਾਂ ਸਾਰੇ ਸ਼ਹਿਰ ਦੇ ਅੰਦਰ ਚਰਚਾ ਚੱਲ ਪਈ ਕਿ ਬਾਲ ਗੁਰੂ ਜੋ ਹੈ ਜਿਨ੍ਹਾਂ ਨੂੰ ਆਮ ਤੌਰ ਬਾਲਾ ਪ੍ਰੀਤਮ ਕਹਿੰਦੇ ਸੀ ਕਿ ਅਨੇਕਾਂ ਸਾਖੀਆਂ ਨੇ ਉਨ੍ਹਾਂ ਦੀਆਂ, ਅਨੇਕਾਂ ਚੀਜ਼ਾਂ ਨੇ, ਦੁਨੀਆਂ ਜਾ ਰਹੀ ਹੈ, ਜਮਘਟੇ ਲਗਦੇ ਨੇ, ਜਿਹੜੇ ਬਚਨ ਮੂੰਹੋ ਕਹਿ ਦਿੰਦੇ ਨੇ ਉਸੇ ਵੇਲੇ ਪੂਰਾ ਹੋ ਜਾਂਦਾ ਹੈ। ਪਰ ਦੇਣ ਦਾ ਢੰਗ ਨਿਆਰਾ ਹੈ ਉਨ੍ਹਾਂ ਦਾ। ਕਿਤੇ ਮਾਖੌਲ ਵਿਚ ਕਹਿੰਦੇ ਨੇ, ਕਿਸੇ ਧੱਕਾ ਦੇ ਦਿੰਦੇ ਨੇ, ਕਿਤੇ ਕੁੱਛ ਕਰ ਦਿੰਦੇ ਨੇ, ਸਭ ਪੂਰਾ ਹੋ ਜਾਂਦਾ ਹੈ। ਸੋ ਇਹ ਬਚਨ ਉਥੇ ਦਾ ਇਕ ਰਾਜਾ ਸੀ ਬ੍ਰਾਹਮਣ ਜਿਹਦਾ ਨਾਮ ਸ਼ਿਵਦੱਤ ਸੀ। ਕਰਮ ਧਰਮ ਦਾ ਜਾਣੂ ਸੀ, ਚਾਰੇ ਵੇਦ ਪੜ੍ਹਿਆ ਹੋਇਆ ਸੀ, ਸ਼ਾਸਤਰ ਪੜ੍ਹਿਆ ਹੋਇਆ ਸੀ, ਉਸਨੂੰ ਇਹ ਵੀ ਪਤਾ ਸੀ ਕਿ ਗਿਆਨ ਦੇ ਨਾਲ ਪ੍ਰਮੇਸ਼ਰ ਨਹੀਂ ਮਿਲਦਾ ਤੇ ਭਗਤੀ ਨਾਲ ਮਿਲਦਾ ਹੈ। ਕਰਮ ਦੇ ਵਿਚੋਂ ਉਹ ਲੰਘ ਚੁੱਕਿਆ ਸੀ, ਉਪਾਸ਼ਨਾ ਕਾਂਡ ਵਿਚ ਪਹੁੰਚਿਆ ਹੋਇਆ ਸ੍ਰੀ ਰਾਮ ਚੰਦਰ ਜੀ ਦੇ ਧਿਆਨ ਵਿਚ ਰਹਿੰਦਾ ਸੀ। ਲੇਕਿਨ ਰਾਮਚੰਦਰ ਜੀ ਦਾ ਕੋਈ ਪ੍ਰਤੱਖ ਧਿਆਨ ਬਣਦਾ ਨਹੀਂ ਸੀ, ਨਾ ਕੋਈ ਅੰਦਰੋਂ ਆਵਾਜ਼ ਆਉਂਦੀ ਸੀ, ਬਹੁਤ ਪਰੇਸ਼ਾਨ ਹੋ ਗਿਆ ਤੇ ਉਸ ਵੇਲੇ ਕਹਿਣ ਲੱਗਿਆ ਕਿ ਕਿੰਨੀ ਦੇਰ ਹੋ ਗਈ ਮੈਨੂੰ ਪ੍ਰਮੇਸ਼ਰ ਦਾ ਭਜਨ ਕਰਦੇ, ਮੇਰੀ ਤਾਂ ਜੀਭ ਵੀ ਘਸ ਗਈ ਰਾਮ-ਰਾਮ ਕਹਿੰਦੇ ਦੀ। ਪਰ ਅਜੇ ਤਕ ਵੀ ਉਹ ਤਾਂ ਬਹੁੜਿਆ ਨਹੀਂ ਹੈ।

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥*
*ਅੰਗ - ੪੯੧*

ਪ੍ਰਭੂ! ਅਜੇ ਤੱਕ ਵੀ ਤੂੰ ਨਹੀਂ ਬਹੁੜਿਆ। ਬੁੱਢਾ ਸਰੀਰ ਹੋ ਗਿਆ ਤੇ ਕਿੱਥੇ ਚਲਿਆ ਗਿਆ ਤੂੰ। ਕਲਜੁਗ ਤੋਂ ਡਰਦਾ ਨਹੀਂ ਆ ਰਿਹਾ? ਬਹੁਤ ਵਿਰਲਾਪ ਕਰਦਾ ਹੈ। ਫੇਰ ਖਿਆਲ ਆਉਂਦਾ ਹੈ ਕਿ ਬਹੁਤ ਸਾਰੇ ਇਹ ਕਹਿੰਦੇ ਨੇ ਕਿ ਰਾਮ ਤਾਂ ਮਨੁੱਖ ਦਾ ਸਰੀਰ ਲੈ ਕੇ ਪ੍ਰਗਟ ਹੋ ਗਿਆ ਤੇ ਕਲਜੁਗ ਦੇ ਅੰਦਰ ਪ੍ਰਗਟ ਹੋ ਗਿਆ। ਉਹ ਤਾਂ ਇਸੇ ਪਟਨੇ ਦੇ ਅੰਦਰ ਅਨੇਕ ਕੌਤਕ ਕਰ ਰਿਹਾ ਹੈ। ਫੇਰ ਖਿਆਲ ਆਉਂਦਾ ਹੈ ਕਿ ਓਹੀ ਬਾਲਕ ਜਿਹੜਾ ਭਗਤੀ ਨਹੀਂ ਕਰਨ ਦਿੰਦਾ ਕਿਸੇ ਨੂੰ, ਕਿਸੇ ਦੇ ਉਤੇ ਪਾਣੀ ਪਾ ਦਿੰਦਾ ਹੈ, ਕਿਸੇ ਦੇ ਕਪੜੇ ਚੁੱਕ ਕੇ ਵਗਾਹ ਕੇ ਮਾਰ ਦਿੰਦਾ ਹੈ, ਜਿਹਨੂੰ ਦੇਖ ਕੇ ਸਾਰੇ ਹੀ ਨੱਠ ਜਾਂਦੇ ਨੇ, ਕੋਈ ਨਹੀਂ ਇਥੇ ਸਮਾਧੀ ਲਾਉਂਦਾ, ਉਹਨੂੰ ਕਹਿੰਦੇ ਨੇ ਰਾਮ? ਐਸ ਤਰ੍ਹਾਂ ਦੀ ਦੁਚਿੱਤੀ ਵਿਚ ਪਿਆ ਹੋਇਆ ਹੈ। ਲੇਕਿਨ ਨੇਤਰਾਂ 'ਚੋਂ ਜਲ ਜਾ ਰਿਹਾ ਹੈ ਕਿ ਹੇ ਪ੍ਰਭੂ! ਮੈਨੂੰ ਤੂੰ ਆਪਣਾ ਦਰਸ਼ਨ ਦੇਹ। ਐਨੇ ਨੂੰ ਕੰਨਾਂ ਨੇ ਸੁਣਿਆ, ਧੜੱਮ ਕਰਕੇ ਆਵਾਜ਼ ਆਈ ਕੰਨਾਂ ਦੇ ਅੰਦਰ ਕਿ ਬਹੁਤ ਸਾਰੇ ਬੱਚਿਆਂ ਨੇ ਛਾਲਾਂ ਮਾਰ ਦਿਤੀਆਂ ਦਰਿਆ ਦੇ ਅੰਦਰ। ਪਾਣੀ ਦੇ ਅੰਦਰ ਛਾਲਾਂ ਮਾਰਦੇ ਨੇ, ਪੁੱਠੀਆਂ ਤਾਰੀਆਂ ਲਾਉਂਦੇ ਨੇ, ਜਿਥੇ ਕੋਈ ਬੈਠਾ ਹੈ ਉਥੇ ਹੀ ਆ ਕੇ ਪਾਣੀ ਦੇ ਉਂਜਲ ਭਰ-ਭਰ ਕੇ ਉਹਦੇ ਉਤੇ ਪਾਉਣ ਲਗ ਜਾਂਦੇ ਨੇ। ਨੱਠੇ ਜਾਂਦੇ ਨੇ ਜਿੰਨੇ ਸਮਾਧੀਆਂ ਲਾਈ ਬੈਠੇ ਨੇ। ਇਹ ਇਕੱਲਾ ਰਹਿ ਗਿਆ। ਨੇਤਰ ਖੋਲ੍ਹੇ ਏਸ ਨੇ, ਕੀ ਦੇਖਦਾ ਹੈ ਕਿ ਰਾਮਚੰਦਰ ਜੀ ਸਚਮੁੱਚ ਮੇਰੇ ਸਾਮ੍ਹਣੇ ਖੜ੍ਹੇ ਨੇ। ਉਹੀ ਧਨੁਸ਼ ਬਾਣ ਹੈ, ਉਹੀ ਸਭ ਕੁਛ ਹੈ, ਪੂਰੇ ਦਰਸ਼ਨ ਕਰਨ ਤੋਂ ਬਾਅਦ ਜਦੋਂ ਨਮਸਕਾਰ ਕਰਨ ਤੋਂ ਬਾਅਦ ਸੀਸ ਚੁੱਕਿਆ, ਤਾਂ ਗੁਰੂ ਮਹਾਰਾਜ ਖੜ੍ਹੇ ਨੇ। ਫੇਰ ਭੁਲੇਖਾ ਪੈ ਗਿਆ ਕਿ ਹੇ ਪ੍ਰਭੂ! ਮੇਰਾ ਭੁਲੇਖਾ ਇਕ ਵਾਰੀ ਦੂਰ ਕਰ ਦਿਓ। ਫੇਰ ਨਮਸਕਾਰ ਕਰੀ, ਸੀਸ ਚੁੱਕਿਆ ਤਾਂ ਹੈਰਾਨ ਹੋ ਗਿਆ ਕਿ ਹੁਣ ਤਾਂ ਕ੍ਰਿਸ਼ਨ ਮਹਾਰਾਜ ਖੜ੍ਹੇ ਨੇ, ਫੇਰ ਨਮਸਕਾਰ ਕਰੀ। ਫੇਰ ਅਮੰਨਾ ਆ ਗਿਆ ਕਿ ਇਹੀ ਨੇ ਸਭ ਕੁਛ। ਇਹੀ ਰਾਮ ਹੈ, ਇਹੀ ਕ੍ਰਿਸ਼ਨ ਹੈ। ਸੋ ਉਸ ਵੇਲੇ ਪਿਆਰ ਵਿਚ ਮਸਤ ਹੋ ਗਿਆ ਸਾਧਸੰਗਤ ਜੀ, ਰੋਜ਼ ਗੁਰੂ ਮਹਾਰਾਜ ਉਹਦੇ ਕੋਲ ਜਾਂਦੇ ਇਕ ਵਾਰੀ ਜ਼ਰੂਰ ਉਸਨੂੰ ਦਰਸ਼ਨ ਦਿੰਦੇ।

ਦੋ ਵਜੇ ਜਾ ਕੇ ਇਹ ਬੈਠ ਜਾਂਦਾ ਸੀ, ਅੱਜ ਅੰਮ੍ਰਿਤ ਵੇਲੇ -

***ਤਿਨਾ ਦਰੀਆਵਾ ਸਿਉ ਦੋਸਤੀ***
***ਮਨਿ ਮੁਖਿ ਸਚਾ ਨਾਉ ॥ ਅੰਗ - ੧੪੬***

ਜਿਹੜੇ ਬੰਦਗੀ ਕਰਨ ਵਾਲੇ ਨੇ, ਚਉਥੇ ਪਹਿਰ ਦੇ ਅੰਦਰ ਉਨ੍ਹਾਂ ਅੰਦਰ ਚਾਉ ਉਠ ਖੜ੍ਹਦਾ ਹੈ ਕਿ ਹੁਣ ਨਾਮ ਜਪੀਏ, ਸੋਈਏ ਨਾ ਤੇ ਜਾ ਗੰਗਾ ਦਰਿਆਉ ਪਵਿੱਤਰ ਸੀ ਹੁਣ ਵਰਗਾ ਨਹੀਂ ਸੀ ਕਿ ਗੰਦੇ ਨਾਲੇ ਉਹਦੇ ਵਿਚ ਪਾ ਦਿਤੇ। ਸ਼ੁੱਧ ਪਾਣੀ ਸੀਗਾ। ਬਿਮਾਰੀਆਂ ਦੂਰ ਹੁੰਦੀਆਂ ਸੀ ਇਸ਼ਨਾਨ ਕਰਨ ਨਾਲ। ਉਥੇ ਜਾ ਕੇ ਬੈਠ ਜਾਣਾ ਤੇ ਮਹਾਰਾਜ ਜੀ ਨੇ ਆਪਣੇ ਸਮੇਂ ਸਿਰ ਆਉਣਾ ਤੇ ਆ ਕੇ ਉਸ ਨੂੰ ਦਰਸ਼ਨ ਦੇਣਾ। ਅੱਜ ਅੰਮ੍ਰਿਤ ਵੇਲੇ ਬੈਠਾ ਹੈ, ਹਨ੍ਹੇਰਾ ਹੀ ਹਨ੍ਹੇਰਾ ਹੈ, ਉਥੇ ਦਾ ਹੋਰ ਰਾਜਾ ਤੇ ਇਕ ਰਾਣੀ ਆ ਕੇ ਬੈਠੇ ਨੇ ਤੇ ਨਮਸਕਾਰ ਕਰੀ ਤੇ ਨਾਲ ਇਹ ਕਹਿਣ ਲੱਗੇ ਕਿ ਰਾਜਨ! ਸਾਡੇ ਤੇ ਵੀ ਕੋਈ ਕ੍ਰਿਪਾ ਕਰੋ, ਆਪ ਨੂੰ ਐਨਾ ਚਿਰ ਹੋ ਗਿਆ ਜਪ ਤਪ ਕਰਦਿਆਂ ਨੂੰ। ਸਾਨੂੰ ਕੋਈ ਪੁੱਤਰ ਦੀ ਦਾਤ ਅਜੇ ਤੱਕ ਪ੍ਰਾਪਤ ਨਹੀਂ ਹੋਈ। ਤੁਹਾਨੂੰ ਪਤਾ ਹੈ, ਜਿਹੋ ਜਿਹਾ ਵੀ ਰਾਜ ਹੈ ਏਸ ਮੁਗਲਾਂ ਦੇ ਰਾਜ ਦੇ ਅਧੀਨ, ਹੈ ਤਾਂ ਰਾਜ। ਰਾਜ ਭਾਗ ਹੈ, ਜਾਇਦਾਦ ਹੈ, ਬਹੁਤ ਸਾਰੇ ਬਜ਼ਾਰ ਨੇ, ਪਰ ਇਨ੍ਹਾਂ ਨੂੰ ਸਾਂਭਣ ਵਾਲਾ ਕੋਈ ਆਇਆ ਨਹੀਂ ਹੈ ਤੇ ਤੁਸੀਂ ਕ੍ਰਿਪਾ ਕਰੋ ਇਕ ਪੁੱਤਰ ਦੀ ਦਾਤ ਦਿਓ। ਕਹਿਣ ਲੱਗੇ, ਰਾਜਨ! ਰਾਣੀ ਸਾਹਿਬ! ਠੀਕ ਹੈ ਮੈਂ ਭਜਨ ਕਰਦਾ ਹਾਂ, ਮੇਰੇ ਭਜਨ ਨੂੰ ਫਲ ਨਹੀਂ ਸੀ ਲੱਗਿਆ, ਮੇਰੇ ਭਜਨ ਨੂੰ ਹੁਣ ਫਲ ਪਿਆ ਹੈ, ਹੁਣ ਤੱਕ ਤਾਂ ਐਵੇਂ ਹੀ ਸੀਗਾ, ਅਫਲ ਸੀ ਮੇਰਾ ਭਜਨ ਤੇ ਜਿੱਥੋਂ ਫਲ ਪਿਆ ਹੈ, ਉਸ ਨੂੰ ਤੁਸੀਂ ਯਾਦ ਕਰ ਲਓ। ਕਹਿਣ ਲੱਗੇ, ਅਸੀਂ ਉਸਨੂੰ ਜਾਣਦੇ ਨਹੀਂ। ਕਹਿਣ ਲੱਗਿਆ, ਜਾਣਨ ਦੀ ਲੋੜ ਨਹੀਂ, ਮੈਂ ਵੀ ਨਹੀਂ ਸੀ ਜਾਣਦਾ, ਉਹ ਸਭ ਨੂੰ ਜਾਣਦਾ ਹੈ -

***ਘਟ ਘਟ ਕੇ ਅੰਤਰ ਕੀ ਜਾਨਤ***
***ਭਲੇ ਬੁਰੇ ਕੀ ਪੀਰ ਪਛਾਨਤ। ਚੌਪਈ***

ਉਹਨੂੰ ਯਾਦ ਕਰੋ ਪਿਆਰ ਦੇ ਨਾਲ ਆ ਜਾਏਗਾ। ਸੋ ਉਸ ਵੇਲੇ ਉਹ ਕਹਿਣ ਲੱਗੇ ਸਾਨੂੰ ਤਾਂ ਪੁੱਤਰ ਦੀ ਲੋੜ ਹੈ। ਸ਼ਿਵਦੱਤ ਨੇ ਕਿਹਾ ਕਿ ਪੁੱਤਰ ਕੀ -

***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ ॥ ਅੰਗ - ੭੧੪***

ਪੁੱਤਰ ਕੀ, ਜੋ ਮੰਗੋਂਗੇ ਉਹ ਮਿਲ ਜਾਏਗਾ।

ਕਹਿਣ ਲੱਗੇ, ਕਿਵੇਂ ਧਿਆਨ ਕਰੀਏ?

ਸ਼ਿਵਦੱਤ ਨੇ ਕਿਹਾ ਕਿ ਉਨ੍ਹਾਂ ਨੂੰ ਬਾਲਾ ਪ੍ਰੀਤਮ ਕਹਿੰਦੇ ਨੇ ਤੇ ਮੈਂ ਉਨ੍ਹਾਂ ਦਾ ਕਿਹੜਾ ਸਰੂਪ ਦੱਸਾਂ? ਮੈਨੂੰ ਤਾਂ ਓਹੀ ਰਾਮ ਲਗਦੇ ਨੇ, ਓਹੀ ਕ੍ਰਿਸ਼ਨ ਲਗਦੇ ਨੇ, ਮੈਨੂੰ ਤਾਂ ਓਹੀ ਪ੍ਰਮੇਸ਼ਰ ਲਗਦੇ ਨੇ। ਉਹ ਆਪ ਹੀ ਨੇ, ਸਭ ਕੁੱਛ ਜਾਣਦੇ ਨੇ, ਤੁਹਾਡੇ ਹਿਰਦੇ ਵਿਚ ਪਿਆਰ ਹੋਣਾ ਚਾਹੀਦਾ ਹੈ ਉਹ ਆਪ ਹੀ ਆ ਜਾਣਗੇ। ਸੋ ਉਸ ਦਿਨ ਤੋਂ ਬਾਅਦ ਕਹਿਣ ਲੱਗੇ ਕਿ ਤੁਸੀਂ ਐਉਂ ਕਰੋ, ਮੈਂ ਤਾਂ ਹੈਗਾ ਬ੍ਰਾਹਮਣ, ਰਾਜਾ ਹੁੰਦਾ ਹੋਇਆ ਵੀ ਇਥੇ ਬੈਠਦਾ ਹਾਂ, ਮੁੱਦਤਾਂ ਹੋ ਗਈਆਂ ਬੈਠਦੇ ਨੂੰ, ਲੋਕਾਂ ਨੂੰ ਕੋਈ ਅਸਚਰਜ ਨਹੀਂ ਹੁੰਦਾ, ਤੁਸੀਂ ਇਥੇ ਬੈਠੇ ਹੋ ਤਾਂ ਲੋਕ ਮੇਰੇ ਕੋਲ ਆਉਣਾ ਸ਼ੁਰੂ ਹੋ ਜਾਣਗੇ ਤੇ ਮੇਰੀ ਇਕਾਂਤ ਭੰਗ ਹੋ ਜਾਏਗੀ ਤੇ ਤੁਸੀਂ ਹੁਣ ਘਰ ਜਾਓ। ਜਾ ਕੇ ਉਸ ਮੂਰਤੀ ਦਾ ਧਿਆਨ ਧਰੋ, ਆਪੇ ਹੀ ਆ ਜਾਏਗਾ।

ਸੋ ਘਰ ਚਲੇ ਜਾਂਦੇ ਨੇ। ਦੂਸਰੇ ਦਿਨ ਤੋਂ ਅੰਮ੍ਰਿਤ ਵੇਲੇ

ਉਠਦੇ ਨੇ, ਮਨ ਵਿਚ ਬੜਾ ਚਾਓ ਆ ਗਿਆ। ਅੰਮ੍ਰਿਤ ਵੇਲੇ ਉਠ ਕੇ ਧਿਆਨ ਧਰਦੇ ਨੇ, ਮੂਰਤੀ ਦੇਖੀ ਨਹੀਂ ਹੈ ਕਿ ਕੌਣ ਹੈ ਜਿਸਦਾ ਅਸੀਂ ਧਿਆਨ ਧਰਦੇ ਹਾਂ। ਮਨ ਦੇ ਹਿਸਾਬ ਕਿਤਾਬ ਲਾ ਕੇ ਧਿਆਨ ਧਰਦੇ ਨੇ। ਸੋ ਇਸੇ ਤਰ੍ਹਾਂ ਜੋ ਨਕਸ਼ ਦੱਸੇ ਉਹਦੀ ਮਦਦ ਨਾਲ ਧਿਆਨ ਧਰ ਕੇ ਬਹਿ ਜਾਂਦੇ ਨੇ, ਦਿਨ ਚੜ੍ਹ ਜਾਂਦਾ ਹੈ, ਦੂਸਰੇ ਦਿਨ ਫੇਰ ਬਹਿ ਜਾਂਦੇ ਨੇ, ਫੇਰ ਦਿਨ ਚੜ੍ਹ ਜਾਂਦਾ ਹੈ ਤੇ ਬਾਰ-ਬਾਰ ਬੇਨਤੀਆਂ ਕਰਦੇ ਨੇ ਕਿ ਹੇ ਪ੍ਰਭੂ! ਤੂੰ ਏਸ ਮਹਲ ਵਿਚ ਆ ਜਾ, ਇਸ ਘਰ ਵਿਚ ਆ ਜਾ।

*ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ ॥*
*ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ ॥*
*ਅੰਗ - ੧੦੯੫*

*ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥*
*ਅੰਗ - ੧੦੯੪*

ਬਾਰ-ਬਾਰ ਹਿਰਦੇ 'ਚੋਂ ਬੜੇ ਪਿਆਰ ਦੇ ਨਾਲ ਬੇਨਤੀਆਂ ਕਰਦੇ ਨੇ, ਨੇਤਰਾਂ 'ਚੋਂ ਹੰਝੂ ਜਾਣ ਲਗ ਜਾਂਦੇ ਨੇ, ਫੇਰ ਸ਼ਿਵਦੱਤ ਜੀ ਦੇ ਪਾਸ ਜਾਂਦੇ ਨੇ, ਕਿ ਰਾਜਨ! ਪਰੋਹਤ ਜੀ! ਉਹ ਤਾਂ ਆਏ ਹੀ ਨਹੀਂ ਹਨ ਅਜੇ। ਬੜਾ ਉਨ੍ਹਾਂ ਦਾ ਧਿਆਨ ਧਰਦੇ ਹਾਂ, ਉਨ੍ਹਾਂ ਕੋਲ ਕੀ ਘਾਟ ਹੈ? ਸੁਣਿਆ ਹੈ ਇਕ ਸੇਠ ਨੂੰ ਵੀ ਉਨ੍ਹਾਂ ਨੇ ਪੁੱਤਰ ਦੀ ਦਾਤ ਦਿਤੀ, ਉਹਦੀ ਵੀ ਬਿਰਧ ਉਮਰਾ ਹੋ ਗਈ ਸੀ, ਸਭ ਨੇ ਜਵਾਬ ਦੇ ਦਿਤਾ ਸੀ ਕਿ ਤੇਰਾ ਪੁੱਤਰ ਨਹੀਂ ਹੋ ਸਕਦਾ ਤੇ ਮਾਧੋ ਸੇਠ ਨੂੰ ਵੀ ਉਨ੍ਹਾਂ ਨੇ ਪੁੱਤਰ ਦੀ ਦਾਤ ਦੇ ਦਿਤੀ। ਐਸਾ ਵੀ ਅਸੀਂ ਸੁਣਿਆ ਹੈ ਕਿ ਉਹ ਗਾਗਰਾਂ ਭੰਨ ਦਿੰਦੇ ਨੇ ਤੀਰਾਂ ਦੇ ਨਾਲ। ਪਹਿਲਾਂ ਘੜੇ ਭੰਨਦੇ ਸੀ, ਫੇਰ ਗਾਗਰਾਂ ਭੰਨਦੇ ਸੀ, ਮਾਤਾ ਨੇ ਗਾਗਰਾਂ ਲੈ ਦਿੱਤੀਆਂ ਕਿ ਖਾਰਾ ਹੀ ਹੋ ਜਾ ਤੂੰ।

ਸ਼ਿਵਦੱਤ ਕਹਿਣ ਲੱਗਿਆ ਕਿ ਏਸ ਗੱਲ ਨੂੰ ਸਮਝ ਨਹੀਂ ਸੀ ਸਕਿਆ ਕੋਈ, ਨਾ ਗਾਗਰਾਂ ਵਾਲਿਆਂ ਨੂੰ ਪਤਾ ਸੀ, ਨਾ ਘੜਿਆਂ ਵਾਲਿਆਂ ਨੂੰ ਪਤਾ ਸੀ, ਇਹ ਤਾਂ ਬਾਲਾ ਪ੍ਰੀਤਮ ਕਰੋੜਾਂ ਜਨਮਾਂ ਦੇ ਪਾਪ ਕੱਟ ਰਿਹਾ ਸੀ ਉਨ੍ਹਾਂ ਦੇ। ਗਾਗਰਾਂ ਨਹੀਂ ਸੀ ਤੋੜ ਰਿਹਾ ਜਮਾਂ ਦੇ ਸੰਗਲ ਤੋੜ ਰਿਹਾ ਸੀ। ਜਾਓ, ਤੁਸੀਂ ਯਾਦ ਕਰੋ ਉਨ੍ਹਾਂ ਨੂੰ।

ਕਿਉਂਕਿ ਪੁੱਤਰ ਦੀ ਵਾਸ਼ਨਾ ਐਸੀ ਹੈ ਸਾਧਸੰਗਤ ਜੀ! ਆਦਮੀ ਦੇ ਗਲੋਂ ਸਾਰੀ ਜ਼ਿੰਦਗੀ ਨਹੀਂ ਲਹਿੰਦੀ। ਮਰ ਜਾਂਦਾ ਹੈ, ਅਖੀਰ ਮਰਨ ਤੋਂ ਬਾਅਦ ਕੀ ਹੁੰਦਾ ਹੈ -

*ਅੰਤਿ ਕਾਲਿ ਜੋ ਲੜਿਕੇ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸੂਕਰ ਜੋਨਿ ਵਲਿ ਵਲਿ ਅਉਤਰੈ ॥ ਅੰਗ - ੫੨੬*

ਸੂਰ ਬਣ ਜਾਂਦਾ ਹੈ। ਸੂਰ ਬਣਨਾ ਤਾਂ ਪ੍ਰਵਾਨ ਕਰ ਲੈਂਦਾ ਹੈ ਪਰ ਪੁੱਤਰ ਦੀ ਵਾਸ਼ਨਾ ਨਹੀਂ ਛੱਡਦਾ। ਪ੍ਰਬਲ ਵਾਸ਼ਨਾ ਹੈ।

ਰਾਜੇ ਚੰਦ੍ਰਕੇਤੂ ਨੂੰ ਹੋਈ। ਐਸਾ ਲਿਖਿਆ ਹੋਇਆ ਹੈ ਕਿ ਉਸ ਨੇ ਇਕ ਕਰੋੜ ਵਿਆਹ ਕਰਾਇਆ ਸੀ। ਚਲੋ ਐਉਂ ਮੰਨ ਲਓ ਕਿ ਉਸ ਨੇ ਬੇਅੰਤ ਵਿਆਹ ਕਰਾਏ, ਗਿਣਤੀ ਤੋਂ ਬਾਹਰ। ਲੇਕਿਨ ਉਸ ਦੇ ਪੁੱਤਰ ਨਾ ਹੋਇਆ। ਅਖੀਰ ਵਿਸ਼ਿਸ਼ਟ, ਵਿਸ਼ਵਾਮਿਤਰ ਆਦਿ ਜਿਹੜੇ ਮਸ਼ਹੂਰ ਰਿਸ਼ੀ ਸੀ ਉਨ੍ਹਾਂ ਨੂੰ ਬੁਲਾ ਕੇ ਸੰਤ ਸਮਾਗਮ ਕਰਾਇਆ। ਕਹਿਣ ਲੱਗਿਆ, ਮੇਰੇ ਪੁੱਤਰ ਹੋਣਾ ਚਾਹੀਦਾ ਹੈ। ਮੈਂ ਮੂੰਹ ਦੇਖ ਲਵਾਂ ਇਕ ਵਾਰੀ ਪੁੱਤਰ ਦਾ, ਮੈਨੂੰ ਉਹ ਪਿਤਾ ਕਹਿ ਕੇ ਬੁਲਾ ਲਵੇ, ਬੱਸ ਮੇਰੀ ਐਨੀ ਵਾਸ਼ਨਾ ਹੈ। ਉਨ੍ਹਾਂ ਨੇ ਕਿਹਾ ਕਿ ਰਾਜਨ ਐਨੇ ਨਾਲ ਸਰਿਆ ਨਹੀਂ ਕਰਦਾ। ਪੁੱਤਰ ਹੁੰਦੇ ਸਾਰ ਅੱਗੇ ਗੀਤਾ ਪਸਰ ਜਾਂਦੀ ਹੈ।

ਅਖੀਰ ਇਹਦਾ ਜੋ ਨਤੀਜਾ ਨਿਕਲਦਾ ਹੈ ਉਹ ਦੁੱਖ ਵਿਚ ਨਿਕਲਦਾ ਹੈ, ਸੁੱਖ ਵਿਚ ਨਹੀਂ ਨਿਕਲਦਾ। ਸੁੱਖ ਨਹੀਂ ਕਿਸੇ ਨੇ ਪੁੱਤਰ ਤੋਂ ਪਾਇਆ, ਨਾ ਧਨ ਤੋਂ ਪਾਇਆ ਹੈ। ਸੁੱਖ ਤਾਂ ਵਾਹਿਗੁਰੂ ਦੇ ਨਾਮ ਵਿਚ ਹੈ, ਹੋਰ ਕਿਤੇ ਹੈ ਨਹੀਂ। ਐਵੇਂ ਦੁਨੀਆਂ ਖਪਦੀ ਫਿਰਦੀ ਹੈ ਕਿ ਮੇਰੀ ਜਾਇਦਾਦ ਕੌਣ ਸਾਂਭੇਗਾ। ਜੇ ਮਨ ਇਥੇ ਰਹਿ ਗਿਆ ਫੇਰ -

*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ - ੫੨੬*

ਉਹਨੇ ਸੁੱਖ ਤਾਂ ਦਿੱਤਾ ਨਾ, ਭੂਤ ਬਣਾ ਦਿਤਾ ਸਾਨੂੰ। ਉਹਨੇ ਸੂਰ ਬਣਾ ਦਿਤਾ, ਇਸਤਰੀ ਨੂੰ ਯਾਦ ਕਰਦਾ-ਕਰਦਾ ਮਰ ਗਿਆ, ਕਹਿੰਦੇ ਵੇਸਵਾ ਬਣ ਜਾਂਦਾ ਹੈ। ਪੈਸੇ ਦੇ ਵਿਚ ਧਿਆਨ ਰਹਿ ਕੇ ਮਰ ਜਾਂਦਾ ਹੈ ਸੱਪ ਬਣ ਜਾਂਦਾ ਹੈ। ਇਹ ਚੀਜ਼ਾਂ ਨੇ ਸੁੱਖ ਤਾਂ ਦਿਤਾ ਨਾ ਦੁਖ ਹੀ ਦਿੰਦੀਆਂ ਨੇ।

ਸੋ ਕਹਿਣ ਲੱਗੇ ਤੁਸੀਂ ਪਿਆਰ ਕਰੋ। ਪਿਆਰ ਦੇ ਨਾਲ ਤੁਸੀਂ ਉਨ੍ਹਾਂ ਨੂੰ ਯਾਦ ਕਰਦੇ ਰਹੋ। ਤੁਸੀਂ ਮੇਰੇ ਵਿਸ਼ਵਾਸ਼ ਨੂੰ ਆਪਣੇ ਹਿਰਦੇ ਵਿਚ ਥਾਂ ਦੇ ਦਿਓ। ਫੇਰ ਆ ਜਾਂਦੇ ਨੇ, ਆ ਕੇ ਫੇਰ ਉਸੇ ਤਰ੍ਹਾਂ ਦੇ ਨਾਲ ਬੇਨਤੀਆਂ ਕਰਦੇ ਨੇ।

*ਮਿਲੁ ਰਾਮ ਪਿਆਰੇ ਤੁਮ ਬਿਨੁ ਧੀਰਜੁ ਕੋ ਨ ਕਰੈ ॥*
*ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ*
*ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ ॥*
*ਵਰਤ ਨੇਮ ਸੰਜਮ ਕਰਿ ਥਾਕੇ*
*ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ ॥*
*ਅੰਗ - ੪੦੮*

ਬਾਰ-ਬਾਰ ਬੇਨਤੀਆਂ ਕਰਦੇ ਨੇ, ਅਖੀਰ ਦੋਹਾਂ ਨੂੰ ਖਿਆਲ ਆਇਆ, ਐਉਂ ਤਾਂ ਨਹੀਂ ਕਿ ਆਪਣਾ ਪਿਆਰ ਕੱਚਾ। ਆਪਣਾ ਪਿਆਰ ਸੱਚਾ ਨਹੀਂ ਹੈ, ਇਹਦੇ ਵਿਚ ਜ਼ਰੂਰ ਕਮੀ ਹੈ। ਕੋਈ ਆ ਕੇ ਦੱਸ ਦੇਵੇ ਕਿ ਕਿਵੇਂ ਮਿਲਣਗੇ, ਕੋਈ ਮਿਲਾ ਦੇਵੇ। ਅਸੀਂ ਤਾਂ ਯਾਦ ਕਰ-ਕਰ

ਕੇ ਥੱਕ ਗਏ। ਰੋਜ਼ ਅੰਮ੍ਰਿਤ ਵੇਲੇ ਬੈਠ ਜਾਂਦੇ ਹਾਂ ਦਿਲ ਵਿਚ ਖਿਆਲ ਆਉਂਦਾ ਹੈ, ਹੁਣ ਬਾਲਾ ਪ੍ਰੀਤਮ, ਦਸ਼ਮੇਸ਼ ਪਿਤਾ ਆ ਜਾਣਗੇ, ਹੁਣ ਵੀ ਆ ਜਾਣਗੇ ਲੇਕਿਨ ਅੱਜ ਤੱਕ ਸਾਡੀ ਜੋ ਮੰਗ ਹੈ ਉਸ ਨੂੰ ਖੈਰ ਨਹੀਂ ਪਈ, ਪ੍ਰਵਾਨ ਨਹੀਂ ਹੋਇਆ ਸਾਡੀ ਅਰਦਾਸ ਤੇ ਬੇਨਤੀਆਂ ਕਰਦੇ ਨੇ ਕਿ ਕੋਈ ਪਿਆਰਾ ਹੈ ਸੰਸਾਰ ਵਿਚ ਜਿਹੜਾ ਸਾਨੂੰ ਮਿਲਾ ਦੇਵੇ।

*ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ ॥*
*ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥*
*ਅੰਗ - ੩੭੪*

ਇਕ-ਇਕ ਘੜੀ ਔਖੀ ਬੀਤ ਰਹੀ ਹੈ, ਐਉਂ ਲਗਦਾ ਹੈ ਜਿਵੇਂ ਜੁਗ ਬੀਤ ਰਹੇ ਨੇ। ਨੇਤਰਾਂ 'ਚੋਂ ਜਲ ਜਾਂਦਾ ਹੈ। ਗਲਾ ਬੈਠ ਜਾਂਦਾ ਹੈ, ਹੁਣ ਤਰੀਕਾ ਵੀ ਹੈ ਕੋਈ ਕਿ ਕਿਵੇਂ ਮਿਲੀਏ? ਨਾ ਸਾਨੂੰ ਸੋਝੀ ਹੈ ਕਿ ਉਹ ਕਿੱਥੇ ਰਹਿੰਦੇ ਨੇ? ਕਿਹੋ ਜਿਹੇ ਹੈਗੇ ਨੇ ਪਤਾ ਲਗ ਜਾਵੇ ਤਾਂ ਵੀ ਅਸੀਂ ਜਾ ਕੇ ਮਿਲ ਲਈਏ। ਸਾਨੂੰ ਹੁਕਮ ਹੈ ਕਿ ਤੁਸੀਂ ਬੈਠੇ ਹੀ ਯਾਦ ਕਰੋ, ਆਪੇ ਆ ਜਾਣਗੇ।

*ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ ॥*
*ਦਰਸਨ ਕੀ ਮਨਿ ਆਸ ਘਨੇਰੀ*
*ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ ॥*
*ਅੰਗ - ੩੭੪*

ਹੈ ਕੋਈ ਐਸਾ ਸੰਸਾਰ ਵਿਚ? ਖਿਆਲ ਆਇਆ ਕਿ ਪਿਆਰ ਕੱਚਾ ਹੈ ਸਾਡਾ, ਗਰਜ਼ ਦਾ ਪਿਆਰ ਹਮੇਸ਼ਾ ਕੱਚਾ ਹੋਇਆ ਕਰਦਾ ਹੈ। ਜਿਸ ਪਿਆਰ ਦੇ ਅੰਦਰ ਗਰਜ਼ ਛੁਪੀ ਹੋਈ ਹੈ, ਉਹ ਪਿਆਰ ਨਹੀਂ ਚੱਲਿਆ ਕਰਦਾ। ਉਹ ਟੁੱਟ ਜਾਇਆ ਕਰਦਾ ਹੈ ਅੱਧਵਾਟੇ। ਜੋ ਪਿਆਰ ਹੋਇਆ ਕਰਦਾ ਹੈ ਉਹ ਬੇਗਰਜ਼ ਹੁੰਦਾ ਹੈ, ਕਦੇ ਮੰਗਦਾ ਨਹੀਂ, ਪਿਆਰ ਨੇ ਅੱਜ ਤੱਕ ਕੋਈ ਚੀਜ਼ ਮੰਗੀ ਹੈ, ਦਿੱਤਾ ਹੀ ਦਿੱਤਾ ਹੈ। ਅਸੀਂ ਤਾਂ ਪੁੱਤਰ ਮੰਗ ਰਹੇ ਹਾਂ, ਪਿਆਰ ਕਾਹਦਾ ਹੈ ਗੁਰੂ ਨਾਲ? ਸਾਡੀ ਤਾਂ ਸੌਦੇਬਾਜ਼ੀ ਹੈ, ਐਉਂ ਬੈਠ ਕੇ ਪੁੱਤਰ ਮੰਗਣਾ ਹੈ। ਸਾਡਾ ਪਿਆਰ ਤਾਂ ਨਾ ਹੋਇਆ ਨਾ। ਆਪਸ ਵਿਚ ਸਲਾਹ ਕਰਦੇ ਨੇ ਕਿ ਪੁੱਤਰ ਆਪਾਂ ਨੂੰ ਜ਼ਰੂਰ ਚਾਹੀਦਾ ਹੈ। ਰਾਣੀ ਕਹਿਣ ਲੱਗੀ ਕਿ ਜੇ ਉਹੀ ਮਿਲ ਜਾਣ ਸਭ ਕੁਛ ਹੋ ਜਾਏਗਾ ਆਪਣਾ। ਕਹਿੰਦੇ ਨੇ ਪੁੱਤਰ ਤੋਂ ਬਗੈਰ ਗਤੀ ਨਹੀਂ ਹੁੰਦੀ, ਜਿਹਨੂੰ ਗੁਰੂ ਮਿਲ ਗਿਆ, ਪ੍ਰਮੇਸ਼ਰ ਮਿਲ ਗਿਆ, ਉਹਦੀ ਗਤੀ ਵਿਚ ਕੋਈ ਕਸਰ ਰਹਿ ਜਾਂਦੀ ਹੈ? ਰਾਜਾ ਕਹਿਣ ਲੱਗਿਆ ਕਿ ਜਾਇਦਾਦ ਕੌਣ ਸਾਂਭੇਗਾ? ਰਾਣੀ ਨੇ ਕਿਹਾ ਕਿ ਕੋਈ ਸਾਂਭੇ ਨਾ ਸਾਂਭੇ ਆਪਾਂ ਨੂੰ ਕੀ ਹੈ, ਆਪ ਨੂੰ ਤਾਂ ਉਹ ਮਿਲਣਾ ਚਾਹੀਦਾ ਹੈ। ਪਿਆਰ ਦਾ ਰੁੱਖ ਬਦਲ ਗਿਆ। ਯਾਦ ਕਰਦੇ-ਕਰਦੇ ਪਿਆਰ ਸੱਚਾ ਪਿਆਰ ਬਣ ਗਿਆ। ਕਿਉਂਕਿ ਜਿੰਨੀ ਦੇਰ ਤੱਕ ਪਿਆਰ ਸੱਚਾ ਨਹੀਂ ਬਣਦਾ, ਆਦਮੀ ਦੇ ਮੰਗ ਕਾਇਮ ਹੈ, ਓਨਾ ਚਿਰ ਪਿਆਰ ਸੱਚਾ ਹੈ, ਜੇ ਤਾਂ ਦੇ ਦਿਤਾ ਤਾਂ ਪਿਆਰ ਹੈ ਨਾ ਦਿਤਾ ਤਾਂ ਖਤਮ ਹੋ ਗਿਆ। ਸੋ ਸੌਦੇਬਾਜ਼ੀ ਹੋਇਆ ਕਰਦੀ। ਸੋ ਉਸ ਵੇਲੇ ਮਨ ਵਿਚ ਖਿਆਲ ਆ ਗਿਆ ਕਿ ਅਸੀਂ ਕੀ ਲੈਣਾ ਹੈ ਪੁੱਤਰ ਤੋਂ, ਹੁਣ ਉਹਨੂੰ ਪਿਆਰ ਕਰੋ। ਐਸਾ ਬਾਣੀ ਅੰਦਰ ਫੁਰਮਾਨ ਆਉਂਦਾ ਹੈ ਕਿ ਜੇ ਉਹਨੂੰ ਮਿਲਣਾ ਹੈ ਤਾਂ ਸਭ ਕੁਛ ਦੇ ਦੇ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥ ਅੰਗ - ੯੧੮*

ਜਾ ਜਾ ਪੁੱਛਦੇ ਨੇ ਸੁਹਾਗਣਾਂ ਨੂੰ ਕਿ ਤੁਹਾਨੂੰ ਕਿਸ ਤਰ੍ਹਾਂ ਮਿਲਿਆ ਹੈ?

*ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥*
*ਅੰਗ - ੧੮*

ਸਾਨੂੰ ਤਾਂ ਮਿਲਦਾ ਨਹੀਂ, ਅਸੀਂ ਤਾਂ ਧਿਆਨ ਧਰ-ਧਰ ਕੇ ਥੱਕ ਗਏ ਹਾਂ। ਬਾਣੀ ਵੀ ਪੜ੍ਹਦੇ ਹਾਂ, ਨਾਮ ਵੀ ਜਪਦੇ ਹਾਂ, ਸੇਵਾ ਵੀ ਕਰਦੇ ਹਾਂ। ਫੇਰ ਕੀ ਵਜ੍ਹਾ ਹੈ ਕੋਲ ਰਹਿੰਦਾ ਹੋਇਆ ਘੁੰਡ ਨਹੀਂ ਚੁੱਕਦਾ, ਨਾਲ ਰਹਿੰਦਾ ਹੋਇਆ ਬੋਲਦਾ ਨਹੀਂ ਹੈ। ਅਸੀਂ ਤਾਂ ਇਥੇ ਤੱਕ ਸੁਣਿਆ ਹੈ ਅੰਦਰ ਵਸਦਾ ਹੈ, ਜਿੱਥੇ ਤੂੰ ਵਸਦਾ ਹੈਂ, ਉਥੇ ਨਾਲ ਹੀ ਰਹਿੰਦਾ ਹੈ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥ ਅੰਗ - ੧੨੬੩*

ਮੈਂ ਦੀ ਕੰਧ ਬਣਾ ਲਈ। ਪੂਰੇ ਗੁਰੂ ਕੋਲ ਜਾਹ ਉਹ ਇਸ ਕੰਧ ਨੂੰ ਤੋੜਨ ਦੀ ਜੁਗਤ ਦੱਸ ਦਏਗਾ -

*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ਅੰਗ - ੧੨੬੩*

ਜਦੋਂ ਕੰਧ ਟੁੱਟ ਗਈ ਫੇਰ ਮਿਲ ਜਾਏਗਾ ਭਾਈ।

*ਮੈ ਊਪਰਿ ਨਦਰਿ ਕਰੀ ਪਿਰਿ ਸਾਚੈ*
*ਮੈ ਛੋਡਿਅੜਾ ਮੇਰਾ ਤੇਰਾ ॥*
*ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ*
*ਇਤੁ ਮਾਰਗਿ ਭੈਣੇ ਮਿਲੀਐ ॥*
*ਆਪਨੜਾ ਪ੍ਰਭੁ ਨਦਰਿ ਕਰਿ ਦੇਖੈ*
*ਨਾਨਕ ਜੋਤਿ ਜੋਤੀ ਰਲੀਐ ॥ ਅੰਗ - ੫੬੧*

ਜਵਾਬ ਮਿਲਦਾ ਹੈ? ਕਿ ਮੇਰੇ ਪ੍ਰੀਤਮ ਨੇ ਤੇਰੇ ਤੇ ਨਿਗ੍ਹਾ ਕਰ ਦਿਤੀ ਮੈਂ 'ਮੇਰਾ ਤੇਰਾ' ਛੱਡ ਦਿਤਾ, ਉਹ ਮੇਰੇ ਵਿਚ ਹੈ ਤੇ ਮੈਂ ਉਹਦੇ ਵਿਚ ਹਾਂ, ਰਲ ਗਏ ਅਸੀਂ ਦੋਵੇਂ। ਪਤਾ ਨਹੀਂ ਲਗਦਾ -

*ਜਬ ਹਮ ਹੋਤੇ ਤਬ ਤੂ ਨਾਹੀ*
*ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜ*
*ਲ ਕੇਵਲ ਜਲ ਮਾਂਹੀ ॥*
*ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥*
*ਜੈਸਾ ਮਾਨੀਐ ਹੋਇ ਨ ਤੈਸਾ ॥ ਅੰਗ - ੬੫੭*

ਕਹਿੰਦੇ ਨੇ ਕਮਾਲ ਹੋ ਗਈ, ਜਦੋਂ ਮੈਂ ਹੁੰਦਾ ਹੈ ਉਹ ਨਹੀਂ ਹੁੰਦਾ, ਜਦੋਂ ਉਹ ਹੁੰਦਾ ਹੈ ਮੈਂ ਨਹੀਂ ਹੁੰਦਾ। ਸਉਂਪ ਦਿਤਾ –

*ਮੈ ਊਪਰਿ ਨਦਰਿ ਕਰੀ ਪਿਰਿ ਸਾਚੈ*
*ਮੈ ਛੋਡਿਅੜਾ ਮੇਰਾ ਤੇਰਾ ॥*
*ਸਭੁ ਮਨੁ ਤਨੁ ਜੀਉ ਕਰਹੁ*
*ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ ॥*
*ਆਪਨੜਾ ਪ੍ਰਭੁ ਨਦਰਿ ਕਰਿ ਦੇਖੈ*
*ਨਾਨਕ ਜੋਤਿ ਜੋਤੀ ਰਲੀਐ ॥ ਅੰਗ – ੫੬੧*

ਮਿਲਣਾ ਚਾਹੁੰਦਾ ਹੈਂ? ਆਹ ਜੀਵ ਹੈ ਨਾ ਜਿਹਨੂੰ ਮੈਂ-ਮੈਂ ਕਰਦਾ ਹੈਂ, ਇਹ ਨੂੰ ਵੀ ਰੱਬ ਦਾ ਬਣਾ ਦੇ, ਇਹਨੂੰ ਭੁੱਲ ਕੇ ਵੀ ਨਾ ਯਾਦ ਕਰੀਂ। ਮੈਂ ਔਖਾ ਹਾਂ, ਮੈਂ ਦੁਖੀ ਹਾਂ।

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ ਅੰਗ – ੭੫੭*

ਇਸ ਦਾ ਜੋ ਨਿਰਣਾ ਹੈ, ਉਹ ਮੇਰਾ ਤੇਰਾ ਛੱਡ ਕੇ ਇਸ ਤਰ੍ਹਾਂ ਕਹਿਣਾ ਪੈਂਦਾ ਹੈ –

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾ ਦਾ ਕਹਣਾ॥***
***ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,***
***ਨਾਗ ਨਿਵਾਸਾਂ ਦੇ ਰਹਣਾ॥***
***ਸੂਲ ਸੁਰਾਹੀ ਖੰਜਰ ਪਿਆਲਾ***
***ਬਿੰਗ ਕਸਾਈਆਂ ਦਾ ਸਹਣਾ॥***
***ਯਾਰੜੇ ਦਾ ਸਾਨੂੰ ਸਥਰ ਚੰਗਾ,***
***ਭੱਠ ਖੇੜਿਆ ਦਾ ਰਹਣਾ॥ ਖਿਆਲ ਪਾਤਸ਼ਾਹੀ ੧੦***

ਐਂ ਤਾਂ ਨਹੀਂ ਪ੍ਰਮੇਸ਼ਰ ਮਿਲਦਾ, ਸਭ ਕੁਛ ਆਪਣੇ ਕੋਲ ਰੱਖ ਲਓ ਤੇ ਵਾਸ਼ਨਾ ਹੋਵੇ, ਹੇ ਪ੍ਰਭੂ! ਦਰਸ਼ਨ ਦਿਖਾ ਤੇਰੇ ਤੋਂ ਪੁੱਤਰ ਮੰਗਣਾ ਹੈ। ਤੇਰੇ ਤੋਂ ਸਿਹਤ ਮੰਗਣੀ ਹੈ ਦਰਸ਼ਨ ਤਾਂ ਦੇ ਜਾ। ਮਹਾਰਾਜ ਕਹਿੰਦੇ ਨੇ ਕਮਲਾ ਹੋਇਆ ਹੈਂ –

*ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥*
*ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥*
*ਅੰਗ – ੧੩੭੮*

ਨਾਲੇ ਲਭ ਲਈਂ ਫਿਰਦਾ ਹੈ ਕਿ ਜਦੋਂ ਦਰਸ਼ਨ ਹੋਣਗੇ ਫੇਰ ਪੁੱਤਰ ਮੰਗਾਂਗੇ। ਐਉਂ ਤਾਂ ਨਹੀਂ ਮਿਲਣਾ।

ਸੋ ਸਾਧਸੰਗਤ ਜੀ! ਉਹ ਸੱਚੇ ਦਿਲ ਨਾਲ ਆਰਾਧਣਾ ਕਰਨ ਲੱਗ ਗਏ। ਹੁਣ ਨੇਤਰਾਂ 'ਚੋਂ ਜਲ ਜਾਂਦਾ ਹੈ ਖਿੱਚ ਪੈਂਦੀ ਹੈ ਗੁਰੂ ਕਲਗੀਧਰ ਪਾਤਸ਼ਾਹ ਦੀ।

ਇਕ ਦਿਨ ਅਚਾਨਕ ਬੱਚਿਆਂ ਨੂੰ ਲੈ ਕੇ, ਸੌ ਬੱਚਾ ਹੋਣਾ ਹੈ। ਮਹਿਲਾਂ ਵਿਚ ਦਗੜ-ਦਗੜ ਕਰਦੇ ਆ ਗਏ, ਪਾਰਕ ਹੈ, ਘਾਹ ਲੱਗੇ ਹੋਏ ਨੇ, ਉਥੇ ਖੇਡ ਰਹੇ ਨੇ। ਬੇਅੰਤ ਕਿਸਮ ਦੀਆਂ ਖੇਲ੍ਹਾਂ ਖੇਲ੍ਹਦੇ ਨੇ। ਰੌਲਾ-ਗੌਲਾ ਸੁਣਦੇ ਨੇ, ਲੇਕਿਨ ਨੇਤਰ ਨਹੀਂ ਖੋਲ੍ਹਦੇ ਕਿ ਐਸਾ ਨਾ ਹੋਵੇ ਕਿ ਸਾਡਾ ਧਿਆਨ ਟੁੱਟ ਜਾਵੇ। ਧਿਆਨ ਦੇ ਵਿਚ ਸਮਾਏ ਹੋਏ ਨੇ, ਇਕ ਸੂਰਜ ਦੀ ਟਿੱਕੀ ਨਜ਼ਰ ਆ ਰਹੀ ਹੈ, ਉਹਦੇ ਵਿਚ ਕੀ ਦੇਖਦੇ ਨੇ ਕਿ ਮਨਮੋਹਣੀ ਸੂਰਤ ਹੈ ਛੋਟੇ ਜਿਹੇ ਸਮਝ ਲਓ ਕਿ ਬਾਲ ਅਵਸਥਾ ਦੇ, ਉਹਨੂੰ ਦੇਖ-ਦੇਖ ਕੇ ਖੁਸ਼ ਹੁੰਦੇ ਨੇ। ਐਨੇ ਨੂੰ ਦਗੜ-ਦਗੜ ਕਰਦੇ ਗੁਰੂ ਦਸ਼ਮੇਸ਼ ਪਿਤਾ, ਬਾਲਾ ਪ੍ਰੀਤਮ ਪੌੜੀਆਂ ਚੜ੍ਹ ਆਏ, ਸਿੱਧੇ ਜਾ ਕੇ ਜਿਥੇ ਰਾਣੀ ਦੇ ਮਹੱਲ ਸੀ ਉਹਦੇ ਵਿਚ ਜਾ ਵੜੇ। ਉਹ ਨੇਤਰ ਬੰਦ ਕਰੀ ਬੈਠੀ ਹੈ, ਬਹੁਤ ਅਨੰਦ ਆ ਰਿਹਾ ਹੈ, ਜੀਅ ਨਹੀਂ ਕਰਦਾ ਕਿ ਨੇਤਰ ਖੋਲ੍ਹੀਏ। ਜੀਅ ਨਹੀਂ ਕਰਦਾ ਕਿ ਕੋਈ ਗੱਲ ਸੁਣਾਂ। ਇਹ ਨਹੀਂ ਜੀਅ ਕਰਦਾ ਕਿ ਨੇਤਰ ਖੋਲ੍ਹ ਕੇ ਮੈਂ ਦੇਖਾਂ ਕਿ ਕੌਣ ਆ ਗਿਆ। ਹੈਰਾਨੀ ਦੀ ਹੱਦ ਨਾ ਰਹੀ ਇਕ ਦਮ ਪਲਾਕੀ ਮਾਰ ਕੇ ਗੋਦੀ 'ਚ ਬਹਿ ਗਏ, ਨਾਲ ਗਲ ਦੇ ਦੁਆਲੇ ਦੋਵੇਂ ਬਾਹਵਾਂ ਪਾ ਕੇ ਮਾਂ! ਮਾਂ! ਮਾਂ!, ਹੈਰਾਨ ਹੋ ਗਈ ਕਿ ਮੈਂ ਮਾਂ। ਮੈਨੂੰ ਕੋਈ ਸੰਸਾਰ 'ਚ ਹੈ ਜਿਹੜਾ ਮਾਂ ਕਹਿੰਦਾ ਹੈ। ਨੇਤਰ ਖੋਲ੍ਹੇ।

ਮਾਂ ਇਕ ਦਿਨ ਤੂੰ ਹੀਂ ਕਿਹਾ ਸੀ ਨਾ ਇਕ ਦਿਨ ਦੇਖ ਕੇ ਮੈਂ ਖੇਲ੍ਹਦਾ ਸੀ ਕਿ ਮੈਨੂੰ ਇਹਦੇ ਵਰਗਾ ਪੁੱਤਰ ਚਾਹੀਦਾ ਹੈ। ਮਾਂ ਉਹੋ ਜਿਹਾ ਤਾਂ ਫੇਰ ਮੈਂ ਹੀ ਹਾਂ, ਹੋਰ ਤਾਂ ਕੋਈ ਹੈ ਨਹੀਂ ਤੇ ਮੈਂ ਹੀ ਤੇਰਾ ਪੁੱਤਰ ਹਾਂ। ਕਿੰਨੀ ਖੁਸ਼ੀ ਹੋਈ ਸਾਧਸੰਗਤ ਜੀ, ਇਹਦਾ ਅੰਦਾਜ਼ਾ ਕੋਈ ਲਗ ਨਹੀਂ ਸਕਦਾ। ਭਾਈ ਗੁਰਦਾਸ ਜੀ ਇਸ ਤਰ੍ਹਾਂ ਲਿਖਦੇ ਨੇ –

***ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ,***
***ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।***
***ਸੁਰਤਿ ਮੈ ਨ ਸੁਰਤਿਔ ਧਯਾਨ ਮੈ ਨ ਧਯਾਨ ਰਹਯੋ,***
***ਗਯਾਨ ਮੈ ਨ ਗਯਾਨ ਰਹਯੋ ਗਤਿ ਮੈ ਨ ਗਤਿ ਹੈ।***
***ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ,***
***ਰਤਿ ਮੈ ਨ ਰਤਿ ਰਹੀ ਪਤਿ ਰਤਿ ਪਤਿ ਹੈ।***
***ਅਦਭੁਤ ਪਰਮਦਭੁਤ ਬਿਸਮੈ ਬਿਸਮ,***
***ਅਸਚਰਜੈ ਅਸਚਰਜ ਅਤਿ ਅਤਿ ਹੈ।***

***ਕਬਿੱਤ ਭਾਈ ਗੁਰਦਾਸ ਜੀ***

ਨਾ ਸੁੱਧ ਹੈ, ਨਾ ਬੁੱਧ ਹੈ, ਨਾ ਮਤ ਹੈ। ਦਰਸ਼ਨ ਵਿਚ ਹੀ ਲੀਨ ਹੋ ਗਈ, ਆਪਣਾ ਆਪਾਂ ਦੋਹਾਂ ਨੂੰ ਹੀ ਭੁੱਲ ਗਿਆ।

ਹੁਣ ਬੋਲਿਆ ਨਹੀਂ ਜਾਂਦਾ, ਉਧਰੋਂ ਆਵਾਜ਼ ਆ ਰਹੀ ਹੈ ਮਾਂ-ਮਾਂ। ਐਡੀ ਮੋਹਣੀ, ਜਿਹਦੇ ਕਲਗੀਧਰ ਪਾਤਸ਼ਾਹ ਗੋਦੀ ਵਿਚ ਬੈਠ ਕੇ ਮਾਂ ਕਹਿ ਦੇਣ। ਕਿੱਡੇ ਭਾਗਾਂ ਵਾਲੀ ਮਾਂ ਸੀ ਉਹ। ਰਾਣੀ ਮੈਣੀ, ਫਤਹਿਚੰਦ ਰਾਜੇ ਦੀ ਘਰਵਾਲੀ। ਉਸ ਵੇਲੇ ਕੇਵਲ ਮਾਂ ਹੀ ਨਹੀਂ ਕਿਹਾ ਰੂਹਾਨੀ ਤੌਰ ਤੇ ਵੀ ਉਨ੍ਹਾਂ ਨੂੰ ਉਪਰ ਲੈ ਗਏ ਕਿ ਹੁਣ ਸਾਡਾ ਤੇ ਇਨ੍ਹਾਂ ਦਾ ਵਿਛੋੜਾ ਨਾ ਹੋਵੇ।

***ਦਰਸਨ ਧਿਆਨ ਦਿਬ ਦ੍ਰਿਸਟਿ ਪ੍ਰਗਾਸ ਭਈ,***
***ਕਰੁਨਾ ਕਟਾਛ ਦਿੱਬ ਦੇਹ ਪਰਵਾਨ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਖੁੱਲ੍ਹ ਗਿਆ ਨੇਤਰ ਜਿਹਨੂੰ ਤੀਸਰੀ ਅੱਖ ਆਖਦੇ ਨੇ, ਤੀਸਰਾ ਤਿਲ੍ਹ ਕਹਿੰਦੇ ਨੇ ਬਿਅੰਨ ਅਖੜੀਆਂ ਕਹਿੰਦੇ ਨੇ। ਦਰਸ਼ਨ ਕਰਦੇ ਹੀ ਅੰਦਰਲਾ ਸਰੀਰ ਜਿਹੜਾ ਦਿਬਯ ਦੇਹ ਸੀ ਉਹਦਾ ਵੀ ਪਤਾ ਲੱਗ ਗਿਆ।

***ਸਬਦ ਸੁਰਤਿ ਲਿਵ ਬਜਰ ਕਪਾਟ ਖੁਲੇ,***
***ਪ੍ਰੇਮ ਰਸ ਰਸਨ ਕੈ, ਅੰਮ੍ਰਿਤ ਨਿਧਾਨ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਲਿਵ ਲੱਗ ਗਈ ਸ਼ਬਦ ਦੇ ਨਾਲ, ਜਿਹੜੇ ਕਪਾਟ ਖੁਲ੍ਹਦੇ ਨਹੀਂ, ਤੜੱਕ ਦੇ ਕੇ ਖੁਲ੍ਹ ਗਏ। ਪ੍ਰੇਮ ਦਾ ਰਸ ਚੋ ਰਿਹਾ ਹੈ ਉਥੇ।

***ਚਰਨ ਕਮਲ ਮਕਰੰਦ ਬਾਸਨਾ ਸੁ ਬਾਸ,***
***ਹਸਤ ਪੂਜਾ ਪ੍ਰਨਾਮ ਸਫਲ ਸੁ ਗਯਾਨ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਸਫਲ ਹੋ ਗਿਆ ਗਿਆਨ, ਸਫਲ ਹੋ ਗਿਆ ਧਿਆਨ।

***ਅੰਗ ਅੰਗ ਬਿਸਮ ਸ੍ਰਬੰਗ ਮੈ ਸਮਾਇ ਭਏ,***
***ਮਨ ਮਨਸਾ ਥਕਤ ਬ੍ਰਹਮ ਧਿਆਨ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਸਾਰੇ ਅੰਗ-ਅੰਗ ਦੇ ਅੰਦਰ ਬਿਸਮਾਦ ਛਾ ਗਿਆ, ਝਰਨ੍ਹਾਟਾਂ ਆਉਂਦੀਆਂ ਨੇ, ਮਹਾਨ ਪਿਆਰ ਦੀਆਂ ਲਹਿਰਾਂ ਮਹਿਸੂਸ ਹੋਣੀਆਂ ਸ਼ੁਰੂ ਹੋ ਗਈਆਂ।

ਸੋ ਐਸੀ ਅਵਸਥਾ ਬਣ ਗਈ। ਕਹਿਣ ਲੱਗੇ, ਮਾਂ! ਹੁਣ ਮੈਂ ਆ ਗਿਆ। ਹੁਣ ਤੂੰ ਪੁੱਤਰ ਦੀ ਵਾਸ਼ਨਾ ਛੱਡੀ ਤੇ ਮੈਂ ਤੇਰਾ ਪੁੱਤਰ ਬਣ ਗਿਆ। ਜੇ ਤੂੰ ਪੁੱਤਰ ਮੰਗਦੀ ਸੀ ਮੈਂ ਤਾਂ ਨਹੀਂ ਸੀ ਆਉਂਦਾ। ਮੈਂ ਤੇਰਾ ਪੁੱਤਰ ਬਣਨਾ ਸੀ, ਜਦੋਂ ਮੈਂ ਖੇਲ੍ਹਦਾ ਸੀ ਤਾਂ ਉਸ ਵੇਲੇ ਕਿਹਾ ਸੀ ਕਿ ਜੇ ਮੈਨੂੰ ਪੁੱਤਰ ਮਿਲੇ ਤਾਂ ਇਹੋ ਜਿਹਾ ਮਿਲਣਾ ਚਾਹੀਦਾ ਹੈ। ਸੋ ਇਹ ਤੇਰੀ ਵਾਸ਼ਨਾ ਪੂਰੀ ਨਹੀਂ ਸੀ ਹੋਣੀ।

ਸੋ ਇਸ ਤਰ੍ਹਾਂ ਬੜੀ ਰਾਤ ਲੰਘ ਗਈ। ਓਧਰ ਮਾਤਾ ਗੁਜਰੀ ਜੀ ਹੈਰਾਨ ਨੇ ਕਿ ਅਜੇ ਤੱਕ ਆਏ ਨਹੀਂ ਹਨ, ਕਿੱਥੇ ਚਲੇ ਗਏ। ਐਨਾ ਸਮਾਂ ਤਾਂ ਲਾਉਂਦੇ ਨਹੀਂ। ਮਾਮਾ ਕ੍ਰਿਪਾਲ ਜੀ ਨੂੰ ਭੇਜਿਆ ਕਿ ਜਾਓ ਤੁਸੀਂ ਪਤਾ ਕਰੋ। ਉਹ ਟੋਲਦੇ ਫਿਰਦੇ ਨੇ, ਅਖੀਰ ਜਾ ਕੇ ਲੈ ਕੇ ਆਏ। ਪੁੱਛਿਆ ਕਿ ਲਾਲ ਜੀ! ਐਨੀ ਦੇਰ ਲਾ ਦਿਤੀ। ਕਹਿੰਦੇ ਕਿ ਮਾਂ ਜੀ, ਮੈਂ ਇਕ ਮਾਂ ਹੋਰ ਬਣਾ ਲਈ। ਕਹਿੰਦੇ, ਹੈਂ ਮਾਂ ਤਾਂ ਇਕੋ ਹੀ ਹੁੰਦੀ ਹੈ, ਦੋ ਤਾਂ ਬਣਦੀਆਂ ਨਹੀਂ। ਇਕ ਮਿਆਨ ਵਿਚ ਦੋ ਤਲਵਾਰਾਂ ਤਾਂ ਪਈਆਂ ਨਹੀਂ ਕਦੇ। ਦੋ ਕਿਵੇਂ ਹੋਣਗੀਆਂ ਮਾਂ ਤਾਂ ਇਕ ਹੋਏਗੀ। ਕਹਿੰਦੇ ਮਾਤਾ! ਆਹ ਤੈਨੂੰ ਮੈਂ ਦਿਖਾਵਾਂ। ਚੰਦ ਚਮਕਦਾ ਸੀ। ਪੂਰਾ ਜੋਬਨ ਤੇ ਸੀ ਤੇ ਘੜੇ ਭਰੇ ਪਏ ਸੀ ਪਾਣੀ ਦੇ। ਕਹਿੰਦੇ ਦੇਖੋ, ਆਹ ਘੜੇ ਵਿਚ ਕੀ ਹੈ, ਕਹਿੰਦੇ ਕਿ ਚੰਦਰਮਾ। ਕਹਿੰਦੇ ਦੂਸਰੇ ਵਿਚ ਕੀ ਹੈ ਕਹਿੰਦੇ ਚੰਦਰਮਾ। ਕਹਿਣ ਲੱਗੇ, ਮਾਤਾ ਜੀ! ਐਉਂ ਹੀ ਹੈ। ਦੋਹਾਂ ਵਿਚ ਜਿਵੇਂ ਚੰਦਰਮਾ ਹੈ ਐਵੇਂ ਹੀ ਮੈਨੂੰ ਦੋਹਾਂ ਦਾ ਖਿਆਲ ਹੋਏਗਾ। ਸੋ ਮਹਾਰਾਜ ਜਿੰਨੀ ਦੇਰ ਤੱਕ ਉਥੇ ਰਹੇ ਬੜਾ ਪਿਆਰ ਕਰਦੇ ਰਹੇ। ਸਤਿਸੰਗ ਲਗਦਾ ਰਿਹਾ।

ਸੋ ਜਿਸ ਵਕਤ ਮਾਂ ਦੀ ਗੋਦੀ 'ਚ ਜਾ ਕੇ ਬੈਠੇ ਨੇ ਤਾਂ ਕਹਿਣ ਲੱਗੇ ਕਿ ਮਾਂ ਸਾਨੂੰ ਤਾਂ ਭੁੱਖ ਲੱਗੀ ਹੋਈ ਹੈ। ਕੁਛ ਦਿਓ ਖਾਣ ਲਈ। ਮਠਿਆਈ ਮੰਗਾਉਣ ਲੱਗੇ। ਮਹਾਰਾਜ ਨੇ ਕਿਹਾ ਕਿ ਮਠਿਆਈ ਨਹੀਂ, ਜਿਹੜੇ ਭੁੰਗਣੀਆਂ ਤੇ ਪੂਰੀਆਂ ਬਣਾਈਆਂ ਨੇ, ਉਹ ਦਿਓ। ਯਾਦ ਆ ਗਿਆ ਕਿ ਭੁੰਗਣੀਆਂ ਬਣਾ ਕੇ ਰੱਖੀਆਂ ਸੀ। ਉਸੇ ਵੇਲੇ ਜਾ ਕੇ ਲਿਆਉਂਦੇ ਨੇ। ਕਹਿੰਦੇ ਅਸੀਂ ਰੋਜ਼ ਆਇਆ ਕਰਾਂਗੇ, ਸਾਨੂੰ ਇਥੇ ਆਹੀ ਚੀਜ਼ ਦਿਆ ਕਰਨੀ ਹੈ ਰੋਜ਼। ਨਿੱਤ ਆਇਆ ਕਰਾਂਗੇ, ਸਾਰੇ ਬਾਲਕਾਂ ਨੂੰ ਪ੍ਰਸ਼ਾਦ ਪਾਣੀ ਦੇਣਾ ਹੈ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੇ ਬੜੇ ਕੌਤਕ ਉਥੇ ਕੀਤੇ ਤੇ ਹੁਣ ਸਮਾਂ ਆ ਗਿਆ ਪਿਤਾ ਜੀ ਦੀ ਚਿੱਠੀ ਆ ਗਈ ਕਿ ਹੁਣ ਤੁਸੀਂ ਹੌਲੀ-ਹੌਲੀ ਆ ਜਾਓ, ਪੰਜਾਬ ਦੇ ਅੰਦਰ, ਅਨੰਦਪੁਰ ਸਾਹਿਬ ਦੇ ਅੰਦਰ, ਸੰਸਾਰ ਦੀ ਹਾਲ-ਚਾਲ ਬਦਲ ਗਈ ਹੈ, ਸਮਾਂ ਬਹੁਤ ਖਰਾਬ ਆ ਗਿਆ ਹੈ। ਬਹੁਤ ਬੁਰਾ ਹਾਲ ਪਰਜਾ ਦਾ ਹੋ ਗਿਆ ਹੈ, ਜ਼ਬਰਦਸਤੀ ਧਰਮਸਾਲਾਂ ਢਾਹੀਆਂ ਜਾ ਰਹੀਆਂ ਨੇ, ਮੰਦਰ ਢਾਹੇ ਜਾ ਰਹੇ ਨੇ, ਤੁਸੀਂ ਆ ਜਾਓ। ਉਸ ਵਕਤ ਜਦੋਂ ਗੁਰੂ ਮਹਾਰਾਜ ਜੀ ਵਿਛੜਨ ਲੱਗੇ ਸਾਧਸੰਗਤ ਜੀ! ਇਹ ਤਾਂ ਜਿਹਨੇ ਉਸ ਵਕਤ ਦੇਖਿਆ ਹੋਵੇ, ਉਸਨੂੰ ਪਤਾ ਹੁੰਦਾ ਹੈ ਕਿ ਮੇਲ ਹੋ ਕੇ ਵਿਛੋੜਾ ਉਸ ਤੋਂ ਵੀ ਔਖਾ ਹੋਇਆ ਕਰਦਾ ਹੈ। ਜਿਸ ਵਕਤ ਪਤਾ ਲੱਗਿਆ ਸਾਰਿਆਂ ਨੂੰ, ਇਕੱਠ ਹੋ ਗਿਆ। ਕਹਿੰਦੇ ਮਹਾਰਾਜ! ਅਸੀਂ ਤਾਂ ਜਾਣ ਨਹੀਂ ਦੇਣਾ, ਸਾਡੇ ਉਤੋਂ ਦੀ ਲੰਘ ਜਾਓ। ਬਾਰ-ਬਾਰ ਬੇਨਤੀਆਂ ਕਰਦੇ ਨੇ ਕਿ ਆਪ ਕ੍ਰਿਪਾ ਕਰੋ, ਪੰਜਾਬ ਦੇਸ਼ ਵਿਚ ਬਹੁਤ ਗੜਬੜ ਹੈ, ਬਹੁਤ ਰੌਲਾ-ਰੱਪਾ ਪਿਆ ਹੋਇਆ ਹੈ ਤੇ ਇਥੇ ਹੀ ਤੁਸੀਂ ਰਹੋ। ਨਵਾਬ ਰਹੀਮ ਖਾਨ ਵੀ ਆਉਂਦੇ ਨੇ ਤੇ ਪੰਡਤ ਸ਼ਿਵਦੱਤ ਵੀ ਆਉਂਦਾ ਹੈ, ਹੋਰ ਵੀ ਆਉਂਦੇ ਨੇ, ਉਸ ਵੇਲੇ ਬਾਰ-ਬਾਰ ਬੇਨਤੀਆਂ ਕਰਦੇ ਨੇ ਕਿ ਬੜਾ ਮੁਸ਼ਕਲ ਹੋ ਜਾਏਗਾ। ਲੇਕਿਨ ਮਹਾਰਾਜ ਕਹਿੰਦੇ ਕਿ ਪਿਤਾ ਜੀ ਦੀ ਆਗਿਆ ਹੀ ਐਸੀ ਆਈ ਹੈ, ਸਾਨੂੰ ਜਾਣਾ ਹੀ ਪੈਣਾ ਹੈ ਤੇ ਆਪ ਇਕੱਲੇ-ਇਕੱਲੇ ਨੂੰ ਮਿਲਦੇ ਨੇ। ਰਹੀਮ ਖਾਨ ਨੂੰ ਕਹਿਣ ਲੱਗੇ ਰਹੀਮ ਖਾਨ! ਤੂੰ ਉਦਾਸ ਨਾ ਹੋ ਜਦੋਂ ਜਪੁਜੀ ਸਾਹਿਬ ਦਾ ਪਾਠ ਕਰੇਂਗਾ, ਜਦੋਂ ਤੂੰ ਕਹੇਂਗਾ 'ਕੇਤੀ ਛੁਟੀ ਨਾਲਿ' ਸਾਮ੍ਹਣੇ ਦੇਖੀਂ ਸਾਡਾ

ਝਲਕਾਰਾ ਵੱਜਿਆ ਕਰੇਗਾ। ਕਿਸੇ ਨੂੰ ਵਸਤਰ ਦੇ ਦਿਤਾ, ਕਿਸੇ ਨੂੰ ਕੋਈ ਹੋਰ ਚੀਜ਼ ਦੇ ਦਿਤੀ, ਇਸ ਤਰ੍ਹਾਂ ਇਕ ਕਟਾਰ ਦਿਤੀ। ਜਿਸ ਵਕਤ ਮੈਣੀ ਰਾਣੀ ਕੋਲ ਗਏ, ਉਹ ਪਹਿਲਾਂ ਹੀ ਬਹੁਤ ਉਦਾਸ ਬੈਠੀ ਸੀ ਕਿ ਹੁਣ ਕੀ ਬਣੇਂਗਾ? ਇਨ੍ਹਾਂ ਨੇ ਚਲੇ ਜਾਣਾ ਹੈ, ਪੁੱਤਰ ਬਣੇ ਨੇ। ਹੁਣ ਬਣੇਗਾ ਕੀ? ਜਿਸ ਵਕਤ ਗਏ ਜਾ ਕੇ ਦੱਸਿਆ ਕਿ ਮਾਂ! ਮੈਂ ਪੰਜਾਬ ਨੂੰ ਜਾ ਰਿਹਾ ਹਾਂ। ਬੱਸ ਆਹ ਗੱਲ ਕਰਨ ਦੀ ਲੋੜ ਸੀ, ਦੜੰਮ ਕਰਕੇ ਗਿਰ ਗਈ, ਬੇਹੋਸ਼ ਹੋ ਗਈ, ਹੋਸ਼ ਨਹੀਂ ਰਹੇ। ਜਲ ਪਾਇਆ ਆਪ ਨੇ ਮੁਖ ਵਿਚ। ਐਸੀ ਹੀ ਅਵਸਥਾ ਹੁੰਦੀ ਹੈ ਸਾਧਸੰਗਤ ਜੀ! –

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*
*ਅੰਗ – ੭੦੮*

ਸਾਰੀ ਸੰਗਤ ਦੀ ਅਰਦਾਸ ਹੈ ਕਿ ਪਾਤਸ਼ਾਹ! ਤੁਸੀਂ ਪੰਜਾਬ ਚਲੇ ਜਾਣਾ ਹੈ, ਸਾਡੇ ਜੀਵਨ ਦਾ ਕੋਈ ਹੈ ਬੰਦੋਬਸਤ? ਕਿਉਂਕਿ –

*ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥*
*ਜਾ ਕੇ ਬਿਛੁਰਤ ਹੋਤ ਮਿਰਤਕਾ*
*ਗ੍ਰਿਹ ਮਹਿ ਰਹਨੁ ਨ ਪਾਈ ॥   ਅੰਗ – ੧੨੦੭*

ਪਿਆਰੇ ਤੋਂ ਬਿਨਾਂ ਵੀ ਕਦੇ ਜੀਵਨ ਹੁੰਦਾ ਹੈ।

ਅਸੀਂ ਤਾਂ ਮਰ ਜਾਵਾਂਗੇ ਪਾਤਸ਼ਾਹ!

ਸੋ ਰਾਣੀ ਬੇਹੋਸ਼ ਹੋ ਕੇ ਗਿਰ ਗਈ। ਕਿਉਂਕਿ ਪਿਆਰੇ ਜਿਹੜੇ ਹੁੰਦੇ ਨੇ, ਜਿਹਦਾ ਪਿਆਰ ਹੁੰਦਾ ਉਹਦੇ ਬਾਰੇ ਐਸਾ ਹੀ ਲਿਖਿਆ ਹੈ –

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ*
*ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥*
*ਅੰਗ – ੧੩੬੮*

ਸੱਚਾ ਪਿਆਰ ਗੁਰੂ ਕਲਗੀਰ ਪਾਤਸ਼ਾਹ ਨਾਲ ਸੀ, ਬੇਹੋਸ਼ ਹੋਈ ਪਈ ਹੈ ਰਾਣੀ, ਸਹਾਰਾ ਦਿੰਦੇ ਨੇ, ਜਲ ਮੂੰਹ ਵਿਚ ਪਾਇਆ, ਆਤਮਕ ਸਹਾਰਾ ਦਿਤਾ। ਨੈਣ ਖੁਲ੍ਹਦੇ ਨੇ, ਫੇਰ ਬੰਦ ਹੋ ਜਾਂਦੇ ਨੇ, ਫੇਰ ਮਹਾਰਾਜ ਨੇ ਸੰਭਾਲਿਆ, ਮਾਂ! ਐਨੀ ਉਦਾਸ ਨਾ ਹੋ, ਦਰਸ਼ਨ ਚਾਹੀਦੇ ਨੇ? ਆਹ ਫੜ ਕਟਾਰ, ਮੇਰੀ ਪੁਸ਼ਾਕ ਰੱਖ, ਆਹ ਮੇਰਾ ਗੁਟਕਾ ਰੱਖ, ਜਦੋਂ ਇਥੇ ਬੈਠ ਕੇ ਧਿਆਨ ਕਰਿਆ ਕਰੇਂਗੀ ਮੈਂ ਤੇਰੀ ਗੋਦੀ ਵਿਚ ਹੋਇਆ ਕਰਾਂਗਾ। ਪਰ ਮੇਰੇ ਆਹ ਜਿਹੜੇ ਸਾਥੀ ਬੱਚੇ ਨੇ ਖੇਲ੍ਹਣ ਆਇਆ ਕਰੇਂਗੀ ਜਦੋਂ ਤੂੰ ਇਨ੍ਹਾਂ ਨੂੰ ਭੂੰਗਣੀਆਂ ਦੇਵੇਂਗੀ, ਮੈਂ ਵਿਚ ਖੇਲ੍ਹਦਾ ਦਿਸਿਆ ਕਰਾਂਗਾ।

ਸੋ ਬਾਰ-ਬਾਰ ਸੰਗਤ ਬੇਨਤੀਆਂ ਕਰਦੀ ਹੈ ਕਿਉਂਕਿ ਦੁਖ ਹੈ –

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*
*ਅੰਗ – ੧੧੦੦*

ਬੇਨਤੀ ਕਰਦੇ ਨੇ ਕਿ ਸਾਡੇ ਸਿਰਾਂ ਦੇ ਸਾਂਈਂ ਸਾਨੂੰ ਚਰਨਾਂ ਤੋਂ ਨਾ ਵਿਛੋੜੋ, ਅਸੀਂ ਤੁਹਾਡੇ ਨਾਲ ਡੂੰਘੀ ਪ੍ਰੀਤ ਪਾਈ ਹੈ। ਜਿਨ੍ਹਾਂ ਪਿਆਰਿਆਂ ਦੇ ਉਤੇ ਇਹ ਬੀਤਦੀ ਹੈ ਉਨ੍ਹਾਂ ਨੂੰ ਪਤਾ ਹੁੰਦਾ ਹੈ –

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥   ਅੰਗ – ੩੨੭*

ਦਿਲਾਸਾ ਦਿਤਾ ਕਿ ਦਰਸ਼ਨ ਹੁੰਦੇ ਰਹਿਣਗੇ, ਭਰੋਸਾ ਰੱਖੋ, ਨਿਹਚਾ ਰੱਖੋ। ਸਮਝਾ ਬੁਝਾ ਕੇ ਗੁਰੂ ਮਹਾਰਾਜ ਜਦੋਂ ਤੁਰਦੇ ਨੇ ਬੜੀ ਦੂਰ ਤੱਕ ਸੰਗਤ ਤੁਰੀ ਆਉਂਦੀ ਹੈ। ਅਖੀਰ ਮਹਾਰਾਜ ਜੀ ਨੇ ਕਿਹਾ ਕਿ ਇਸ ਤੋਂ ਅੱਗੇ ਨਹੀਂ ਤੁਸੀਂ ਜਾਣਾ, ਇਥੋਂ ਤੁਸੀਂ ਵਾਪਸ ਜਾਓ।

ਸੋ ਇਸ ਤਰ੍ਹਾਂ ਵੈਰਾਗ ਦੀ ਭਰੀ ਹੋਈ ਸੰਗਤ ਨੂੰ ਛੱਡ ਕੇ ਗੁਰੂ ਮਹਾਰਾਜ ਅਨੰਦਪੁਰ ਸਾਹਿਬ ਆ ਜਾਂਦੇ ਨੇ। 14 ਸਾਲ ਲੰਘ ਗਏ। ਆਪ ਦਾ ਬਚਨ ਸੀ ਕਿ ਸਤਿਸੰਗ ਕਰਿਓ, ਇਕੱਠੇ ਹੋਇਓ, ਹਰੀ ਦਾ ਭਜਨ ਕਰਿਓ। ਜਦੋਂ ਤੁਸੀਂ ਧਿਆਨ ਕਰੋਂਗੇ ਤੁਹਾਡਾ ਬਚਨ ਹੈ ਤੁਹਾਨੂੰ ਇਥੇ ਬੈਠਿਆਂ ਨੂੰ ਦਰਸ਼ਨ ਦੇਈ ਜਾਵਾਂਗੇ।

ਏਸ ਆਸ ਤੇ 14 ਸਾਲ ਨਿਕਲ ਗਏ ਕਿ ਦੇਖੋ ਸ੍ਰੀ ਰਾਮ ਚੰਦਰ ਜੀ ਨੂੰ ਬਨਵਾਸ ਹੋਇਆ ਸੀ, ਸਾਨੂੰ ਪਤਾ ਹੈ ਕਿ ਉਨ੍ਹਾਂ ਦਾ ਪਿਤਾ ਵਿਛੋੜਾ ਝੱਲ ਨਾ ਸਕਿਆ। ਪਰ ਅਸੀਂ ਤਾਂ ਤੁਹਾਡੇ ਵਿਚ ਰਹਾਂਗੇ, ਦੂਰ ਨਹੀਂ ਜਾਂਦੇ। ਕੋਈ ਗੱਲ ਨਹੀਂ, ਸਮਾਂ ਆਏਗਾ ਤੁਸੀਂ ਆਪ ਆ ਜਾਇਓ ਅਨੰਦਪੁਰ ਸਾਹਿਬ। 14 ਸਾਲ ਅੱਜ ਬੀਤ ਗਏ ਸੰਗਤ ਨੇ ਸਲਾਹ ਕਰੀ, ਬਹੁਤ ਸਾਰੇ ਬਿਰਧ ਹੋ ਗਏ। ਸ਼ਿਵਦੱਤ ਬਹੁਤ ਬਿਰਧ ਹੋ ਗਿਆ, ਇਕੋ ਲਾਲਸਾ ਰਹਿੰਦੀ ਹੈ ਕਿ ਹੇ ਕਲਗੀਧਰ ਪਿਤਾ ਕਦੇ ਦਰਸ਼ਨ ਹੋ ਜਾਣ। ਤਾਂ ਉਸ ਵੇਲੇ ਸਾਰਿਆਂ ਨੇ ਸਲਾਹ ਕਰੀ, ਇਹ ਵੀ ਆ ਗਏ ਕਹਿਣ ਲੱਗੇ ਰਾਜਨ! ਮੈਨੂੰ ਗਰੀਬ ਬੁੱਢੇ ਨੂੰ ਵੀ ਦਰਸ਼ਨ ਕਰਾ ਦਿਓ। ਹੁਣ ਤਾਂ ਮੇਰਾ ਸਰੀਰ ਕੁੱਛ ਦਿਨ ਦਾ ਹੈ, ਕ੍ਰਿਪਾ ਕਰੋ। ਪਾਲਕੀ ਤਿਆਰ ਕਰੀ, ਜੋੜੀ ਬਣਾਈ ਗਈ ਤੇ ਉਹਦੇ ਵਿਚ ਇਨ੍ਹਾਂ ਨੂੰ ਬਿਠਾਇਆ ਗਿਆ। ਇਸ ਤਰ੍ਹਾਂ ਦੇ ਨਾਲ ਸੰਗਤ ਆਹਿਸਤਾ-ਆਹਿਸਤਾ ਮੰਜ਼ਲਾਂ ਕੱਟਦੀ ਹੋਈ ਗੁਰੂ ਮਹਾਰਾਜ ਦੇ ਨੇੜੇ ਪਹੁੰਚੀ। ਤਾਂ ਉਸ ਵੇਲੇ ਮਹਾਰਾਜ ਜੀ ਆਹੀ ਦਿਨ ਸੀਗਾ ਜਿਹੜਾ ਅੱਜ ਹੈ, ਅਚਾਨਕ ਮਹਾਰਾਜ ਜੀ ਅਨੰਦਪੁਰ ਸਾਹਿਬ ਤੋਂ ਘੋੜੇ ਤੇ ਸਵਾਰ ਹੋ ਕੇ ਚੱਲ ਪਏ। ਦੂਰ ਆ ਗਏ, ਜਦੋਂ ਆ ਕੇ ਸਾਰਿਆਂ ਨੂੰ ਦਰਸ਼ਨ ਦਿਤੇ ਤਾਂ ਹੈਰਾਨ ਹੋ ਗਏ ਕਿ ਐਸਾ

(ਬਾਕੀ ਪੰਨਾ 55 ਤੇ)

## ਸੱਚਖੰਡਵਾਸੀ ਸ੍ਰੀ ਮਹਾਰਾਜ ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੀ ਬਰਸੀ
## 9 ਮਾਘ ਬਰਸੀ ਉਪਰ ਵਿਸ਼ੇਸ਼

# ਅਲੌਕਿਕ ਜੀਵਨ ਕਥਾ

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ*
*ਬਾਨੀ ਵਿ.ਗੁ.ਕੁ.ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ*

ਉਹ ਸਮਾਂ ਐਸਾ ਸੀ ਕਿ ਸਿੱਖੀ ਦੇ ਸਿਧਾਂਤਕ ਪ੍ਰਚਾਰ ਇਕ ਤਰ੍ਹਾਂ ਦੇ ਨਾਲ ਬੰਦ ਹੀ ਹੋ ਗਏ ਸਨ। ਗੁਪਤ ਰੂਪ ਵਿਚ ਬਾਣੀਆਂ ਪੜ੍ਹੀਆਂ ਜਾਂਦੀਆਂ। ਇਸ ਤਰ੍ਹਾਂ ਦਾ ਸਮਾਂ ਬਿਤਾਉਂਦਿਆਂ ਸੰਨ 1800 ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ, ਖਾਲਸਾ ਰਾਜ ਦੇ ਰੂਪ ਵਿਚ ਲਾਹੌਰ ਵਿਚ ਕਾਇਮ ਹੋ ਗਿਆ। ਇਸ ਪਿਛੋਂ ਸਿੰਘਾਂ ਨੇ ਪੰਜਾਬ, ਕਸ਼ਮੀਰ, ਸਿੰਧ, ਅਫਗਾਨਿਸਤਾਨ ਦੇ ਕੁਝ ਇਲਾਕਿਆਂ ਵਿਚ ਆਪਣਾ ਬੋਲ-ਬਾਲਾ ਕਰ ਲਿਆ। ਕੁਝ ਸੁਖ ਦਾ ਸਾਹ ਆਇਆ। ਉਸ ਸਮੇਂ ਦੇ ਮਹਾਂਪੁਰਸ਼ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਆਪਣਿਆਂ ਉਪਦੇਸ਼ਾਂ ਰਾਹੀਂ ਸਿੱਖੀ ਨੂੰ ਸੁਰਜੀਤ ਰੱਖਿਆ ਅਤੇ ਅੰਮ੍ਰਿਤ ਪ੍ਰਚਾਰ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅੰਤਮ ਦਿਨਾਂ ਤਕ ਅਨੁਮਾਨ ਹੈ ਕਿ ਸਿੱਖਾਂ ਦੀ ਗਿਣਤੀ 86 ਲੱਖ ਤਕ ਜਾ ਪਹੁੰਚੀ ਸੀ। ਇਸ ਸਮੇਂ ਬਾਬਾ ਭਾਗ ਸਿੰਘ ਜੀ ਕੁਰੀ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਗੁਰਸਿੱਖੀ ਪ੍ਰਚਾਰ ਕਰਕੇ ਖਾਲਸੇ ਦੀ ਗਿਣਤੀ ਵਿਚ ਬਹੁਤ ਵਾਧਾ ਕਰ ਰਹੇ ਸਨ। ਪਰ ਸਿੱਖ ਰਾਜ ਦੇ ਪੱਤਨ ਹੋਣ ਉਪਰੰਤ ਸਿੰਘਾਂ ਦੀ ਗਿਣਤੀ ਇਕ ਦਮ ਘਟ ਗਈ ਅਤੇ 1831 ਦੀ ਮਰਦਮਸ਼ੁਮਾਰੀ ਵਿਚ ਸਿੱਖ, ਘਟ ਕੇ 13 ਲੱਖ 45 ਹਜ਼ਾਰ ਦੀ ਛੋਟੀ ਗਿਣਤੀ ਤਕ ਪਹੁੰਚ ਗਏ। ਸਿੱਖੀ ਦਾ ਹੋਰ ਵੀ ਪੱਤਨ ਹੋ ਜਾਂਦਾ ਜੇ ਉਸ ਸਮੇਂ ਮਹਾਨ ਪੁਰਸ਼ ਸ੍ਰੀ ਬਾਬਾ ਰਾਮ ਸਿੰਘ ਜੀ ਨਾਮਧਾਰੀ ਸੰਪਰਦਾ ਦੇ ਮੁਖੀ ਆਪਣੀ ਦਿਨ ਰਾਤ ਦੀ ਅਣਥੱਕ ਮਿਹਨਤ ਰਾਹੀਂ ਸਿੱਖੀ ਉਪਦੇਸ਼ ਥਾਂ-ਥਾਂ ਫਿਰ ਕੇ ਨਾ ਕਰਦੇ ਅਤੇ ਸੰਤ ਮਹਾਰਾਜ ਬਾਬਾ ਮਹਾਰਾਜ ਸਿੰਘ ਜੀ ਘਰ-ਘਰ ਫਿਰ ਕੇ ਸਿੱਖੀ ਸਰੂਪ ਨੂੰ ਬਚਾਉਣ ਲਈ ਢਾਰਸ ਨਾ ਦਿੰਦੇ।



ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ

1861 ਦੀ ਮਰਦਮਸ਼ੁਮਾਰੀ ਵਿਚ ਲਿਖਿਆ ਹੈ ਕਿ ਸਿੱਖਾਂ ਦਾ ਪਤਨ ਐਨੀ ਤੇਜ਼ੀ ਨਾਲ ਹੋ ਰਿਹਾ ਹੈ ਕਿ ਮਰਦਮਸ਼ੁਮਾਰੀ ਦੇ ਅਫਸਰ ਨੇ ਡਰ ਪ੍ਰਗਟ ਕੀਤਾ ਕਿ ਹੋਰ ਥੋੜੇ ਸਾਲਾਂ ਵਿਚ ਸਿੱਖ ਦੇਖਣ ਲਈ ਬਹੁਤ ਹੀ ਘਟ ਬਚਣਗੇ। ਇਸ ਵਾਸਤੇ ਇਨ੍ਹਾਂ ਦੇ statue (ਬੁੱਤ) ਬਣਾ ਕੇ ਅਜਾਇਬ ਘਰ ਵਿਚ ਰਖ ਦੇਣੇ ਚਾਹੀਦੇ ਹਨ ਅਤੇ ਨਾਲ ਇਹ ਭੀ remarks ਦਿਤੇ ਕਿ ਅਸਲ ਵਿਚ ਸਿੱਖਾਂ ਦੀ ਗਿਣਤੀ ਸਿਰਫ ਸਾਢੇ ਚਾਰ ਲੱਖ ਦੇ ਕਰੀਬ ਹੀ ਹੈ। ਇਹ ਸਾਰੇ ਭੈਣੀ ਸਾਹਿਬ ਨਾਲ ਜੁੜੇ ਹੋਏ ਨਾਮਧਾਰੀ ਸਿੱਖ ਹੀ ਹਨ ਜੋ ਰਹਿਤ ਬਹਿਤ ਵਿਚ ਪੂਰੀ ਤਰ੍ਹਾਂ ਨਾਲ ਦ੍ਰਿੜ੍ਹ ਵਿਸ਼ਵਾਸ਼ ਰਖਦੇ ਹਨ ਅਤੇ ਅੰਤਲੇ ਸ੍ਵਾਸ ਤਕ ਸਿੱਖੀ ਤਿਆਗਣ ਨੂੰ ਨਹੀਂ ਮੰਨਦੇ, ਭਾਵੇਂ ਕਿੰਨੀਆਂ ਹੀ ਸਖਤੀਆਂ ਇਨ੍ਹਾਂ ਉਪਰ ਹੋਰ ਕੀਤੀਆਂ ਜਾਣ।

ਸਰਵ ਸ਼੍ਰੋਮਣੀ ਮਹਾਂਪੁਰਸ਼ ਬਾਬਾ ਰਾਮ ਸਿੰਘ ਜੀ ਨਾਮਧਾਰੀ ਦਾ ਆਪਣੇ ਸੂਬਿਆਂ ਸਮੇਤ ਅੰਗਰੇਜ਼ ਦੇ ਹੱਥੋਂ ਜ਼ਲਾ-ਵਤਨ ਹੋ ਕੇ ਦੇਸ਼ ਛੱਡ ਜਾਣਾ, ਸਿੱਖੀ ਉਪਰ ਇਕ ਬਹੁਤ ਵੱਡੀ ਸੱਟ ਸੀ। ਉਸ ਵੇਲੇ ਕੋਈ ਵੀ ਹਸਤੀ ਨਜ਼ਰ ਨਹੀਂ ਸੀ ਆ ਰਹੀ ਜੋ ਪ੍ਰੰਪਰਾਵਾਂ ਦੇ ਮੁਤਾਬਿਕ ਸਿੱਖੀ ਦੀ ਸੰਭਾਲ ਕਰ ਸਕੇ। ਇਹ ਸੰਨ 1872 ਦਾ ਸਮਾਂ ਸੀ ਜਦੋਂ ਬਾਬਾ ਜੀ ਦੇਸ਼-ਬਦਰ ਕਰ ਦਿਤੇ ਗਏ। ਉਸ ਵੇਲੇ ਕੁਝ ਪਤਵੰਤਿਆਂ ਨੇ ਸਿੰਘ ਸਭਾ ਲਹਿਰ ਚਲਾਈ ਪਰ ਇਨ੍ਹਾਂ ਦੇ ਸਾਹਮਣੇ ਬਹੁਤ ਵੱਡੀਆਂ ਸਮੱਸਿਆਵਾਂ ਸਨ।

ਖੰਡਨ ਮੰਡਨ ਦਾ ਜੁਗ ਚਲ ਪਿਆ। ਸਿੱਖੀ ਸਿਧਾਂਤਾਂ ਅਤੇ ਨਾਮ ਰਸ ਤੋਂ ਆਮ ਸਿੱਖ ਵਾਂਝਾ ਹੋ ਗਿਆ। ਹੁਣ ਲੋੜ ਸੀ ਕਿਸੇ ਐਸੀ ਹਸਤੀ ਦੀ, ਜੋ ਇਸ ਡਾਵਾਂਡੋਲ ਹੋਈ ਹਾਲਤ ਵਿਚ ਮੁੜ ਕੇ ਸਿੱਖੀ ਸੁਰਜੀਤ ਕਰ ਸਕੇ ਅਤੇ ਨਾਮ



**ਸੰਤ ਬਾਬਾ ਸਾਹਿਬ ਸਿੰਘ ਬੇਦੀ ਊਨਾ ਸਾਹਿਬ**

ਬਾਣੀ ਦਾ ਸੰਦੇਸ਼ ਦੇ ਕੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜ ਸਕੇ।

੧੮੬੬ ਈ. ਮੁਤਾਬਿਕ ੧੯੨੩ ਬ੍ਰਿਕਮੀ ਨੂੰ ਇਕ ਮਹਾਨ ਆਤਮਾ ਦਾ ਇਸ ਧਰਤੀ ਤੇ ਪ੍ਰਵੇਸ਼ ਹੋਇਆ। ਉਸ ਸਮੇਂ ਦੀ ਰਿਆਸਤ ਪਟਿਆਲਾ ਦੇ ਇਕ ਉਘੇ ਨਗਰ ਚੀਮਾ ਵਿਚ ਸੰਤ ਮਹਾਰਾਜ ਸੰਤ ਅਤਰ ਸਿੰਘ ਜੀ ਦਾ ਗੁਰੂ ਮਹਾਰਾਜ ਦੇ ਹੁਕਮ ਵਿਚ ਸੰਸਾਰ ਤੇ ਆਉਣਾ ਹੋਇਆ। ਐਸੇ ਮਹਾਂਪੁਰਸ਼ ਜਨਮ-ਮਰਨ ਤੋਂ ਰਹਿਤ ਕੇਵਲ ਪਰਉਪਕਾਰ ਵਾਸਤੇ ਭੇਜੇ ਜਾਇਆ ਕਰਦੇ ਹਨ -

***ਜਨਮ ਮਰਣ ਦੁਹਹੂ ਮਹਿ ਨਾਹੀ***
***ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ***
***ਹਰਿ ਸਿਉ ਲੈਨਿ ਮਿਲਾਏ॥*** ***ਪੰਨਾ - ੭੪੯***

ਆਪ ਜੀ ਦੇ ਪਿਤਾ ਦਾ ਨਾਮ ਭਾਈ ਕਰਮ ਸਿੰਘ ਜੀ ਸੀ। ਆਪ ਦਾ ਇਕ ਭਰਾ ਅਤੇ ਤਿੰਨ ਭੈਣਾਂ ਸਨ। ਆਪ ਜੀ ਦੇ ਜਨਮ ਦੀ ਅਲੌਕਿਕ ਕਥਾ ਬੜੀ ਪ੍ਰਭਾਵਸ਼ਾਲੀ ਹੈ ਅਤੇ ਪ੍ਰੇਰਨਾ ਦਿੰਦੀ ਹੈ।

ਇਕ ਦਿਨ ਜਦ ਬਾਬਾ ਕਰਮ ਸਿੰਘ ਜੀ ਅੰਮ੍ਰਿਤ ਵੇਲੇ ਹਲ ਵਾਹੁਣ ਲਈ ਜਾ ਰਹੇ ਸਨ ਤਾਂ ਸਾਮ੍ਹਣੇ ਵਾੜ ਦੇ ਕੋਲ ਹੀ ਇਕ ਸਾਧੂ ਦੇ ਦਰਸ਼ਨ ਹੋਏ। ਬਾਬਾ ਜੀ ਨੇ ਬੜੇ ਸਤਿਕਾਰ ਦੇ ਨਾਲ ਆ ਕੇ ਨਮਸਕਾਰ ਕੀਤੀ। ਜਦੋਂ ਖੜ੍ਹੇ ਹੋਏ ਤਾਂ ਸਾਧੂ ਮੁਸਕਰਾਇਆ ਅਤੇ ਬੜੇ ਪ੍ਰੇਮ ਨਾਲ ਆਖਿਆ, "ਕਰਮ ਸਿੰਘਾ! ਅੱਜ ਤੇਰੀ ਭਾਵਨੀ ਪੂਰੀ ਹੋਈ। ਆਹ ਲੈ ਅੰਮ੍ਰਿਤ ਜਲ ਦੀ ਸ਼ੀਸ਼ੀ, ਇਸਨੂੰ ਲਿਜਾ ਕੇ ਆਪਣੇ ਘਰ ਵਿਚ ਸਾਂਭ ਕੇ ਰੱਖ ਦੇਹ। ਤੇਰੇ ਘਰ ਇਕ ਮਹਾਨ ਆਤਮਾ ਜਦੋਂ ਪ੍ਰਗਟ ਹੋਈ ਤਾਂ ਇਸੇ ਥਾਂ ਸਾਡੀ ਅਮਾਨਤ ਮੋੜ ਜਾਈਂ। ਬਾਬਾ ਜੀ ਨਿਸ਼ਚੇ ਵਾਲੇ ਸਨ। ਵਾਪਸ ਮੁੜ ਆਏ ਅਤੇ ਸਾਧੂ ਦੀ ਅਮਾਨਤ ਆਪਣੀ ਸੁਪਤਨੀ ਮਾਤਾ ਭੋਲੀ ਦੇ ਸਪੁਰਦ ਕੀਤੀ। ਜਦੋਂ ਸੰਤ ਮਹਾਰਾਜ ਅਤਰ ਸਿੰਘ ਜੀ ਦਾ ਜਨਮ ਹੋਇਆ ਤਾਂ ਸਾਧੂ ਦੀ ਅਮਾਨਤ ਲੈ ਕੇ ਆਪ ਬਾਹਰ ਗਏ, ਸਾਧੂ ਦੇ ਦਰਸ਼ਨ ਉਸੇ ਥਾਂ ਕਰਕੇ ਅਮਾਨਤ ਵਾਪਸ ਕਰ ਦਿਤੀ।

ਆਪ ਬਚਪਨ ਵਿਚ ਹੀ ਰੱਸੀਆਂ ਦੀ ਮਾਲਾ ਬਣਾ ਕੇ ਫੇਰਿਆ ਕਰਦੇ ਸਨ ਅਤੇ ਛੋਟੀ ਉਮਰ ਵਿਚ ਹੀ ਨਾਲ ਦੇ ਬਾਲਕਾਂ ਨੂੰ ਕਿਹਾ ਕਰਦੇ ਸਨ ਕਿ ਜਿਵੇਂ ਭਗਤੀ ਕਰਦਿਆਂ ਬਾਲਮੀਕ ਦੇ ਦੁਆਲੇ ਬਰਮੀ ਜੰਮ ਗਈ ਸੀ, ਇਵੇਂ ਜਿਵੇਂ ਸਾਡਾ ਵੀ ਦਿਲ ਕਰਦਾ ਹੈ। ਜਦੋਂ ਆਪ ਨੂੰ ਪੜ੍ਹਨੇ ਪਾਇਆ ਗਿਆ ਤਾਂ ਆਪ ਨੇ ਕਿਹਾ ਕਿ ਅਸੀਂ ਤਾਂ ਸੱਚ ਦੀ ਪੜ੍ਹਾਈ ਪੜ੍ਹਨੀ ਹੈ; ਉਰਦੂ, ਅੰਗ੍ਰੇਜ਼ੀ, ਫਾਰਸੀ ਨਹੀਂ ਪੜ੍ਹਨੀ। ਆਪ ਨੇ ਭਾਈ ਬੂਟਾ ਸਿੰਘ ਜੀ ਤੋਂ ਪੰਜਾਬੀ ਪੜ੍ਹੀ। ਆਪ ਜੀ ਨੇ ਛੋਟੇ ਹੁੰਦਿਆਂ ਡੰਗਰ ਚਾਰੇ ਅਤੇ ਹੋਰ ਸਾਰੇ ਕੰਮ ਖੇਤੀਬਾੜੀ ਦੇ ਕੀਤੇ। ਸੰਤ ਮਹਾਰਾਜ ਜੀ ਦਾ ਮੁੱਢ ਤੋਂ ਹੀ ਵੰਡ ਛਕਣ ਦਾ ਸੁਭਾਅ ਸੀ। ਮਾਤਾ ਨੂੰ ਪਤਾ ਲੱਗਿਆ ਤਾਂ ਉਹ ਅਛੋਪਲੇ ਹੀ ਇਨ੍ਹਾਂ ਸੰਤਾਂ ਦੇ ਪਿਛੇ ਗਈ ਅਤੇ ਦੁਪੱਟੇ ਵਿਚ ਬੰਨ੍ਹਿਆ ਗੁੜ ਫੜ ਲਿਆ। ਕੀ ਦੇਖਦੀ ਹੈ ਕਿ ਬਾਲਕ ਸੰਤ ਜੀ ਓਸੇ ਥਾਂ ਖੜ੍ਹੇ ਹਨ ਜਿਥੇ ਮਾਤਾ ਨੇ ਉਨ੍ਹਾਂ ਦੇ ਦੁਪੱਟੇ ਵਿਚੋਂ ਗੁੜ ਦੀ ਭੇਲੀ ਖੋਲ੍ਹ ਲਈ ਸੀ। ਮਾਤਾ ਜੀ ਸਮਝ ਗਏ, ਮੁੜ ਲਿਆ ਕੇ ਫੇਰ ਦੇ ਦਿਤਾ। ਸੰਤ ਜੀ ਸਾਥੀਆਂ ਨੂੰ ਗੁੜ ਵੰਡ ਕੇ ਵਾਪਸ ਘਰ ਆਏ। ਜਦੋਂ ਆਪ 16 ਸਾਲ ਦੀ ਉਮਰ ਵਿਚ ਖੇਤੀ ਕਰਨ ਲੱਗੇ ਤਾਂ ਪਿਤਾ ਕਰਮ ਸਿੰਘ ਜੀ ਕਈ ਵਾਰੀ ਸੰਤ ਪੁਤਰ ਦੀ ਅੰਤਰਮੁਖ ਬਿਰਤੀ ਦੇਖ ਕੇ ਆਪ-ਮੁਹਾਰੇ ਕਹਿ ਦਿਆ ਕਰਦੇ ਸਨ ਕਿ ਇਸ ਲੜਕੇ ਨੇ ਘਰ ਦਾ ਕੋਈ ਕੰਮ ਨਹੀਂ ਕਰਨਾ, ਪਤਾ ਨਹੀਂ ਕਿਵੇਂ ਗੁਜ਼ਾਰਾ ਕਰੇਗਾ।

ਆਪ ਦੇ ਮਨ ਵਿਚ ਫੌਜੀਆਂ ਬਾਰੇ ਬਹੁਤ ਉਚੇ ਵਿਚਾਰ ਸਨ ਅਤੇ ਚੀਮਾ ਪਿੰਡ ਦੇ ਸੂਬੇਦਾਰ ਦਲੇਰ ਸਿੰਘ ਜੀ ਨੂੰ, ਜੋ ੫੪ ਸਿੱਖ ਪਲਟਨ ਵਿਚ ਕੋਹਾਟ ਹੀ ਰਹਿੰਦਾ ਸੀ, ਨੂੰ ਚੀਮੇ ਪਿੰਡ ਆਇਆਂ ਮਿਲੇ। ਸੰਤਾਂ ਨੇ ਕਿਹਾ ਕਿ ਫੌਜ ਵਿਚ ਹੱਕ ਦੀ ਕਮਾਈ ਫੌਜੀ ਕਰਦਾ ਹੈ, ਹੱਕ ਦੀ

ਕਮਾਈ ਦਾ ਅੰਨ ਖਾ ਕੇ ਜਗਿਆਸੂ ਦਾ ਮਨ ਪ੍ਰਭੂ ਨਾਲ ਜ਼ਿਆਦਾ ਜੁੜਦਾ ਹੈ। ਇਸ ਵਿਚਾਰ ਨੂੰ ਲੈ ਕੇ ਆਪ ਨੇ ਉਨ੍ਹਾਂ ਨਾਲ ਫੌਜ ਵਿਚ ਭਰਤੀ ਹੋਣ ਦੀ ਸਲਾਹ ਕੀਤੀ।



**ਸੰਤ ਬਾਬਾ ਬੀਰ ਸਿੰਘ ਜੀ ਮਹਾਰਾਜ ਨੌਰੰਗਾਬਾਦ**

ਸੰਮਤ ੧੯੪੦ ਬਿਕ੍ਰਮੀ ਨੂੰ ਧਰਮਕੋਟ ਵਿਚ ਭਰਤੀ ਹੋਣ ਗਏ। ਆਪ ਸੂਬੇਦਾਰ ਦਲੇਰ ਸਿੰਘ ਦੇ ਨੇੜੇ ਹੀ ਤੋਪਖਾਨੇ ਵਿਚ ਭਰਤੀ ਹੋ ਗਏ ਪਰ ਤੋਪਖਾਨੇ ਦਾ ਬਹੁਤ ਰੁਝੇਵਿਆਂ ਭਰਿਆ ਕੰਮ ਹੋਣ ਕਰਕੇ ਆਪ ਨੇ ਪਲਟਨ ਵਿਚ ਬਦਲੀ ਕਰਾ ਲਈ। ਆਪ ਜੀ ਪਿੰਡ ਛੁੱਟੀ ਆਏ ਹੋਏ ਸਨ ਤਾਂ ਆਪ ਜੀ ਦਾ ਸਡੌਲ, ਸੁੰਦਰ, ਛੇ ਫੁੱਟ ਲੰਮਾ ਕੱਦ ਅਤੇ ਹੋਣਹਾਰ ਨੌਜਵਾਨ ਦੇਖ, ਜੀਵਨ ਸਿੰਘ, ਪਿੰਡ ਬਡਰੁਖੇ ਵਾਲੇ ਨੇ ਆਪਣੀ ਸਪੁੱਤਰੀ ਮਹਾਂ ਕੌਰ ਲਈ ਯੋਗ ਵਰ ਸਮਝਿਆ। ਸੰਤ ਜੀ ਛੁੱਟੀ ਕੱਟ ਕੇ ਜਾ ਚੁੱਕੇ ਸਨ ਤਾਂ ਸੰਤਾਂ ਨੂੰ ਇਸ ਰਿਸ਼ਤੇ ਦੀ ਚਿੱਠੀ ਪਹੁੰਚੀ ਪਰ ਆਪ ਜੀ ਨੇ ਕਿਹਾ ਕਿ ਅਸੀਂ ਤਾਂ ਗੁਰੂ ਦਸ਼ਮੇਸ਼ ਪਿਤਾ ਦੇ ਕਾਰਜ ਲਈ ਆਪਣਾ ਸਰਬੰਸ ਜੀਵਨ ਦਾਨ ਕੀਤਾ ਹੋਇਆ ਹੈ, ਇਹ ਸਾਕ ਛੋਟੇ ਭਰਾ ਜੈ ਸਿੰਘ ਨਾਲ ਕਰ ਦੇਵੋ।

ਰੰਗਰੂਟੀ ਪਾਸ ਕਰਨ ਉਪਰੰਤ ਆਪ ਜੀ ਨੇ ਜਥੇਦਾਰ ਭਾਈ ਜੋਧ ਸਿੰਘ ਜੀ, ਜੋ ਉਸੇ ਪਲਟਨ ਵਿਚ ਗ੍ਰੰਥੀ ਦੀ ਸੇਵਾ ਨਿਭਾ ਰਹੇ ਸਨ, ਉਨ੍ਹਾਂ ਦੇ ਜਥੇ ਤੋਂ ਅੰਮ੍ਰਿਤ ਪਾਨ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਪੱਕੀ ਤਰ੍ਹਾਂ ਜੁੜ ਗਏ। ਰਹਿਤਾਂ ਪੂਰੀ ਤਰ੍ਹਾਂ ਦੇ ਨਾਲ ਦ੍ਰਿੜ੍ਹ ਕਰਾ ਦਿਤੀਆਂ ਅਤੇ ਨਾਲ ਹੀ ਵਾਧੂ ਉਪਦੇਸ਼ ਦਿੰਦਿਆਂ ਆਪ ਜੀ ਨੂੰ ਦ੍ਰਿੜ੍ਹ ਕਰਾਇਆ ਗਿਆ ਕਿ ਗੁਰਮੁਖ ਪਿਆਰੇ, ਨਾਮ ਰਸੀਆਂ ਨਾਲ ਪ੍ਰਸਪਰ ਮਿਲ ਕੇ ਭਜਨ ਕਰਨਾ ਹੈ, ਹਰੀ ਦਾ ਕੀਰਤਨ, ਹਰੀ ਦੀ ਕਥਾ ਤੇ ਹਰੀ ਦੀ ਵਿਚਾਰ ਉਨ੍ਹਾਂ ਤੋਂ ਸੁਣਨੀ ਹੈ ਅਤੇ ਉਨ੍ਹਾਂ ਦਾ ਆਦਰ ਹੇਠ ਲਿਖੇ ਗੁਰਵਾਕ ਅਨੁਸਾਰ ਕਰਨਾ ਹੈ -

***ਤੈ ਸਾਹਿਬ ਕੀ ਬਾਤ ਜਿ ਆਖੈ***
***ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ***
***ਵਿਣੁ ਸਿਰ ਸੇਵ ਕਰੀਜੈ॥ ਪੰਨਾ - ੫੫੮***

ਨਿੰਦਿਆ ਕਦੇ ਭੁੱਲ ਕੇ ਵੀ ਨਹੀਂ ਕਰਨੀ ਅਤੇ ਮਨਮੁਖਾਂ, ਬੇਮੁਖਾਂ, ਆਪ-ਹੁਦਰਿਆਂ, ਫਕੜਾਂ ਦੀ ਸੰਗਤ ਨਹੀਂ ਕਰਨੀ ਜਿਵੇਂ ਕਿ ਪ੍ਰੋੜਤਾ ਕੀਤੀ ਗਈ ਹੈ -

***ਕਬੀਰ ਸਾਕਤ ਸੰਗੁ ਨ ਕੀਜੀਐ***
***ਦੂਰਹਿ ਜਾਈਐ ਭਾਗਿ॥***
***ਬਾਸਨੁ ਕਾਰੋ ਪਰਸੀਐ***
***ਤਉ ਕਛੁ ਲਾਗੈ ਦਾਗੁ॥ ਪੰਨਾ - ੧੩੭੧***

ਚਾਰ ਗੱਲਾਂ ਦੀ ਖਾਸ ਤੌਰ ਤੇ ਤਾਕੀਦ ਕੀਤੀ ਗਈ। ੧. ਹੱਥਾਂ, ਪੈਰਾਂ ਨਾਲ ਚੋਰੀ ਨਹੀਂ ਕਰਨੀ। ੨. ਪਰਾਈਆਂ ਇਸਤਰੀਆਂ ਨਾਲ ਪਿਆਰ ਨਹੀਂ ਕਰਨਾ। ੩. ਕੰਨਾਂ ਨਾਲ ਨਿੰਦਿਆ ਨਹੀਂ ਸੁਣਨੀ ਅਤੇ ਜੀਭ ਨਾਲ ਨਿੰਦਿਆ ਨਹੀਂ ਕਰਨੀ। ੪. ਅੱਖਾਂ ਨਾਲ ਪਰਾਇਆ ਧਨ ਦੇਖ ਕੇ ਨਹੀਂ ਲੁਭਾਉਣਾ। ਆਪ ਜੀ ਨੇ ਅੰਮ੍ਰਿਤ ਛਕਣ ਤੋਂ ਬਾਦ ਭਾਈ ਸਾਹਿਬ ਭਾਈ ਜੋਧ ਸਿੰਘ ਜੀ ਦੀ ਅਤੁੱਟ ਸੇਵਾ ਕਰਨੀ ਸ਼ੁਰੂ ਕਰ ਦਿਤੀ ਜੋ ਪੂਰਨ ਗੁਰਸਿੱਖ ਰਹਿਤ ਮਰਿਆਦਾ ਵਾਲੇ ਸਨ। ਆਪ ਜੀ ਨੇ ਇਕ ਵਾਰੀ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮਹਾਂਪੁਰਸ਼ੋ! ਕ੍ਰਿਪਾ ਕਰਕੇ ਮੈਨੂੰ ਬੇਗਮਪੁਰਾ ਸ਼ਹਿਰ ਦੇ ਵਾਸੀ ਬਣਨ ਦੀ ਜੁਗਤ ਦੱਸ ਦੇਵੋ। ਬਾਬਾ ਜੀ, ਜੋ ਆਪ ਦੀ ਸੇਵਾ ਤੋਂ ਪਹਿਲਾਂ ਹੀ ਬਹੁਤ ਪ੍ਰਸੰਨ ਸਨ, ਨੇ ਸਮਝਾਇਆ ਕਿ ਗੁਰਮੰਤ੍ਰ ਦੇ ਆਸਰੇ ਹੀ ਪਉੜੀ-ਦਰ-ਪਉੜੀ ਸੁਰਤਿ, ਸ਼ਬਦ ਵਿਚ ਲਿਵਲੀਨ ਕਰੀਦੀ ਹੈ। ਸੁਰਤਿ, ਸ਼ਬਦ ਦੇ ਨਾਲ ਜੁੜ ਕੇ ਮੰਜ਼ਿਲ-ਦਰ-ਮੰਜ਼ਿਲ ਚੜ੍ਹਾਈ ਕਰਦੀ ਹੈ। ਚਾਰ ਤਰ੍ਹਾਂ ਨਾਲ ਨਾਮ ਜਪੀਦਾ ਹੈ - ਪਹਿਲਾਂ ਬੈਖਰੀ ਬਾਣੀ, ਰਸਨਾ ਦੁਆਰਾ; ਦੂਜਾ ਮਧਮਾ ਬਾਣੀ, ਜੀਭ ਦੀ ਟੀਸੀ ਹਿੱਲੇ, ਮੂੰਹ ਨਾ ਹਿੱਲਣਾ; ਤੀਸਰਾ ਪਸੰਤੀ ਬਾਣੀ ਸ੍ਵਾਸ ਦੁਆਰਾ - ਅੰਦਰ ਨੂੰ ਸ੍ਵਾਸ ਜਾਂਦਾ ਹੈ, ਅੱਧਾ ਹਿੱਸਾ ਗੁਰਮੰਤ੍ਰ ਦਾ ਅੰਦਰ ਲੈਣਾ ਹੈ ਅਤੇ ਅੱਧਾ ਹਿੱਸਾ ਸਾਹ ਨਾਲ ਬਾਹਰ ਕੱਢਣਾ ਹੈ। ਸ੍ਵਾਸ ਦੇ ਨਾਲ ਸੁਰਤਿ ਜਗਾ ਕੇ ਰਖਣੀ। ਸਭ ਤੋਂ ਜ਼ਰੂਰੀ ਗੱਲ ਜੋ ਉਨ੍ਹਾਂ ਨੇ ਦੱਸੀ ਕਿ ਵਾਹਿਗੁਰੂ ਜੀ ਹਰ ਥਾਂ, ਹਰ ਸਮੇਂ, ਹਰ ਘਟ ਵਿਚ ਪਰਿਪੂਰਨ ਹਨ। ਉਨ੍ਹਾਂ ਦਾ ਪ੍ਰਤੀਬਿੰਬ ਹਰ ਘਟ

ਵਿਚ ਇਸ ਤਰ੍ਹਾਂ ਪੈਂਦਾ ਹੈ ਜਿਵੇਂ ਕ੍ਰੋੜਾਂ ਪਾਣੀ ਦੇ ਭਰੇ ਬਰਤਨਾਂ ਵਿਚ ਸੂਰਜ ਤੇ ਚੰਦਰਮਾ ਦਾ ਪਰਛਾਵਾਂ ਹਰੇਕ ਵਿਚ ਪ੍ਰਤੀਬਿੰਬਤ ਹੁੰਦਾ ਹੈ। ਉਸਨੂੰ ਹਾਜ਼ਰ-ਨਾਜ਼ਰ ਜਾਣ ਕੇ



**ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀਮਰਦਾਨ**

ਪਿਆਰ ਕਰਨਾ ਹੈ। ਨਾਮ ਜਪਦੇ ਉਸ ਪ੍ਰਮ ਜੋਤ ਦਾ ਧਿਆਨ ਹਿਰਦੇ ਵਿਚ ਜਗਾਉਣਾ ਹੈ ਅਤੇ ਨਾਲ ਹੀ ***'ਗੁਰ ਕੀ ਮੂਰਤਿ ਮਨ ਮਹਿ ਧਿਆਨੁ'*** ਦੇ ਸਾਰੇ ਭੇਦ ਸਮਝਾ ਦਿਤੇ।

ਭਾਈ ਸਾਹਿਬ ਭਾਈ ਜੋਧ ਸਿੰਘ ਜੀ ਦਾ ਦੱਸਿਆ ਬੇਗਮਪੁਰੇ ਸ਼ਹਿਰ ਦਾ ਦਰਸ਼ਨ ਅਤੇ ਬਚਨ ਬਿਲਾਸਾਂ ਨੇ ਸੰਤ ਜੀ ਦੇ ਮਨ ਵਿਚ ਅਥਾਹ ਖਿੱਚ ਪੈਦਾ ਕਰ ਦਿਤੀ। ਉਸ ਵੇਲੇ ਆਪ ਜੀ ਦੀ ਉਮਰ ਪੂਰੇ ੨੨ ਸਾਲ ਦੀ ਸੀ। ਛੇ ਫੁੱਟ, ਗੋਰਾ ਸਡੌਲ ਸਰੀਰ, ਮਸ ਫੁੱਟ ਰਹੀ ਵਾਲਾ ਆਪ ਦਾ ਵਜੂਦ ਹਰ ਦੇਖਣ ਵਾਲੇ ਦੇ ਅੰਦਰ ਜਾਣੇ-ਅਣਜਾਣੇ ਖਿੱਚ ਪੈਦਾ ਕਰ ਦਿੰਦਾ ਸੀ। ਆਪ ਜੀ ਦੇ ਵੈਰਾਗ ਰੱਤੇ ਨੇਤਰ ਮੈਗਨੇਟ ਤੋਂ ਵੀ ਜ਼ਿਆਦਾ ਖਿੱਚ ਪਾਉਂਦੇ ਸਨ, ਦੇਖਦੇ ਸਾਰ ਧੂਹ ਪੈ ਜਾਂਦੀ ਸੀ। ਆਪ ਜੀ ਦੇ ਅੰਦਰ ਵੈਰਾਗ ਅਤੇ ਪ੍ਰੇਮ ਦਾ ਸਮੁੰਦਰ ਮਨ ਵਿਚੋਂ ਠਾਠਾਂ ਮਾਰ ਰਿਹਾ ਸੀ ਅਤੇ ਆਪ ਸਦਾ ਹੀ ਲੋਚਦੇ ਸਨ ਕਿ ਉਹ ਕਿਹੜਾ ਵੇਲਾ ਹੋਵੇ ਜਦੋਂ ਮੈਂ ਹਜ਼ੂਰ ਸਾਹਿਬ ਪਹੁੰਚ ਕੇ ਉਸ ਪਾਵਨ ਪਵਿੱਤਰ ਭੂਮੀ ਦੀ ਚਰਨ ਧੂੜ ਨਾਲ ਆਪਣਾ ਮਸਤਕ ਲਾਵਾਂ ਜਿਥੇ ਮੇਰੇ ਪਿਆਰੇ ਪ੍ਰੀਤਮ ਜੀ ਨੇ ਆਪਣਾ ਅੰਤਲਾ ਸਫਰ ਸਰੀਰਕ ਤੌਰ ਕੇ ਸਮਾਪਤ ਕੀਤਾ ਸੀ।

ਆਪ ਜੀ ਡੇਰਾ ਗਾਜ਼ੀ ਖਾਂ, ਉਸ ਵੇਲੇ ਦੇ ਸਰਹੱਦੀ ਸੂਬੇ ਤੋਂ ਹਜ਼ੂਰ ਸਾਹਿਬ ਨੂੰ ਪੈਦਲ ਚਲ ਪਏ ਅਤੇ ਸੱਜੇ ਤੇ ਖੱਬੇ ਪੈਰ ਨਾਲ ਗੁਰਮੰਤ੍ਰ ਦਾ ਜਾਪ ਜਪਦੇ, ਬਿਨਾਂ ਕਿਸੇ ਥਕੇਵੇਂ-ਅਕੇਵੇਂ ਤੋਂ ਸੌ-ਸੌ ਮੀਲ ਦਾ ਸਫਰ ਕਰ ਲੈਂਦੇ। ਆਪ ਫੁਰਮਾਇਆ ਕਰਦੇ ਸਨ ਕਿ ਜੇ ਸੁਰਤਿ ਪੈਰਾਂ ਦੀ ਚਾਲ ਨਾਲ ਜੋੜ ਕੇ ਸ਼ਬਦ ਦਾ ਜਾਪ ਕੀਤਾ ਜਾਵੇ ਤਾਂ ਸ਼ਬਦ ਐਨਰਜੀ ਦੇ ਵਿਚੋਂ ਐਨੀ ਸ਼ਕਤੀ ਆ ਜਾਂਦੀ ਹੈ ਕਿ ਸੌ ਕੋਹ ਨੱਸਿਆਂ ਵੀ ਆਦਮੀ ਥੱਕਦਾ ਨਹੀਂ। ਇਹੋ ਸ਼ਬਦ ਦੀ ਸ਼ਕਤੀ ਸੀ ਜਿਸਨੂੰ ਵਰਤ ਕੇ ਅਤਿ ਸੰਤਾਪ ਦੇ ਸਮੇਂ ਅਸਾਡੇ ਬਜ਼ੁਰਗ ਸੂਰਮੇ, ਜੰਗਾਂ ਜੁੱਧਾਂ ਦੇ ਵਿਚ ਆਪਣੇ ਜੌਹਰ ਦਿਖਾਉਂਦੇ ਰਹੇ। ਸ਼ਬਦ ਐਨਰਜੀ ਨੂੰ ਅੱਜ ਦੇ ਪੜ੍ਹੇ ਲਿਖੇ ਬੁਧੀਜੀਵੀ, ਪ੍ਰਚਾਰਕ, ਕੀਰਤਨੀਏ, ਕਥਾਕਾਰ, ਢਾਡੀ, ਰਾਗੀ ਬਿਲਕੁਲ ਹੀ ਭੁੱਲ ਚੁਕੇ ਹਨ। ਛੋਟਾ ਜਿਹਾ ਪ੍ਰੋਗਰਾਮ ਕਰਨ ਤੋਂ ਪਿਛੋਂ ਦਿਮਾਗ ਥੱਕ ਜਾਂਦੇ ਹਨ ਅਤੇ ਥੱਕੇ ਹੋਏ ਆਲ-ਮਾਲ ਹੋ ਜਾਂਦੇ ਹਨ ਪਰ ਪਹਿਲੇ ਮਹਾਂਪੁਰਸ਼ ਨਾਮ ਦੇ ਬਲ ਨਾਲ ਇਕੋ ਚੌਂਕੜੇ ਵਿਚ ਪੂਰਾ ਅਖੰਡਪਾਠ ਕਰ ਦਿਆ ਕਰਦੇ ਸਨ।

ਐਸੀ ਇਕ ਹਸਤੀ ਬਾਰੇ ਮੈਨੂੰ ਪਤਾ ਹੈ ਕਿ ਮਹਿਮਾ ਸਿੰਘ ਵਾਲੇ (ਜ਼ਿਲਾ ਲੁਧਿਆਣਾ) ਦੇ ਇਕ ਗੁਰਮੁਖ ਪਿਆਰੇ, ਜਿਨ੍ਹਾਂ ਦਾ ਨਾਮ ਬਾਬਾ ਕਿਸ਼ਨ ਸਿੰਘ ਜੀ ਲੋਹਗੜ੍ਹੀਆ ਸੀ, ਉਨ੍ਹਾਂ ਨੇ ਆਪਣੇ ਜੀਵਨ ਵਿਚ ਇਕ ਹਜ਼ਾਰ ਅਖੰਡਪਾਠ ਵਾਰੀ-ਵਾਰੀ ਇਕੋ ਚੌਂਕੜੇ ਵਿਚ ਕੀਤੇ ਸਨ। ਉਹ ੨੫ ਰੁਪਈਏ ਭੇਟਾ ਲਿਆ ਕਰਦੇ ਸਨ। ਉਨ੍ਹਾਂ ਨੇ ਭੈਣੀ ਸਾਹਿਬ ੨੫,੦੦੦ ਰੁਪਿਆ ਲੰਗਰ ਲਈ ਜਮ੍ਹਾਂ ਕਰਾਇਆ ਸੀ। ਉਨ੍ਹਾਂ ਦੀ ਅਵਸਥਾ ਇਥੇ ਤਕ ਉਚੀ ਹੋ ਗਈ ਸੀ ਕਿ ਇਕ ਕਦਮ ਚੁਕ ਕੇ ਸੈਂਕੜੇ ਮੀਲ ਤੇ ਦੂਜਾ ਕਦਮ ਰਖਦੇ ਸਨ। ਇਸੇ ਤਰ੍ਹਾਂ ਦੇ ਨਾਲ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਬਾਰੇ ਪ੍ਰਚਲਿਤ ਹੈ ਕਿ ਆਪ ਸ਼ਬਦ ਦੀ ਸਵਾਰੀ ਕਰਦੇ ਇਕੋ ਕਦਮ ਨਾਲ ੪੦-੫੦ ਮੀਲ ਦੂਰ ਚਲੇ ਜਾਇਆ ਕਰਦੇ ਸਨ।

ਇਕ ਹੋਰ ਮਹਾਤਮਾ ਕਪੂਰਥਲੇ ਨੇੜੇ, ਜਿਨ੍ਹਾਂ ਦਾ ਨਾਮ ਹਰਨਾਮ ਸਿੰਘ ਜੀ ਸੀ, ਉਹ ਵੀ ਸ਼ਬਦ ਦੀ ਸਵਾਰੀ ਕਰਿਆ ਕਰਦੇ ਸਨ।

ਭਾਈ ਪਾਰੋ ਜੀ ਗੁਰੂ ਅੰਗਦ ਸਾਹਿਬ ਵੇਲੇ ਹੋਏ ਹਨ। ਆਪ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਲਈ ਹਰ ਰੋਜ਼ ਜਾਇਆ ਕਰਦੇ ਸਨ। ਇਕ ਦਿਨ ਬਿਆਸਾ ਦਰਿਆ ਵਿਚ ਬਹੁਤ ਤੇਜ਼ ਹੜ੍ਹ ਆਇਆ ਹੋਇਆ ਸੀ ਤਾਂ ਆਪ ਹਰ ਰੋਜ਼ ਦੀ ਤਰ੍ਹਾਂ ਆਪਣੇ ਘੋੜੇ ਤੇ ਸਵਾਰ ਹੋਏ ਪਾਣੀ ਦੇ ਉਪਰੋਂ ਐਉਂ ਲੰਘ ਗਏ ਜਿਵੇਂ ਘੋੜਾ ਧਰਤੀ ਦੇ ਉਤੇ ਲੰਘਦਾ ਹੈ, ਘੋੜੇ ਦੇ ਖੁਰ ਵੀ ਪਾਣੀ ਵਿਚ ਨਹੀਂ ਭਿੱਜੇ ਸਨ। ਇਹ ਸਾਰਾ ਖੇਲ੍ਹ ਸ਼ਬਦ ਐਨਰਜੀ ਦੀ ਸੁਤਹ ਹੀ ਆਪ-ਮੁਹਾਰੀ ਵਰਤ ਰਹੀ ਸ਼ਕਤੀ ਹੋਇਆ ਕਰਦੀ ਹੈ।

ਸੋ ਸੰਤ, ਲੰਮਾ ਅਤੇ ਬਹੁਤ ਬਿਖੜਾ ਸਫਰ ਕਰਕੇ ਹਜ਼ੂਰ ਸਾਹਿਬ ਪਹੁੰਚ ਕੇ, ਜਿਸ ਥਾਂ ਤੇ ਆਪ ਨੇ ਬਹੁਤ ਹੀ ਕਠਿਨ ਤਪ ਕਰਨਾ ਸ਼ੁਰੂ ਕਰ ਦਿਤਾ; ਆਪ ਦੇ ਸਿਰ ਤੇ ਇਕ ਛੋਟੀ ਦਸਤਾਰ, ਤੇੜ ਕਛਹਿਰਾ, ਮੋਢੇ ਤੇ ਦੋ ਹੱਥ ਦਾ ਇਕ ਪਰਨਾ ਹੁੰਦਾ ਸੀ, ਦਿਨ ਰਾਤ ਸ਼ਬਦ ਦੇ ਅਭਿਆਸ ਵਿਚ ਲਗੇ ਰਹਿੰਦੇ ਸਨ, ਇਸ ਥਾਂ ਉਪਰ ਆਪ ਜੀ ਨੇ ਪਹਿਲਾਂ ਇਕ ਮਹੀਨਾ ਗੁਪਤ ਰਹਿ ਕੇ ਹੋਰ ਤਪ ਸ਼ੁਰੂ ਕਰ ਦਿਤਾ। ਫੇਰ ਆਪ ਜੀ ਨੇ ਨਗੀਨਾ ਘਾਟ ਤੇ ਰਹਿ ਕੇ ਇਕ ਸਾਲ ਸੱਤ ਮਹੀਨੇ ਅੱਠੇ ਪਹਿਰ, ਚੌਂਸਠ ਘੜੀ ਨਾਮ ਬਾਣੀ ਦਾ ਅਭਿਆਸ ਕਰਦਿਆਂ ਲੰਘਾ ਦਿਤੇ। ਆਪ ਡੇਢ-ਡੇਢ ਫੁੱਟ ਜਲ ਵਿਚ ਸੁਭਾਵਿਕ ਹੀ ਬੈਠ ਜਾਇਆ ਕਰਦੇ ਸਨ। ਕਈ-ਕਈ ਦਿਨ ਲੰਘ ਜਾਣੇ, ਗੁਰੂ ਦਸ਼ਮੇਸ਼ ਪਿਤਾ ਜੀ ਨੇ ਆਪਣੇ ਸਿੰਘਾਂ ਨੂੰ ਪ੍ਰੇਰ ਕੇ ਪ੍ਰਸ਼ਾਦਾ ਪਹੁੰਚਾ ਦਿਆ ਕਰਨਾ। ਇਸ ਕਿਸਮ ਦੀਆਂ ਹਜ਼ੂਰ ਸਾਹਿਬ ਬਹੁਤ ਸਾਖੀਆਂ ਹੋਈਆਂ।

ਇਕ ਵਾਰੀ ਬੰਦਗੀ ਕਰਦਿਆਂ-ਕਰਦਿਆਂ ਐਸਾ ਫੁਰਨਾ ਆਇਆ ਕਿ ਭਜਨ ਕਰਦਿਆਂ ਪਾਣੀ ਵਿਚ ਹੀ ਸਰੀਰ ਛੱਡ ਦੇਣਾ ਹੈ ਪਰ ਜਦੋਂ ਪਾਣੀ ਵਧਿਆ ਤਾਂ ਕਿਸੇ ਅਛੋਪਲੇ ਹੱਥ ਨੇ ਚੁਕ ਕੇ ਪਾਣੀ ਵਿਚੋਂ ਬਾਹਰ ਕੱਢ ਦਿਤਾ ਅਤੇ ਨਾਲ ਹੀ ਆਵਾਜ਼ ਆਈ ਕਿ ਸਿੱਖਾ! ਤੇਰੇ ਸਰੀਰ ਤੋਂ ਅਸੀਂ ਬਹੁਤ ਕੰਮ ਲੈਣੇ ਹਨ, ਤੂੰ ਪੰਜਾਬ ਜਾ ਕੇ ਸਿੱਖਾਂ ਵਿਚ ਅੰਮ੍ਰਿਤ ਦੀ ਦਾਤ ਵੰਡਣੀ ਹੈ। ਸੰਤ ਜੀ ਮਹਾਰਾਜ ਦਾ ਨਿਤਨੇਮ ਚੌਦਾਂ ਘੰਟੇ ਹਰ ਰੋਜ਼ ਦਾ ਸੀ। ਆਪ ਜੀ ਨੇ ਹਜ਼ੂਰ ਸਾਹਿਬ ਇਕ ਲੱਖ ੨੫ ਹਜ਼ਾਰ 'ਜਪੁਜੀ ਸਾਹਿਬ' ਦਾ ਪਾਠ ਕੀਤਾ। ੧੭੨ ਪਾਠ ਹਰ ਰੋਜ਼ ਕਰਿਆ ਕਰਦੇ ਸਨ। ਹਜ਼ੂਰ ਸਾਹਿਬ ਤੋਂ ਆਪ ਨੇ ਵਾਪਸ ਪੰਜਾਬ ਵਲ ਨੂੰ ਮੋੜੇ ਪਾਏ। ਪੈਦਲ ਹੀ ਚਲੇ ਆ ਰਹੇ ਸਨ, ਆਪ ਜੀ ਦੇ ਨਾਲ ਭਾਈ ਭਗਤ ਸਿੰਘ ਜੀ, ਜੋ ਆਪ ਦੇ ਪ੍ਰੇਮ ਕਰਕੇ ਆਪ ਦੇ ਨਾਲ ਹੀ ਰਹਿੰਦੇ ਸਨ, ਉਹ ਭੀ ਆ ਰਹੇ ਸਨ। ਇਕ ਦਿਨ ਘਣੇ ਜੰਗਲਾਂ ਵਿਚੋਂ ਲੰਘ ਰਹੇ ਸਨ ਤਾਂ ਭਗਤ ਸਿੰਘ ਨੇ ਦੇਖਿਆ ਕਿ ਸਾਮ੍ਹਣੇ ਸੜਕ ਤੇ ਇਕ ਸ਼ੇਰ ਖੜ੍ਹਾ ਹੈ। ਸੰਤ ਜੀ ਅੱਗੇ ਤੁਰੇ ਜਾ ਰਹੇ ਸਨ। ਭਗਤ ਸਿੰਘ ਰੁਕ ਗਿਆ, ਉਸ ਨੇ ਦੇਖਿਆ ਕਿ ਸੰਤ ਜੀ ਸ਼ੇਰ ਦੇ ਬਿਲਕੁਲ ਨੇੜੇ ਜਾ ਚੁਕੇ ਹਨ। ਸ਼ੇਰ ਨੇ ਉਨ੍ਹਾਂ ਨੂੰ ਸੁੰਘਿਆ, ਪੂੰਛ ਹਿਲਾਈ ਅਤੇ ਜੰਗਲ ਵਿਚ ਛਾਲ ਮਾਰ ਕੇ ਅਲੋਪ ਹੋ ਗਿਆ। ਜਦੋਂ ਭਗਤ ਸਿੰਘ ਜੀ ਨੇ ਇਸ ਘਟਨਾ ਬਾਰੇ ਜ਼ਿਕਰ ਕੀਤਾ ਤਾਂ ਆਪ ਨੇ ਕਿਹਾ ਕਿ ਭਗਤ ਸਿੰਘਾ! ਅੱਜ ਅੰਤਰਜਾਮੀ ਦਰਸ਼ਨ ਦੇਣ ਆਏ ਸਨ। ਭਗਤ ਸਿੰਘਾ! ਹੁਣ ਇਨ੍ਹਾਂ ਅੱਖਾਂ ਨੂੰ ਸ਼ੇਰ ਦਿਖਣ ਤੋਂ ਹਟ ਗਿਆ ਹੈ; ਜੇ ਕੁਝ ਦਿਸਦਾ ਹੈ ਤਾਂ ਕੇਵਲ ਗੁਰੂ ਨਾਨਕ ਹੀ ਨਜ਼ਰ ਆਉਂਦਾ ਹੈ।

ਸੋ ਐਸੀ ਅਵਸਥਾ ਵਿਚ ਆਪ ਵੈਰਾਗ ਦੀ ਰੰਗਣ ਵਿਚ ਰੰਗੇ ਹੋਏ ਰਿਸ਼ੀਕੇਸ਼ ਇਕ ਚਸ਼ਮੇ ਦੇ ਕਿਨਾਰੇ, ਜਿਥੇ ਰਾਤ ਦੇ ਸਮੇਂ ਸ਼ੇਰ, ਚੀਤੇ, ਜੰਗਲੀ ਜਾਨਵਰ ਆਦਿ ਪਾਣੀ ਪੀਣ ਆਇਆ ਕਰਦੇ ਸਨ, ਬੈਠ ਗਏ। ਇਸ ਥਾਂ ਵੀ ਇਕ ਸਾਲ ਘੋਰ ਤਪ ਕਰਦੇ ਰਹੇ। ਆਪ ਜੀ ਦੇ ਜੀਵਨ ਵਿਚ 'ਭਾਰੀ ਕਰੀ ਤਪਸਿਆ' ਦੇ ਪ੍ਰੇਰਨਾਦਾਇਕ ਵੇਰਵੇ ਹਨ ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਜਗਿਆਸੂ ਦੇ ਮਨ ਵਿਚ ਨਾਮ ਜਪਣ ਦਾ ਉਤਸ਼ਾਹ ਜਾਗਦਾ ਹੈ ਅਤੇ ਇਕ ਪਛਤਾਵਾ ਵੀ ਪੈਦਾ ਹੁੰਦਾ ਹੈ ਕਿ ਅਸਾਡੇ ਜੀਵਨ ਐਵੇਂ ਹੀ ਲੰਘ ਗਏ, ਮਾਨਸ ਜੀਵਨ ਤੋਂ ਲਾਭ ਨਹੀਂ ਉਠਾ ਸਕੇ।

ਆਪ ਜੀ ਨੇ ਫੌਜ ਵਿਚੋਂ ਆਪਣਾ ਨਾਮ ਕਟਾ ਲਿਆ ਅਤੇ ਸੁਤੰਤਰ ਹੋ ਕੇ ਆਪ ਜੀ ਰਾਵਲਪਿੰਡੀ ਵਲ ਨੂੰ ਚਲੇ ਗਏ। ਕਲਰ-ਚੂਹਾ ਖਾਲਸਾ ਪਹੁੰਚ ਕੇ ਆਪ ਨੇ ਇਕ ਪਲ੍ਹਾਈਆਂ ਦੀ ਬਣੀ ਝੁੰਗੀ ਦੇਖੀ ਜਿਥੇ ਬੈਠ ਕੇ ਆਪ ਨੇ ਤਪ ਅਰੰਭਿਆ ਅਤੇ ਇਸੇ ਥਾਂ ਮਾਈ ਭਾਗ ਭਰੀ ਤੇ ਭਾਈ ਵਜ਼ੀਰ ਸਿੰਘ ਜੀ ਆਪ ਦੀ ਸੇਵਾ ਵਿਚ ਜੁਟ ਗਏ। ਆਪ ਜੀ ਨੇ ਇਨ੍ਹਾਂ ਪਲ੍ਹਾਈਆਂ ਵਿਚ ਬਹੁਤ ਘੋਰ ਤਪ ਕੀਤਾ। ਬਹੁਤ ਹੀ ਅਲੌਕਿਕ ਪ੍ਰਸੰਗ ਇਸ ਥਾਂ ਦੇ ਉਤੇ ਹੋਏ। ਪਹਿਲੀ ਵਾਰੀ ਆਪ ੪੧ ਦਿਨ ਨਿਰ-ਅਹਾਰ ਰਹਿ ਕੇ ਸਮਾਧੀ ਸਥਿਤ ਰਹੇ, ਫੇਰ ਦੂਜੀ ਵਾਰੀ ਛੇ ਮਹੀਨੇ ਅਤੇ ਤੀਸਰੀ ਵਾਰੀ ਇਕ ਸਾਲ ਇਕਾਂਤ ਨਿਵਾਸ ਕਰਕੇ ਪਰਮ ਜੋਤ ਵਾਹਿਗੁਰੂ ਜੀ ਨੂੰ ਸ਼ਾਖਸ਼ਾਤ ਕਰਕੇ ਉਨ੍ਹਾਂ ਦਾ ਰੂਪ ਹੀ ਬਣ ਗਏ। ਬਹੁਤ ਸਖਤ ਜੱਦੋ-ਜਹਿਦ ਤੇ ਵੈਰਾਗ ਭਰੀ ਅਵਸਥਾ ਦੇ ਨਾਲ ਆਪ ਜੀ ਦੋਇ ਤੋਂ ਇਕ ਰੂਪ ਹੋ ਗਏ। ਰਿੱਧੀਆਂ-ਸਿੱਧੀਆਂ ਦੀਆਂ ਸ਼ਕਤੀਆਂ ਹੱਥ ਬੰਨ੍ਹੀਂ ਆਪ ਦੇ ਪਿਛੇ ਸੇਵਾ ਲਈ ਬੇਨਤੀਆਂ ਕਰ ਰਹੀਆਂ ਸਨ ਪਰ ਆਪ ਜੀ ਉਨ੍ਹਾਂ ਵਲ ਅੱਖ ਚੁਕ ਕੇ ਵੀ ਨਹੀਂ ਸੀ ਦੇਖਦੇ। ਇਸ ਤਰ੍ਹਾਂ ਦੇ ਨਾਲ ਘੋਰ ਤਪੱਸਿਆ ਕਰਕੇ ਵਾਹਿਗੁਰੂ ਜੀ ਨਾਲ ਬਣ ਆਈ। ਫਿਰ ਆਪ ਨੂੰ ਹੁਕਮ ਹੋਇਆ ਕਿ ਨਾਮ ਦਾ ਪਿਆਲਾ ਜੋ ਗੁਰੂ ਨਾਨਕ ਪਾਤਸ਼ਾਹ ਧੁਰ ਦਰਗਾਹ ਤੋਂ ਲੈ ਕੇ ਆਏ ਹੋਏ ਸਨ, ਨੂੰ ਅੰਧਕਾਰ ਵਿਚ ਖਪਦੀ ਜਨਤਾ ਵਿਚ ਵੰਡੋ। ਆਪ ਜੀ ਦਾ ਜੀਵਨ ਵਿਸਥਾਰ ਬਹੁਤ ਉਤਮ ਅਤੇ ਪ੍ਰੇਰਨਾਦਾਇਕ ਹੈ। ਅੱਜ ਵੀ ਇਨ੍ਹਾਂ ਦਾ ਨਾਮ ਲੈ ਕੇ ਜਗਿਆਸੂਆਂ ਦੇ ਅੰਦਰ ਵਾਹਿਗੁਰੂ ਦਾ ਪਿਆਰ ਠਾਠਾਂ ਮਾਰਨ ਲਗ ਜਾਂਦਾ ਹੈ। ਆਪ ਜੀ ਨੇ ਜੋ ਗੁਰਸਿੱਖੀ ਦੀ ਸੇਵਾ ਆਪਣੇ ਜੀਵਨ ਵਿਚ ਨਿਭਾਈ, ਉਹ ਬਹੁਤ ਹੀ ਮਹੱਤਵਪੂਰਨ ਅਤੇ ਨਾ ਭੁੱਲਣ ਵਾਲੀ ਹੈ। ਹਰ ਪੱਖ ਤੋਂ ਆਪ ਜੀ ਪੂਰਨ ਸਨ। ਰਾਜੇ, ਮਹਾਰਾਜੇ ਆਪ ਦੀ

ਦਹਿਲੀਜ਼ ਤੇ ਮਸਤਕ ਨਿਵਾਉਂਦੇ ਸਨ ਆਪ ਜੀ ਨੇ ਉਨ੍ਹਾਂ ਨੂੰ ਵੀ ਸੁਮੱਤ ਦਿਤੀ, ਅੰਮ੍ਰਿਤ ਛਕਾਏ ਅਤੇ ਪਤਿਤ ਜੀਵਨ ਵਿਚੋਂ ਕੱਢ ਕੇ ਗੁਰੂ ਦੇ ਲੜ ਲਾਏ। ਵਿਦਿਅਕ ਖੇਤਰ ਵਿਚ ਆਪ ਜੀ ਨੇ ਸ੍ਰੀ ਮਸਤੂਆਣੇ ਜੀ ਦਾ ਮਸ਼ਹੂਰ ਕਾਲਜ ਸਥਾਪਤ ਕੀਤਾ। ਦਮਦਮਾ ਸਾਹਿਬ ਪੰਜਵੇਂ ਤਖਤ ਦੀ ਆਪ ਜੀ ਨੇ ਭਰਪੂਰ ਸੇਵਾ ਕੀਤੀ ਅਤੇ ਪੰਜਾਬ ਦਾ ਕੋਈ ਪਿੰਡ ਹੀ ਬਚਿਆ ਹੋਣਾ ਹੈ ਜਿਥੇ ਆਪ ਜੀ ਦੇ ਚਰਨ ਨਾ ਪਏ ਹੋਣ। ਸਿੱਖੀ ਘੂਕ ਨੀਂਦ ਸੌਂ ਗਈ ਸੀ, ਆਪ ਜੀ ਨੇ ਅੰਮ੍ਰਿਤ ਦੇ ਛਿੱਟੇ ਦੇ ਕੇ ਜਗਾਈ। ਆਪ ਜੀ ਦੇ ਜੀਵਨ ਨਾਲ ਸਬੰਧ ਰੱਖਣ ਵਾਲੀਆਂ ਅਣਗਿਣਤ ਸਾਖੀਆਂ ਹਨ ਜਿਸ ਦਾ ਜ਼ਿਕਰ ਇਸ ਛੋਟੇ ਲੇਖ ਵਿਚ ਨਹੀਂ ਕੀਤਾ ਜਾ ਸਕਦਾ। ਸਮੁੱਚੀ ਵਿਚਾਰ ਇਸ ਤਰ੍ਹਾਂ ਹੈ ਕਿ ਆਪ ਜੀ ਨੂੰ ਧੁਰ ਦਰਗਾਹ ਤੋਂ ਥਾਪ ਕੇ ਭੇਜਿਆ ਗਿਆ। ਆਪ ਜੀ ਨੇ ਆਪਣਾ ਕਾਰਜ, ਨਿਪੁੰਨਤਾ ਸਹਿਤ ਸਿਰੇ ਚਾੜ੍ਹਿਆ ਅਤੇ ਸਿੱਖ ਇਤਿਹਾਸ ਵਿਚ ਆਪ ਜੀ ਇਕ ਅਭੁੱਲ ਯਾਦ ਛੱਡ ਗਏ ਜੋ ਸਮਾਂ ਲੰਘਣ ਦੇ ਨਾਲ ਘਟਣ ਦੀ ਥਾਂ ਵਧਦੀ ਹੀ ਜਾਂਦੀ ਹੈ। ਆਪ ਜੀ ਦਾ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨਾਲ ਅਥਾਹ ਪਿਆਰ ਸੀ।

ਸੰਸਾਰ ਤੋਂ ਜਾਣ ਸਮੇਂ ਦੋਨੋਂ ਮਹਾਂਪੁਰਸ਼ ਕੁਝ ਦਿਨਾਂ ਦੇ ਫਰਕ ਨਾਲ ਆਪਣਾ ਪੰਜ ਭੂਤਕ ਸਰੀਰ ੧੯੨੭ ਵਿਚ ੯ ਮਾਘ ਅਤੇ ੧੯ ਮਾਘ ਵਾਲੇ ਦਿਨ ਛੱਡ ਕੇ ਪਰਮ ਜੋਤ ਵਿਚ ਲੀਨ ਹੋ ਗਏ ਜਿਵੇਂ ਕਿ ਫੁਰਮਾਨ ਹੈ –

***ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ।।***
***ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ।।***

***ਪੰਨਾ – ੮੪੬***

***ਜਿਉ ਜਲ ਮਹਿ ਜਲੁ ਆਇ ਖਟਾਨਾ।।***
***ਤਿਉ ਜੋਤੀ ਸੰਗਿ ਜੋਤਿ ਸਮਾਨਾ।।***
***ਮਿਟਿ ਗਏ ਗਵਨ ਪਾਏ ਬਿਸ੍ਰਾਮੁ।।***
***ਨਾਨਕ ਪ੍ਰਭ ਕੈ ਸਦ ਕੁਰਬਾਨ।। ਪੰਨਾ – ੨੭੮***

ਉਨ੍ਹਾਂ ਦੀ ਅਭੁੱਲ ਯਾਦ, ਸਮਾਂ ਲੰਘਣ ਨਾਲ ਘਟਣ ਦੀ ਥਾਂ ਵਧਦੀ ਹੀ ਜਾਂਦੀ ਹੈ, ਵਾਹਿਗੁਰੂ ਜੀ ਸਾਨੂੰ ਵੀ ਸੁਮੱਤ ਦੇਣ ਕਿ ਅਸੀਂ ਮਹਾਂਪੁਰਖਾਂ ਦੇ ਪਾਏ ਹੋਏ ਪੂਰਨਿਆਂ ਤੇ ਚਲ ਕੇ ਵਾਹਿਗੁਰੂ ਜੀ ਦੇ ਸੰਸਾਰ ਦੀ ਕੁਝ ਸੇਵਾ ਕਰ ਜਾਈਏ।

(ਪੰਨਾ 19 ਦਾ ਬਾਕੀ)

ਮੈਂ ਇਥੇ ਹੀ ਹਿਸਾਬ ਕਰਨਾ ਚਾਹੁੰਦਾ ਹਾਂ, ਸੋ ਸੰਭਾਲ। ਉਹ ਲੈਂਦਾ ਨਹੀਂ, ਉਹ ਕਹਿਣ ਲੱਗਿਆ ਕਿ ਭਾਈ ਮੇਹਰੂ ਹੁਣ ਤਾਂ ਬੇਗਾਨੀਆਂ ਹੋ ਚੁੱਕੀਆਂ, ਚਾਰਾ ਖਾਧਾ ਹੈ ਇਨ੍ਹਾਂ ਨੇ, ਤੁਸੀਂ ਸੰਭਾਲੀਆਂ ਨੇ। ਮੈਂ ਨਹੀਂ ਲੈਂਦਾ।

ਪਿੰਡ ਇਕੱਠਾ ਹੋ ਗਿਆ, ਸਾਰਿਆਂ ਨੇ ਵਿਚਾਰ ਕਰੀ ਕਹਿਣ ਲੱਗੇ ਭਾਈ ਜਿੱਥੋਂ ਭਾਈ ਮੇਹਰੂ ਬਦਲ ਗਿਆ, ਐਹੋ ਡਾਕੂ ਇਲਾਕੇ ਦਾ, ਐਹੋ ਜਿਹਾ ਮਾੜਾ ਬੰਦਾ, ਇਹ ਅੱਜ ਸਾਧੂ ਸੰਤ ਬਣਿਆ ਹੋਇਆ ਹੈ, ਕਿਉਂ ਨਾ ਆਪਾਂ ਇਹਦੇ ਨਾਲ ਚੱਲ ਕੇ ਬੇਨਤੀ ਕਰੀਏ ਉਸ ਗੁਰੂ ਕੋਲ ਕਿ ਸਾਨੂੰ ਵੀ ਐਹੋ ਜਿਹਾ ਹੀ ਬਣਾ ਦੇਵੇ। ਸੋ ਸਮਾਗਮ ਆ ਗਿਆ, ਆਪਣੇ ਪਿੰਡ ਦੇ ਬੰਦੇ ਵੀ, ਨਾਲ ਦੇ ਪਿੰਡਾਂ ਦੇ ਬੰਦੇ, ਇਕ ਬੜਾ ਭਾਰਾ ਸੰਗ ਇਕੱਠਾ ਕਰਕੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਭੇਟ ਕਰ ਦਿਤਾ ਕਿ ਸੱਚੇ ਪਾਤਸ਼ਾਹ! ਤੇਰੀ ਸੰਗਤ ਹੈ, ਤੂੰ ਇਹਦੇ ਉਤੇ ਆਪਣੇ ਦਸਤ-ਏ-ਮੁਬਾਰਕ ਰੱਖ। ਸਾਡੇ ਪਾਪਾਂ ਦਾ ਧਿਆਨ ਨਾ ਕਰ। ਸਾਡੇ ਪਾਪ ਬਹੁਤ ਨੇ। ਆਪ ਆਪਣੇ ਕ੍ਰਿਪਾ ਤੇ ਬਖਸ਼ਿੰਦ ਦੇ ਬਿਰਦ ਨੂੰ ਪਾਲ ਕੇ ਇਨ੍ਹਾਂ ਤੇ ਵੀ ਕ੍ਰਿਪਾ ਕਰੋ। ਸੋ –

***ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥***

***ਅੰਗ – ੬੦੮***

ਆਪ ਵੀ ਉਧਰਦਾ ਹੈ ਤੇ ਸੰਸਾਰ ਨੂੰ ਵੀ ਉਧਾਰ ਦਿੰਦਾ ਹੈ। ਐਸੇ ਪੁਰਸ਼ਾਂ ਨੂੰ ਮਹਾਰਾਜ ਕਹਿੰਦੇ ਨੇ –

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥***

***ਅੰਗ – ੩੦੬***

ਸੋ ਸੰਗਤ ਤੇ ਕੁਸੰਗਤ ਦਾ ਫਰਕ ਮੈਂ ਦੱਸਿਆ ਹੈ ਕਿ ਸਾਧੂਆਂ ਦੀ ਸੰਗਤ ਥੋੜ੍ਹੀ ਜਿਹੀ ਕੀਤੀ ਹੋਈ ਵੀ ਪਾਰ ਉਤਾਰਾ ਕਰ ਦਿੰਦੀ ਹੈ। ਮਾੜਿਆਂ ਦੀ ਕੁਸੰਗਤ ਕੀਤੇ ਹੋਏ ਪੁੰਨਾਂ ਨੂੰ ਨਾਸ਼ ਕਰ ਦਿੰਦੀ ਹੈ। ਸੋ ਕੁਸੰਗ ਤੋਂ ਬਚੋ, ਸੰਗਤ ਵਿਚ ਆਓ। ਹੌਲੀ-ਹੌਲੀ ਸੰਗ ਦਾ ਰੰਗ ਲਗਦਾ-ਲਗਦਾ ਇਕ ਦਿਨ ਪੂਰਾ ਹੀ ਲੱਗ ਜਾਇਆ ਕਰਦਾ ਹੈ, ਕੁਸੰਗ ਦਾ ਜੋ ਅਸਰ ਬੇਅੰਤ ਪਾਪ ਸਾਡੇ ਅੰਦਰ ਲੁਕੇ ਪਏ ਨੇ, ਛੁਪੇ ਪਏ ਨੇ, ਹੌਲੀ ਹੌਲੀ ਲਹਿ ਜਾਂਦੇ ਨੇ। ਸੋ ਇਹ ਮਹਾਰਾਜ ਦੀ ਮਿਹਰ ਹੈ।

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ ਦਸੰਬਰ ਅੰਕ, ਪੰਨਾ-52)*

ਡਯੂਸੋਜ਼ਾ - ਜਗਤ ਮਿੱਠਾ ਹੈ, ਸਰੀਰ ਪਿਆਰਾ ਹੈ, ਇੰਦ੍ਰਿਆਂ ਦੇ ਰਸ ਲੁਭਾਉਂਦੇ ਹਨ, ਤੁਸਾਨੂੰ ਕਿਵੇਂ ਇਹ ਲਗਨ ਲਗ ਪਈ ਕਿ ਮੈਂ ਇਨ੍ਹਾਂ ਤੋਂ ਮੂੰਹ ਮੋੜਾਂ ਤੇ ਏਕਾਂਤ ਰਹਾਂ?

ਸੰਤ - ਇਹ ਆਪਣੇ ਵਸ ਦੀ ਗੱਲ ਨਹੀਂ। ਆਪਣੇ ਦੁਖ, ਜਗਤ ਦੇ ਦੁਖ ਦੇਖ ਕੇ ਕਿਸੇ ਕਿਸੇ ਨੂੰ ਸੁਤੇ ਹੀ ਉਦਾਸੀ ਆ ਘੇਰਦੀ ਹੈ। ਸਰੀਰ ਦੇ ਭੋਗ ਤੇ ਜਗਤ ਤੋਂ ਮਿਲਣ ਵਾਲੇ ਰਸ ਚੰਗੇ ਨਹੀਂ ਲੱਗਦੇ। ਕਿਉਂਕਿ ਉਹ ਆਪਣੇ ਨਾਲ ਨਾਲ ਦੁਖ ਲਈ ਰੱਖਦੇ ਹਨ। ਯਾ ਕਿਸੇ ਨੂੰ ਕੋਈ ਸਤਿਸੰਗ ਹੋ ਜਾਂਦਾ ਹੈ ਤਾਂ ਜਗਤ ਤੋਂ ਉਦਾਸੀ ਹੋ ਆਉਂਦੀ ਹੈ। ਇਸ ਉਦਾਸੀ ਨੂੰ ਅਸੀਂ ਵੈਰਾਗ ਕਹਿੰਦੇ ਹਾਂ। ਇਹ ਵੈਰਾਗ ਸਤਿਸੰਗ ਨਾਲ ਤੇ ਵੀਚਾਰ ਨਾਲ ਵਧਦਾ ਹੈ ਤੇ ਦ੍ਰਿੜ੍ਹ ਹੁੰਦਾ ਹੈ। ਜਦ ਤਕ ਇਹ ਵੈਰਾਗ ਪਰਪੱਕ ਨਾ ਹੋ ਜਾਵੇ ਕਿਸੇ ਨੂੰ ਸਾਡੇ ਵਾਲਾ ਜੀਵਨ ਧਾਰਨ ਨਹੀਂ ਕਰਨਾ ਚਾਹੀਦਾ। ਨਹੀਂ ਤਾਂ ਤਿਆਗ ਕਰਕੇ ਫੇਰ ਫਸਦਾ ਹੈ, ਤੇ ਉਹ ਫਸਣਾ ਵਧੇਰਾ ਗਿਰਾਉ ਹੁੰਦਾ ਹੈ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਜਗਤ ਵਿਚੇ ਰਹਿ ਕੇ ਰੱਬ ਜੀ ਦਾ ਰੱਗ ਸਿਖਾਇਆ ਕਿ ਇਸ ਰੱਬੀ ਪ੍ਰੇਮ ਨਾਲ ਜਗਤ ਨਾਲ ਸੁਤੇ ਵੈਰਾਗ ਦਾ ਭਾਵ ਅੰਦਰ ਆ ਟਿਕੇਗਾ ਤੇ ਜੀਵ ਭਾਈਚਾਰੇ ਵਿਚ ਵਸਦਾ ਹੋਇਆ ਤਾਰੂ ਵਾਂਗੂੰ ਤਰਦਾ ਰਹੇਗਾ। ਮੋਹ ਮਾਇਆ ਵਿਚ ਬੱਧਿਆਂ ਵਾਂਗੂੰ ਡੁਬੇਗਾ ਨਹੀਂ। ਇਹੋ ਗੁਰੂ ਜੀ ਦਾ ਮਾਰਗ ਸੀ ਜਿਸਨੂੰ ਮੈਂ ਦੱਸਿਆ ਸੀ ਕਿ ਅਸੀਂ ਪ੍ਰਵਾਣ ਗ੍ਰਿਹਸਤ ਉਦਾਸ ਆਖਦੇ ਹਾਂ। ਪਰ ਕਈ ਜੀਵਾਂ ਵਿਚ ਸੁਤੇ ਵੈਰਾਗ ਵਧੇਰੇ ਹੁੰਦਾ ਹੈ ਤੇ ਕਈ ਕਾਰਨਾਂ ਕਰਕੇ ਮੱਚ ਖਲੋਂਦਾ ਹੈ, ਉਨ੍ਹਾਂ ਲਈ ਵੀ ਸਾਡੇ ਧਰਮ ਵਿਚ ਬੰਦਸ਼ ਨਹੀਂ, ਸਾਡੀ ਗੁਰੂ ਰੂਪ ਧਰਮ ਪੁਸਤਕ ਵਿਚ ਲਿਖਿਆ ਹੈ - 'ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥ ਬੈਰਾਗੀ ਬੰਧਨੁ ਕਰੈ ਤਾਕੋ ਬਡੋ ਅਭਾਗੁ॥ ਜੋ ਸੁਤੇ ਵੈਰਾਗੀ ਪੁਰਖ ਵੈਰਾਗਵਾਨ ਹੋ ਕੇ ਜਗਤ ਦਾ ਤਿਆਗ ਕਰਕੇ ਬਿਹੰਗ ਵਾਂਗੂੰ ਸੁਤੰਤਰ ਹੋ ਜਾਏ, ਉਸਦਾ ਫਿਰ ਧਰਮ ਹੈ ਸਾਂਈਂ ਦੇ ਆਸਰੇ ਰਹਿਣਾ ਤੇ ਜਗਤ ਨੂੰ ਸੰਵਾਰਨਾ। ਸੋ ਜਦੋਂ ਵੈਰਾਗਵਾਨ ਹੋ ਕੇ ਕੁਛ ਸਮਾਂ ਏਕਾਂਤ ਵਿਚ ਆਪਾ ਨਿਵਾਰ ਤੇ ਸੁਆਰ ਕੇ ਮੁੜ ਜਗਤ ਵਿਚ ਜਾਈਦਾ ਹੈ ਤਾਂ ਇਹ ਵੈਰਾਗ, ਜਿਸ ਨੇ ਜਗਤ ਤੋਂ ਉਪਰਾਮ ਕੀਤਾ ਹੈ, ਅੰਦਰਲੇ ਪਹਿਰੂਏ ਦੀ ਤਰ੍ਹਾਂ ਨਾਲ ਜਾਂਦਾ ਤੇ ਅਣਜਾਣੇ ਕੰਮ ਕਰਦਾ ਰਹਿੰਦਾ ਹੈ। ਜਦੋਂ ਕੋਈ ਪਰਤਾਵਾ ਆਉਂਦਾ ਹੈ, ਕੋਈ ਲੁਭਾਇਮਾਨਤਾ ਪੇਸ਼ ਹੁੰਦੀ ਹੈ ਤਾਂ ਵੀਚਾਰ ਤਾਂ ਪਿਛੋਂ ਕੰਮ ਕਰਦੀ ਹੈ, ਪਹਿਲੋਂ ਅੰਦਰ ਵਸਦਾ ਸੁਤੇ ਵੈਰਾਗ ਉਸ ਪਾਸੇ ਵਲੋਂ ਸੂਗ ਕਹੋ, ਉਦਾਸੀ ਕਹੋ, ਇਕ ਪ੍ਰਕਾਰ ਦਾ, ਪਰ੍ਹੇ ਹਟਣ ਦਾ ਧੱਕਾ ਅੰਦਰੋਂ ਹੀ ਲਾ ਦਿੰਦਾ ਹੈ। ਸੋਚ ਵਿਚਾਰ ਤਾਂ ਪਿਛੋਂ ਫੁਰਦੀ ਹੈ ਕਿ ਅਸੀਂ ਵੈਰਾਗਵਾਨ ਹਾਂ, ਇਹ ਜੋ ਲੁਭਾਇਮਾਨਤਾ ਆਈ ਹੈ ਇਸ ਵਿਚ ਰਾਗ ਕਰਨਾ ਸਾਡਾ ਧਰਮ ਨਹੀਂ। ਇਹ ਛਿਨ ਭੰਗਰ ਹੈ, ਇਸ ਦਾ ਸੁਖ ਪਲ ਭਰ ਹੈ, ਇਸ ਦਾ ਦੁਖ ਦੁਨੀਆਂ ਵਿਚ ਖੁਆਰੀ ਤੇ ਦੀਨ ਵਿਚ ਗਿਰਾਉ ਹੈ। ਇਸ ਪ੍ਰਕਾਰ ਦੇ ਫੁਰਨਿਆਂ ਤੋਂ ਪਹਿਲੋਂ ਅੰਦਰਲਾ ਵੈਰਾਗ ਉਸ ਪਾਸੇ ਵਲ ਜਾਣ ਵਾਲੀ ਰੁਚੀ ਨੂੰ ਅਰੁਚੀ ਦਾ ਧੱਕਾ ਮਾਰੇਗਾ। ਇਹ ਹੈ ਸਭ ਤੋਂ ਜ਼ਰੂਰੀ ਭਾਵ ਜੋ ਤਿਆਗੀ ਸਾਧੂ ਦੇ ਅੰਦਰ ਸੁਚੇਤ ਪਹਿਰੇਦਾਰ ਵਾਂਗੂੰ ਹਰ ਵੇਲੇ ਜਾਗਦਾ ਰਹਿੰਦਾ ਹੈ, ਪਰ ਸਾਧੂ ਨੂੰ ਇਸਦੀ ਹੋਂਦ ਨਹੀਂ ਭਾਸਦੀ, ਕਿਉਂਕਿ ਇਹ ਉਸਦੇ ਸੁਭਾਵ ਭੂਤ ਹੋ ਗਿਆ ਹੁੰਦਾ ਹੈ। ਸਾਡੇ ਵਿਚ ਇਕ ਸਾਧੂ ਹੋਏ ਹਨ ਵਿਰੱਕਤ - ਸੰਤ ਈਸ਼ਰ ਸਿੰਘ ਜੀ ਉਨ੍ਹਾਂ ਦਾ ਨਾਮ ਸੀ। ਆਪ ਕਨਖਲ, ਹਰਿਦੁਆਰ ਰਿਖੀ ਕੇਸ਼ ਆਦਿ ਥਾਂਈਂ ਰਹਿੰਦੇ ਸਨ। ਆਪ ਸਾਧੂ ਪਨ ਦਾ ਇਕ ਨਮੂਨਾ ਸਨ। ਸਾਰੇ ਹੀ ਭੇਖ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਆਪ ਨੇ ਇਕ ਵੇਰ ਇਕ ਅਤੀਤ ਸਾਧੂ ਨੂੰ ਆਖਿਆ ਕਿ ਭਾਈ ਜਦ ਸ਼ਹਿਰਾਂ ਵਿਚ ਪ੍ਰਚਾਰ ਕਰਨ ਜਾਓ ਤਾਂ ਵੈਰਾਗ ਨੂੰ ਨਾਲ ਲੈ ਕੇ ਜਾਯਾ ਕਰੋ। ਫੇਰ ਹੱਸ ਕੇ ਬਿਲਾਸ ਨਾਲ ਬੋਲੇ ਕਿ ਦੇਖੋ ਭਾਈ ਸਾਧੋ! ਇਕ ਵੇਰ ਅਸੀਂ ਸ੍ਰੀ ਅੰਮ੍ਰਿਤਸਰ ਯਾਤਰਾ ਲਈ ਗਏ। ਕੁਛ ਕਥਾ ਵਾਰਤਾ ਸਤਿਸੰਗ ਦਾ ਬੀ ਓਥੇ ਪਰਚਾ ਸੀ। ਹਾਲ ਦਰਵਾਜ਼ੇ ਵੜਨ ਲੱਗਿਆਂ ਵੈਰਾਗ ਨੇ ਸਾਨੂੰ ਕਿਹਾ ਕਿ ਮਹਾਰਾਜ ਮੈਂ ਤਿੰਨ ਦਿਨ ਇਥੇ ਆਪ ਦੀ ਉਡੀਕ ਕਰਾਂਗਾ, ਜੇ ਆਪ ਵਧੇਰੇ ਠਹਿਰ ਗਏ ਤਾਂ ਮੈਂ ਤੁਹਾਡੀ ਉਡੀਕ ਨਹੀਂ ਕਰਾਂਗਾ, ਫੇਰ ਤੁਸਾਂ ਮੇਰੀ ਟੋਲ ਕਰਨੀ। ਇਹ ਕਹਿ ਕੇ ਆਪ ਤਾੜੀ ਮਾਰ ਕੇ ਹੱਸੇ ਤੇ ਬੋਲੇ ਸੋ ਭਾਈ ਕਿਸੇ ਥਾਂ ਪਰਵਿਰਤੀ ਵਿਚ ਬਹੁਤ ਨਾ ਠਹਿਰਿਆ ਕਰੋ। ਸਾਧੂ ਥਿੰਧੇ ਘੜੇ ਵਾਂਗੂੰ ਅਲੇਪ ਹੀ ਰਹੇ ਤਾਂ ਪਰਉਪਕਾਰ ਕਰ ਸਕਦਾ ਹੈ। ਇਕ ਥਾਂ ਟਿਕਣੇ ਲਈ ਥੋੜ੍ਹੇ ਦਿਨ ਰਖਿਆ ਕਰੋ। ਉਨ੍ਹਾਂ ਦੇ ਇਸ ਕਥਨ ਦਾ ਇਹ ਭਾਵ ਸੀ ਕਿ ਵਿਰਕਤ ਸਾਧੂ ਨੂੰ ਵੈਰਾਗ ਬਿਨਾਂ ਉਪਕਾਰ ਕਰਨੇ ਦਾ ਅਧਿਕਾਰ ਨਹੀਂ ਹੈ, ਇਸ ਲਈ ਉਸਨੂੰ ਛੇਤੀ ਛੇਤੀ ਏਕਾਂਤ ਵਿਚ ਫੇਰੇ ਮਾਰਦੇ ਰਹਿਣਾ ਚਾਹੀਏ। ਜਿਸ ਨੂੰ ਅਸੀਂ ਮਾਇਆ ਆਖਦੇ ਹਾਂ, ਅਰਥਾਤ ਜਗਤ ਦੇ ਰਸਾਂ ਕਸਾਂ ਦਾ ਭੁਲੇਵਾ, ਇਹ ਜੀਵ ਨੂੰ ਬੜੀ ਛੇਤੀ ਲਗਦਾ ਹੈ। ਸੋ ਸਾਧੂ ਨੂੰ ਨਾ ਤਾਂ ਅਤੀਤ ਬਣਨਾ ਚਾਹੀਦਾ ਹੈ, ਤੇ ਨਾ ਅਤੀਤ ਬਣ ਕੇ ਜਗਤ ਵਿਚ ਜਗਤ ਉਧਾਰ ਲਈ ਨਿਤਰਨਾ ਚਾਹੀਦਾ ਹੈ ਜਦ ਤਕ ਕਿ ਵੈਰਾਗ ਵਿਚ ਪੱਕਾ ਨਾ ਹੋ ਜਾਵੇ। ਭਗਤ ਕਬੀਰ

ਜੀ ਦਾ ਵਾਕ ਹੈ 'ਬਿਨੁ ਬੈਰਾਗ ਨ ਛੂਟਸਿ ਮਾਇਆ।'

ਡਯੂਸੋਜ਼ਾ ਨੇ ਇਕ ਲੰਮਾ ਸਾਹ ਲਿਆ ਤੇ ਕਿਹਾ ਬਹੁਤ ਤੁਲਵੀਆਂ ਗੱਲਾਂ ਕਰਦੇ ਹੋ। ਸੱਚ! ਬਹੁਤ ਸੱਚ! ਪਰ ਵੈਰਾਗ ਤਾਂ ਹੀ ਰਹਿ ਸਕਦਾ ਹੈ ਜੇ ਕਿਸੇ ਉਚੇ ਨਾਲ, ਅਰਸ਼ਾਂ ਵਿਚ ਵਸਦੇ ਨਾਲ ਪ੍ਰੇਮ ਹੋਵੇ।

ਸੰਤ - ਇਹ ਠੀਕ ਹੈ। ਜਗਤ ਤੇ ਜਗਤ ਦੀ ਲੁਭਾਇਮਾਨਤਾ ਵਲੋਂ ਹੋਵੇ ਵੈਰਾਗ, ਫਿਰ ਜਗਤ ਦੇ ਕਰਤਾਰ ਵਲ, ਸਭ ਸੁੰਦਰਤਾਈਆਂ ਦੇ ਮਾਲਕ ਪ੍ਰੇਮ ਮੂਰਤੀ ਵਾਹਿਗੁਰੂ ਜੀ ਨਾਲ ਹੋਵੇ ਪ੍ਰੇਮ ਤਾਂ ਹੀ ਸਾਰਾ ਕਾਰਜ ਸੰਪੂਰਨ ਹੁੰਦਾ ਹੈ।

ਡਯੂਸੋਜ਼ਾ - ਬੜਾ ਔਖਾ ਮਾਰਗ ਹੈ।

ਸੰਤ - ਗੁਰੂ ਨਾਨਕ ਦੇਵ ਜੀ ਨੇ ਤਾਹੀਓਂ ਫੁਰਮਾਇਆ ਹੈ -

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥***

ਸਾਡੇ ਵਿਚ ਇਕ ਵਾਕ ਹੈ - ਜੀਵਤ ਮਰਨਾ। ਆਪ ਸੰਪੂਰਨ ਭਲੇ (ਰੱਬ ਜੀ) ਵਿਚ ਜੀ ਉਠਣਾ ਤੇ ਜਗਤ ਵਿਚ ਸੰਪੂਰਣ ਭਲਿਆਈ ਦਾ ਪ੍ਰਚਾਰ ਕਰਨਾ। ਆਪ ਜਗਤਾਧਾਰ ਨਾਲ ਜੁੜੇ ਰਹਿਣਾ ਤੇ ਜਗਤ ਨੂੰ ਜਗਤਾਧਾਰ ਨਾਲ ਜੋੜਨਾ, ਇਹ ਕੰਮ ਜੀਵਤ ਮਰ ਕੇ ਹੀ ਸਾਧੂ ਕਰ ਸਕਦਾ ਹੈ। ਇਹੋ ਭਾਵ ਹੈ ਤੁਕਾਂ ਦਾ ਜੋ ਮੈਂ ਵਾਚੀਆਂ ਹਨ।

ਡਯੂਸੋਜ਼ਾ - ਕੀ! ਆਪ ਵਿਚ ਗ੍ਰਿਹਸਤੀ ਸਾਧੂ ਭੀ ਹੁੰਦੇ ਹਨ?

ਸੰਤ - ਜੀ ਹਾਂ! ਜੋ ਪ੍ਰਵਾਨ ਗ੍ਰਿਹਸਤ ਉਦਾਸ ਦਾ ਆਦਰਸ਼ ਧਾਰਨ ਕਰਦੇ ਹਨ ਤੇ ਫੇਰ ਕਿਸੇ ਤਰ੍ਹਾਂ ਆਪਣੀ ਕਮਾਈ ਜਗਤ ਨਾਲ ਵੰਡਦੇ ਹਨ ਤਾਂ ਉਹ ਆਪਣੇ ਵਿਤ ਅਨੁਸਾਰ ਉਪਕਾਰ ਨੂੰ ਬੀ ਕਰਦੇ ਹਨ। ਮਾਇਆ ਪਾਸ ਹੋਣ ਕਰਕੇ ਜਗਤ ਪੀੜਾ ਹਰਨ ਲਈ ਮਾਇਆ ਦਾ ਦਾਨ ਕਿਸੇ ਦਾਨੇ ਤਰੀਕੇ ਨਾਲ ਕਰਦੇ ਹਨ। ਆਪਣੀ ਵਿਦਿਆ ਵਿਚੋਂ ਵੀ ਦਾਨ ਕਰਦੇ ਹਨ ਤੇ ਆਪਣੇ ਹਰੀਰਸ ਵਿਚੋਂ ਬੀ ਵੰਡ ਵੰਡਾਉਂਦੇ ਹਨ। ਇਹ ਦਾਨ ਕਰਦੇ ਹੋਏ ਉਹ ਨਿਰਮਾਨ ਵਸਦੇ ਹਨ, ਚਾਹੋ ਜਗਤ ਮਾਨ ਦਿੰਦਾ ਹੈ, ਪਰ ਉਹ ਮਨ ਨੂੰ ਮਾਨ ਆਦਿ ਅਲਾਇਸ਼ਾਂ ਤੋਂ ਬੇਲਾਗ ਰੱਖਣ ਲਈ ਇਕ ਸਾਧਨ ਕਰਦੇ ਹਨ ਉਸਨੂੰ ਅਸੀਂ ਇਸ਼ਨਾਨ ਆਖਦੇ ਹਾਂ। ਦੇਹੀ ਨੂੰ ਜਲ ਆਦਿ ਨਾਲ ਸਾਫ ਰੱਖਣਾ ਇਸ਼ਨਾਨ ਹੈ। ਸਰੀਰ ਨੂੰ ਮਾੜੇ ਕਰਮਾਂ ਵਿਚ ਵਿਚਰਨੋਂ ਵਰਜੀ ਰੱਖਣਾ ਇਸ਼ਨਾਨ ਹੈ, ਮਨ ਨੂੰ ਅਸ਼ੁਭ ਫੁਰਨਿਆਂ ਤੋਂ ਸਫਾ ਰੱਖਣਾ ਵੀ ਇਸ਼ਨਾਨ ਹੈ, ਬੁੱਧੀ ਨੂੰ ਕਿਸੇ ਪਕੜ ਵਿਚ ਨਾ ਅਟਕਣ ਦੇਣਾ ਤੇ ਉੱਜਲ ਰੱਖਣਾ ਵੀ ਇਸ਼ਨਾਨ ਹੈ। ਇਸ ਇਸ਼ਨਾਨ ਲਈ ਗੁਰਬਾਣੀ ਦਾ ਪਾਠ ਕਰਦੇ ਹਨ, ਸੁਣਦੇ ਹਨ, ਵੀਚਾਰ ਕਰਦੇ ਹਨ ਅਤੇ ਉਸੇ ਗੁਰਬਾਣੀ ਦਾ ਕੀਰਤਨ ਬੀ ਕਰਦੇ ਸੁਣਦੇ ਹਨ। ਜਿਸ ਨਾਲ ਇਕ ਤਾਂ ਵੀਚਾਰ ਨਿਰਮਲ ਤੇ ਉਚੀ ਹੁੰਦੀ ਜਾਂਦੀ ਹੈ, ਦੂਸਰੇ ਏਕਾਗਰਤਾ ਆਉਂਦੀ ਹੈ। ਮਨ ਨੂੰ ਦੋ ਹੀ ਵੱਡੀਆਂ ਮੈਲਾਂ ਕਮਜ਼ੋਰ ਕਰਦੀਆਂ ਹਨ 1-ਮਨ ਦਾ ਵਾਸ਼ਨਾ ਵਿਚ ਖਿੰਡਿਆ ਰਹਿਣਾ ਤੇ 2-ਮਨ ਦਾ ਮਾੜੀਆਂ ਰੁਚੀਆਂ ਦੇ ਪ੍ਰਭਾਵ ਹੇਠ ਟੁਰੇ ਰਹਿਣਾ, ਅਰਥਾਤ ਮੈਲ ਤੇ ਖਿੰਡਾਉ। ਸੋ ਗ੍ਰਿਹਸਤੀ ਗੁਰਮੁਖ ਵੀ ਉਹੀ ਸਾਧਨ ਕਰਦੇ ਹਨ। ਨਾਮ ਦਾ ਅਭਿਆਸ, ਬਾਣੀ ਦਾ ਅਭਿਆਸ, ਸ਼ੁੱਭ ਕਰਮਾਂ ਦਾ ਅਭਿਆਸ, ਮਾੜੇ ਕਰਮਾਂ ਤੇ ਭਾਵਾਂ ਦੇ ਤਿਆਗ ਦੀ ਤਤਿਖਯਾ। ਵੈਰਾਗ ਉਨ੍ਹਾਂ ਦੇ ਅੰਦਰ ਵੀ ਵਸਦਾ ਹੈ। ਉਹ ਰੱਬ ਜੀ ਨਾਲ ਰਾਗ ਕਰਦੇ ਹਨ ਤੇ ਉਸ ਸਾਰੇ ਨਾਲ ਜੋ ਰੱਬ ਜੀ ਨਹੀਂ ਸੁਤੇ ਵੈਰਾਗ ਹੁੰਦਾ ਜਾਂਦਾ ਹੈ। ਉਹ ਵਸਦੇ ਤਾਂ ਮੋਹ ਮਾਇਆ ਵਿਚ ਹੈਨ ਪਰ ਮੋਹ ਮਾਇਆ ਤੋਂ ਆਪੇ ਨੂੰ ਧੋਂਦੇ ਰਹਿੰਦੇ ਹਨ। ਅਸਲ ਵਿਚ ਉਨ੍ਹਾਂ ਦਾ ਮਾਰਗ ਅਤੀਤ ਕੋਲੋਂ ਉਖੇਰਾ ਹੈ। ਕੱਜਲ ਦੀ ਕੋਠੜੀ ਵਿਚ ਰਹਿਣਾ ਤੇ ਲੀਕ ਨਾ ਲਗਣ ਦੇਣੀ। ਜਲ ਵਿਚ ਵੱਸਣਾ ਤੇ ਸੁੱਕੇ ਰਹਿਣਾ ਕਠਨ ਹੈ, ਪਰ ਉਹ ਸੂਰੇ ਜਲ ਵਿਚ ਵਸਦੇ ਕਵਲ ਵਾਂਗੂੰ ਤੇ ਪਾਣੀ ਤੇ ਤਰਦੀ ਮੁਰਗਾਬੀ ਵਾਂਗੂ ਅਭਿੱਜ ਰਹਿੰਦੇ ਹਨ।

ਡਊਸੋਜ਼ਾ - ਕਿਹੜੀ ਹਿਕਮਤ ਉਨ੍ਹਾਂ ਨੂੰ ਉਚਿਆਂ ਰਖਦੀ ਹੈ?

ਸੰਤ - ਸਤਿਸੰਗ। ਸਾਡੇ ਵਿਚ ਸਤਿਪੁਰਖ ਦੇ ਸਤਿਸੰਗ ਦੀ ਬੜੀ ਮਹਿਮਾਂ ਹੈ। ਇਥੋਂ ਤਾਂਈ ਲਿਖਿਆ ਹੈ ਸਾਧਸੰਗਤਿ ਬਿਨੁ ਤਰਿਓ ਨ ਕੋਇ। ਫੇਰ ਅਸੀਂ ਰੋਜ਼ ਆਪਣੀ ਅਰਦਾਸ ਵਿਚ ਸ੍ਰੀ ਰੱਬ ਜੀ ਤੋਂ ਮੰਗਦੇ ਹਾਂ - ਗੁਰਮੁਖ ਦਾ ਮੇਲ ਸਾਧ ਦਾ ਸੰਗ ਤੇ ਸੋਈ ਪਿਆਰੇ ਮੇਲੀਂ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ। ਸੋ ਗ੍ਰਿਹਸਤ ਵਿਚ ਵਸਦੇ ਸਾਧੂ ਰੂਪ ਗੁਰਸਿਖ ਆਪਣੀ ਘਾਲ ਕਰਦੇ ਸਤਿਸੰਗ ਦਾ ਆਸਰਾ ਲੈਂਦੇ ਹਨ, ਉਹ ਸੁੱਚੀ ਉੱਚੀ ਸੁਹਬਤ ਉਨ੍ਹਾਂ ਨੂੰ ਉਪਦੇਸ਼ ਨਾਲ, ਨਮੂਨੇ ਨਾਲ, ਅਰਦਾਸ ਤੇ ਅਸ਼ੀਰਵਾਦ ਨਾਲ ਸਹਾਇਤਾ ਦੇਂਦੀ ਰਹਿੰਦੀ ਹੈ ਤੇ ਗਿਰਾਉ ਵਿਚ ਨਹੀਂ ਜਾਣ ਦਿੰਦੀ, ਫੇਰ ਸਾਡੇ ਅਤੀਤ ਸਾਧੂ ਉਨ੍ਹਾਂ ਨੂੰ ਕਦੇ ਕਦੇ ਜਾ ਕੇ ਆਪਣੇ ਸਤਿਸੰਗ ਦਾ ਲਾਹਾ ਦਿੰਦੇ ਰਹਿੰਦੇ ਹਨ।

ਡਊਸੋਜ਼ਾ - ਕੀ ਤੁਸਾਂ ਵਿਚ ਕੋਈ ਆਪਣੇ ਰੰਗ ਵਿਚ ਰੱਤੇ ਰਹਿਣ ਵਾਲੇ ਵੀ ਹਨ?

ਸੰਤ - ਹਾਂ ਐਸੇ ਵੀ ਹੁੰਦੇ ਹਨ? ਉਨ੍ਹਾਂ ਬਾਬਤ ਲਿਖਿਆ ਹੈ।

***ਤਿਨ ਨੇਹੁ ਲਗਾ ਰਬ ਸੇਤੀ ਦੇਖਨੇ ਵੀਚਾਰਿ॥***
***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***

ਉਨ੍ਹਾਂ ਤੋਂ ਲੋਕੀ ਲਾਹਾ ਲੈਣ ਵਾਲੇ ਆਪ ਉਦਮ ਕਰਦੇ ਹਨ। ਇਨ੍ਹਾਂ ਵਿਚੋਂ ਕਈ ਤਾਂ ਇਸੇ ਰੰਗ ਚੁੱਪ ਤੇ ਲੁਕ ਵਿਚ ਜੀਵਨ ਬਸਰ ਕਰ ਜਾਂਦੇ ਹਨ। ਕਈ ਸਿਰੇ ਚੜ੍ਹ ਕੇ ਅੰਦਰ ਲਖੇ ਜਾ ਰਹੇ ਪਰਮਾਤਮ ਦੇਵ ਨੂੰ ਵਿਆਪਕ ਲਖਣ ਲਗ ਜਾਂਦੇ ਹਨ, ਉਨ੍ਹਾਂ ਦਾ ਰੰਗ ਤੇ ਵਰਤਾਉ ਇਕ ਪ੍ਰਕਾਰ ਦਾ ਨਹੀਂ ਹੁੰਦਾ, ਕਿਉਂਕਿ ਪਰਮਾਤਮ ਅਨੁਭਵਤਾ ਵਿਚ ਉਨ੍ਹਾਂ ਦੀ ਮਰਜ਼ੀ ਰਜ਼ਾ ਵਿਚ ਲੀਨ ਹੁੰਦੀ ਹੈ, ਉਨ੍ਹਾਂ ਦੀ ਦ੍ਰਿਸ਼ਟੀ ਪਰਮਾਤਮ ਵਿਚ ਹੁੰਦੀ ਹੈ। ਜਿਵੇਂ ਪਿਆਸੇ ਨੂੰ ਸੰਤਰੇ ਵਿਚ ਪਿਆਸ ਬੁਝਾਉਣ ਵਾਲਾ ਮਿੱਠਾ ਰਸ ਭਾਸਦਾ ਹੈ, ਪਰ ਗਾਂਧੀ ਨੂੰ ਉਸ ਵਿਚ ਸੂਖਮ ਕਿਸਮ ਦੀ ਸੁਗੰਧੀ ਨਜ਼ਰ ਪੈਂਦੀ ਹੈ। ਤਿਵੇਂ ਉਨ੍ਹਾਂ ਦੀ ਦ੍ਰਿਸ਼ਟੀ ਪਾਰਾਵਾਰ ਹੋ ਜਾਂਦੀ ਹੈ। ਇਨ੍ਹਾਂ ਵਿਚੋਂ ਬੀ ਕਈ ਪਰ ਉਪਕਾਰ ਵਿਚ ਲਗ ਪੈਂਦੇ ਹਨ। ਜੇ ਆਪ ਚਾਹੋ ਤਾਂ ਆਪਣੀ ਗਲ ਨੂੰ ਸੁਖੱਲਿਆਂ ਕਰਨ ਲਈ ਇਕ ਬੀਤੀ ਵਾਰਤਾ ਸੁਣਾਵਾਂ।

ਡਯੂਸੋਜ਼ਾ – ਜ਼ਰੂਰ ਸੁਣਾਓ, ਨਿਰੀ ਵੀਚਾਰ ਕਈ ਵੇਰ ਖੁਸ਼ਕ ਵਸਤੂ ਰਹਿੰਦੀ ਹੈ, ਵੀਚਾਰ ਨੂੰ ਜਿਨ੍ਹਾਂ ਨੇ ਵਰਤੋਂ ਵਿਚ ਵਰਤਿਆ ਤੇ ਤਜਰਬੇ ਵਿਚ ਤਜਰਬਾ ਕੀਤਾ ਉਨ੍ਹਾਂ ਦੇ ਸਿਰ ਵਰਤੀ ਸੁਣਕੇ ਰਸ ਆਉਂਦਾ ਤੇ ਪ੍ਰੇਰਨਾ ਮਿਲਦੀ ਹੈ।

ਸੰਤ – ਪੰਜਾਬ ਵਿਚ ਅੰਮ੍ਰਿਤਸਰ ਸ਼ਹਿਰ ਇਕ ਵੱਡੀ ਨਗਰੀ ਹੈ ਤੇ ਸਿੱਖੀ ਦਾ ਸਭ ਤੋਂ ਵੱਡਾ ਮੰਦਰ ਉਥੇ ਹੈ।

ਡਯੂਸੋਜ਼ਾ – ਮੈਂ ਸੁਣਿਆ ਹੈ ਤੇ ਕਦੇ ਦੇਖਣੇ ਦੀ ਇੱਛਾ ਬੀ ਹੈ।

ਸੰਤ – ਉਸ ਤੋਂ ਪੰਦਰਾਂ ਕੁ ਮੀਲ ਦੱਖਣ ਨੂੰ ਇਕ ਹੋਰ ਸਿੱਖ ਮੰਦਰ ਤੇ ਸ਼ਹਿਰ ਹੈ ਜਿਸ ਨੂੰ ਤਾਰਨ ਤਾਰਨ ਆਖਦੇ ਹਨ। ਇਸ ਤੋਂ ਕੁਛ ਦੂਰ ਹੋਰ ਅੱਗੇ ਬਿਆਸਾ ਨਦੀ ਦੇ ਨੇੜੇ ਇਕ ਪਿੰਡ ਹੈ ਭੰਗਾਲਾ, ਇਥੇ ਇਕ ਵਿਰਕਤ ਸਿੱਖ ਸੰਤ ਹੋਏ ਹਨ – ਸੰਤ ਸਰਦੂਲ ਸਿੰਘ ਜੀ! ਆਪ ਜੀ ਨੂੰ ਇਕ ਹੋਰ ਵਿਰਕਤ ਸੰਤ ਜੀ ਮਿਲੇ ਸਨ, ਜਿਨ੍ਹਾਂ ਦਾ ਪਹਿਲਾ ਜੀਵਨ ਤਾਂ ਚੰਗਾ ਨਹੀਂ ਸੀ, ਪਰ ਇਕ ਸਾਧੂ ਦੀ ਮੇਹਰ ਨਾਲ ਉਹ ਪੂਰਨ ਗੁਰਮੁਖ ਅਵਸਥਾ ਨੂੰ ਪਹੁੰਚੇ ਤੇ ਚੋਟੀ ਦੇ ਪਾਰਗਿਰਾਮੀ ਮਹਾਂਪੁਰਖ ਹੋਏ। ਬਹੁਤ ਕਾਲ ਸੰਤ ਸਰਦੂਲ ਸਿੰਘ ਜੀ ਨੇ ਉਨ੍ਹਾਂ ਦੇ ਹੁਕਮ ਮੂਜਬ ਘਾਲਾਂ ਘਾਲੀਆਂ। ਜਦ ਪੂਰਨ ਪਦ ਤੇ ਅੱਪੜੇ ਤਾਂ ਸੰਤਾਂ ਦੇ ਹੁਕਮ ਵਿਚ ਭੰਗਾਲੇ ਪਿੰਡ ਅਤੀਤ ਰਹਿਣਾ ਅਖਤਿਆਰ ਕੀਤਾ ਤੇ ਛੋਟਾ ਜਿਹਾ ਗੁਰਦੁਆਰਾ ਬਣਾ ਕੇ ਟਿਕ ਗਏ। ਆਪ ਰੰਗ ਰੱਤੇ ਰਹਿਣਾ ਪਰ ਦੁਨੀਆਂ ਨੂੰ ਭਲੇ ਪਾਸੇ ਲਾਉਣਾ, ਐਬ ਛੁਡਾਉਣੇ ਤੇ ਨਾਮ ਬਾਣੀ ਵਿਚ ਪਰਵਿਰਤ ਕਰਨਾ। ਆਪ ਬੋਲਦੇ ਘੱਟ ਸੇ ਪਰ ਜਦ ਬੋਲਦੇ ਤਾਂ ਬੜਾ ਤਾਸੀਰ ਵਾਲਾ ਬੋਲਦੇ।

ਇਕ ਸਮੇਂ ਆਪ ਫਿਰਦੇ ਟੁਰਦੇ ਕਿਸੇ ਗਿਰਾਂ ਜਾ ਨਿਕਲੇ। ਜਿਥੇ ਆਪ ਨੇ ਪਿੰਡੋਂ ਬਾਹਰ ਰਹਿ ਕੇ ਨਾਮ ਬਾਣੀ ਦਾ ਪ੍ਰਚਾਰ ਕੀਤਾ। ਇਥੇ ਇਕ ਭਲਾ ਗੱਭਰੂ ਸੀ, ਨਾਮ ਸੀ ਭੋਲਾ ਸਿੰਘ। ਦੋ ਚਾਰ ਸੌ ਵਿੱਘੇ ਭੋਂ ਦਾ ਮਾਲਕ ਸੀ, ਵਿਆਹ ਬੀ ਸੁਹਣੇ ਘਰ ਹੋਇਆ ਸੀ। ਚੜ੍ਹਦੀ ਜਵਾਨੀ ਸੀ ਪਰ ਐਬ ਕੋਈ ਨਹੀਂ ਸੀ। ਸੰਤ ਸਰਦੂਲ ਸਿੰਘ ਜੀ ਦਾ ਓਥੇ ਜਾਣਾ ਇਸ ਸੁਹਣੇ ਜਵਾਨ ਲਈ ਸਤਿਸੰਗ ਦਾ ਅਵਸਰ ਬਣ ਗਿਆ। ਐਸਾ ਅਸਰ ਹੋਇਆ ਕਿ ਵੈਰਾਗ ਹੋ ਗਿਆ। ਨਾ ਭੋਲਾ ਸਿੰਘ ਨੂੰ ਹੁਣ ਵਹੁਟੀ ਚੰਗੀ ਲੱਗੇ, ਨਾ ਘਰ, ਨਾ ਸਾਕ, ਨਾ ਇੰਨੀ ਬਹੁਤ ਜ਼ਿੰਮੀ ਦਾ ਲਾਲਚ ਫੁਰੇ। ਇਹੋ ਦਿਲ ਚਾਹੇ ਕਿ ਸੰਤਾਂ ਤੋਂ ਨਾ ਵਿਛੜਾਂ, ਇਨ੍ਹਾਂ ਦੇ ਬਚਨ ਸੁਣਦਾ ਰਹਾਂ ਤੇ ਇਨ੍ਹਾਂ ਦੀ ਸੇਵਾ ਕਰਦਾ ਰਹਾਂ। ਜੋ ਹੁਕਮ ਕਰਨ ਉਹ ਮੇਰਾ ਜੀਵਨ ਹੋਵੇ। ਆਖਰ ਘਰ ਬਾਰ ਛੱਡ ਕੇ ਸੰਤਾਂ ਕੋਲ ਆ ਗਏ। ਸੰਤਾਂ ਨੇ ਬਹੁਤ ਯਤਨ ਕੀਤੇ ਕਿ ਆਪਣੇ ਘਰ ਰਹੇ ਤੇ ਘਰ ਰਹਿ ਕੇ ਸਿੱਖੀ ਕਮਾਵੇ, ਗ੍ਰਿਹਸਤ ਉਦਾਸੀ ਹੋਵੇ, ਨਾ ਪਰਿਵਾਰ ਔਖਾ ਹੋਵੇ ਨਾ ਇਹ ਅਤੀਤਾਂ ਵਾਲੀਆਂ ਤਤਿਖਯਾਂ ਵਿਚ ਪਵੇ, ਪਰ ਵੈਰਾਗ ਇਤਨਾ ਤੀਬਰ ਸੀ ਕਿ ਨਾ ਪਰਿਵਾਰ ਵਲੋਂ ਖਿੱਚ ਤੇ ਪਿਆਰ ਦੀ ਤੇ ਨਾਂ ਸੰਤਾਂ ਵਲੋਂ ਉਪਦੇਸ਼ ਦੀ ਪੇਸ਼ ਗਈ, ਆਪ ਐਸੇ ਵੈਰਾਗ ਹਥ ਵਿਕਾਨੇ ਕਿ ਸਭ ਕੁਛ ਛੱਡ ਕੇ ਸੰਤਾਂ ਦੇ ਦੁਆਰੇ ਟਿਕ ਗਏ। ਬਾਣੀ ਦਾ ਪਾਠ ਕੀਰਤਨ, ਨਾਮ ਦਾ ਅਭਿਆਸ ਤੇ ਵਾਹਿਗੁਰੂ ਜੀ ਦਾ ਪ੍ਰੇਮ ਅਤਿ ਪ੍ਰਬਲ ਪੈ ਗਏ। ਕੋਈ ਇਕ ਦੋ ਬਰਸ ਨਹੀਂ, ਵੀਹ ਬਾਈ ਬਰਸ ਇਸ ਤਰ੍ਹਾਂ ਬੀਤੇ। ਸੰਤਾਂ ਨੂੰ ਤਰਨ ਤਾਰਨ ਗੁਰਦੁਆਰੇ ਯਾਤਰਾ ਦਾ ਪ੍ਰੇਮ ਸੀ। ਉਨ੍ਹਾਂ ਨੇ ਸਰੋਵਰ ਦੇ ਕਿਨਾਰੇ ਜ਼ਿੰਮੀਂ ਲੈ ਕੇ ਆਪਣੇ ਰਹਿਣ ਲਈ ਬੁੰਗਾ ਬਣਾਇਆ। ਇਸ ਬੁੰਗੇ ਦੀ ਇਮਾਰਤ ਵਿਚ ਜੋ ਚੂਨਾ ਲੱਗਾ ਹੈ, ਉਹ ਵੈਰਾਗੀ ਜਗਿਆਸੂ ਭੋਲਾ ਸਿੰਘ ਜੀ ਦੇ ਹੱਥਾਂ ਦਾ ਪੀਸਿਆ ਹੋਇਆ ਹੈ। ਆਪਣੇ ਅਭਿਆਸ ਭਜਨ ਪਾਠ ਤੋਂ ਛੁੱਟ ਆਪ ਡੇਰੇ ਵਿਚ ਭੰਗਾਲੇ ਚਾਹੋ ਤਰਨਤਾਰਨ ਆਈ ਸਾਧ ਸੰਗਤ ਲਈ ਆਟਾ ਪੀਸਦੇ, ਲੰਗਰ ਤਿਆਰ ਕਰਦੇ, ਛਕਾਉਂਦੇ, ਜਲ ਪਿਲਾਉਂਦੇ, ਪੱਖੇ ਕਰਦੇ, ਗੱਲ ਕੀ ਹਰ ਇਕ ਸੇਵਾ ਕਰਦੇ। ਹੁਣ ਆਪ ਇੰਨੇ ਅਨੁਭਵੀ ਹੋ ਗਏ ਕਿ ਸੇਵਾ ਸੇਵਾ ਨਾ ਰਹੀ, ਸੇਵਾ ਵਿਚ ਆਤਮ ਦ੍ਰਿਸ਼ਟੀ ਖੁਲ੍ਹ ਗਈ। ਪਰਮਾਤਮ ਅਨੁਭਵਤਾ ਹੋ ਆਈ। ਇਕ ਵੇਰ ਦੀ ਭੰਗਾਲੇ ਦੀ ਗੱਲ ਹੈ ਕਿ ਰਾਤ ਦਸ ਬਾਰਾਂ ਵਜੇ ਦੇ ਕਰੀਬ ਸੰਤ ਸਰਦੂਲ ਸਿੰਘ ਜੀ ਨੇ ਕਿਹਾ – ਭੋਲਾ ਸਿੰਘਾ ਭਈ ਖੂਹ ਤੇ ਜਾਹ, ਕਣਕ ਪੱਕੀ ਖਲੀ ਹੈ ਤੇ ਇਹ ਅੰਨ ਸਾਧ ਸੰਗਤ ਲਈ ਤਿਆਰ ਹੋਇਆ ਹੈ, ਐਸਾ ਨਾ ਹੋਵੇ ਕਿ ਕੋਈ ਰਾਤ ਨੂੰ ਕੁਝ ਭਰੀਆਂ ਵੱਢ ਲਿਜਾਏ, ਤੂੰ ਐਸ ਕੁ ਵੇਲੇ ਰੋਜ਼ ਚਲਾ ਜਾਯਾ ਕਰ, ਲਾਵੀ ਲਾ ਕੇ ਵਾਢਈ ਕਰਨ ਤਕ ਕੁਛ ਦਿਨ ਰਾਤ ਰਾਖੀ ਕਰਿਆ ਕਰ। 'ਸਤਿ ਬਚਨ' ਕਹਿ ਕੇ ਆਪ ਜੀ ਖੂਹ ਨੂੰ ਚਲੇ ਗਏ। ਇਸ ਵੇਲੇ ਤਾਰਿਆਂ ਛਟਕੀ ਰਾਤ ਸੀ, ਆਪ ਜੀ ਸਾਂਤਿ ਸਤੋਗੁਣੀ ਭਾਵਾਂ ਵਿਚ ਝੂਟਦੇ ਆਤਮ ਅਨੁਭਵਤਾ ਵਿਚ ਸਨ ਕਿ ਖੂਹ ਦੇ ਲਾਗੇ ਪੁੱਜ ਕੇ ਆਪ ਨੇ ਡਿੱਠਾ ਕਿ ਚਾਰ ਆਦਮੀ ਕਣਕ ਵੱਢ ਕੇ ਪੰਡਾਂ ਬੰਨ੍ਹ ਕੇ ਇਕ ਦੂਸਰੇ ਨੂੰ ਚੁਕਾ ਰਹੇ ਹਨ। ਜਦ ਤਿੰਨ ਜਣੇ

ਪੰਡਾਂ ਚੁੱਕ ਕੇ ਟੁਰ ਪਏ ਤਾਂ ਚਉਥੇ ਨੇ ਕਿਹਾ ਭਾਈ ਮੈਨੂੰ ਵੀ ਚੁਕਾਓ। ਉਨ੍ਹਾਂ ਨੇ ਕਿਹਾ ਕਿ ਬਈ ਪੰਡਾਂ ਭਾਰੀਆਂ ਹਨ ਸਾਥੋਂ ਨਾ ਉਹੜਿਆ ਜਾਂਦਾ ਹੈ ਨਾ ਚੁਕਾਇਆ ਜਾਂਦਾ ਹੈ, ਤੂੰ ਜਾਣ ਤੇ ਤੇਰਾ ਕੰਮ। ਇਹ ਕਹਿ ਕੇ ਉਹ ਤਾਂ ਰਾਹੇ ਪੈ ਗਏ ਤੇ ਇਧਰ ਸ੍ਰੀ ਭੋਲਾ ਸਿੰਘ ਜੀ ਨੇ ਅੱਗੇ ਹੋ ਕੇ ਕਿਹਾ ਭਰਾਵਾ ਤੂੰ ਕਿਉਂ ਦੁਖਈ ਹੋ ਰਿਹਾ ਹੈਂ, ਆ ਤੈਨੂੰ ਪੰਡ ਮੈਂ ਚੁਕਾ ਦਿੰਦਾ ਹੈ ਨਾ ਚੁਕਾਇਆ ਜਾਂਦਾ ਹੈ, ਤੂੰ ਜਾਣ ਤੇ ਤੇਰਾ ਕੰਮ। ਇਹ ਕਹਿ ਕੇ ਉਹ ਤਾਂ ਰਾਹੇ ਪੈ ਗਏ ਤੇ ਇਧਰ ਸ੍ਰੀ ਭੋਲਾ ਸਿੰਘ ਜੀ ਨੇ ਅੱਗੇ ਹੋ ਕੇ ਕਿਹਾ ਭਰਾਵਾ ਤੂੰ ਕਿਉਂ ਦੁਖੀ ਹੋ ਰਿਹਾ ਹੈਂ, ਆ ਤੈਨੂੰ ਪੰਡ ਮੈਂ ਚੁਕਾ ਦਿੰਦਾ ਹਾਂ। ਚੋਰ ਨੇ ਕਿਹਾ ਤੇਰਾ ਭਲਾ ਹੋਵੇ। ਸੋ ਆਪ ਜੀ ਨੇ ਅੱਗੇ ਹੋ ਕੇ ਪੰਡ ਚੁਕਾ ਦਿਤੀ ਤੇ ਆਪ ਉਸੇ ਉਚੇ ਰੰਗ ਵਿਚ ਖੂਹ ਤੇ ਬੈਠ ਗਏ। ਜਿਸ ਰੰਗ ਵਿਚ ਆਰੂੜ ਸੋ ਬੱਝਾ ਰਿਹਾ, ਜਿਸ 'ਸਰਬ ਆਤਮ ਅਨੁਭਵਤਾ' ਵਿਚ ਸਨ ਉਸ ਵਿਚ ਝੂੰਮਦੇ ਰਹੇ। ਸਵੇਰ ਹੋਈ, ਪਹੁ ਫੁਟੀ, ਆਪ ਦੀ ਸੁਰਤ ਬੀ ਸਰੀਰ ਸੰਭਾਲੇ ਵਿਚ ਆਈ, ਡੇਰੇ ਆਏ ਤੇ ਆਪਣੇ ਡੇਰੇ ਅਤੇ ਸੰਤਾਂ ਦੀ ਰੋਜ਼ ਦੀ ਸੇਵਾ ਰੋਜ਼ ਵਾਂਗੂੰ ਕੀਤੀ। ਸੰਗਤ ਨੂੰ ਸੰਤਾਂ ਨੂੰ ਪ੍ਰਸ਼ਾਦ ਛਕਾਇਆ। ਤੀਸਰੇ ਪਹਿਰ ਸੰਤ ਸਰਦੂਲ ਸਿੰਘ ਜੀ ਵਿਹੜੇ ਵਿਚ ਹੋ ਬੈਠੇ। ਤਦ ਆਪ ਜੀ ਨੇ ਪੁਛਿਆ - ਭੋਲਾ ਸਿੰਘਾ! ਰਾਤ ਸੁਖ ਬੀਤੀ? ਸ੍ਰੀ ਭੋਲਾ ਸਿੰਘ ਜੀ ਨੇ ਕਿਹਾ, ਜੀ ਆਪ ਦੇ ਚਰਨਾਂ ਦਾ ਸਦਕਾ ਸੁਹਣੀ ਬੀਤੀ।

ਸੰਤਾਂ ਕਿਹਾ - ਕੋਈ ਰਾਤ ਆਇਆ ਗਿਆ ਤਾਂ ਨਹੀਂ? ਇਹ ਸੁਣ ਕੇ ਸਿਰੇ ਚੜ੍ਹੇ ਗਏ ਜਗਿਆਸੂ ਸ੍ਰੀ ਭੋਲਾ ਸਿੰਘ ਜੀ ਨੇ ਸਾਰਾ ਹਾਲ ਕਹਿ ਸੁਣਾਇਆ। ਸਾਰੀ ਵਰਤਾ ਸੁਣ ਕੇ ਸੰਤਾਂ ਦੀ ਖੁਸ਼ੀ ਦੀ ਹੱਦ ਨਾ ਰਹੀ, ਉਠ ਕੇ ਆਪਣੇ ਜਗਿਆਸੂ ਨੂੰ ਛਾਤੀ ਨਾਲ ਲਾ ਲਿਆ। ਹਾਂ! ਅੱਜ ਪਹਿਲਾ ਦਿਨ ਸੀ ਕਿ ਵੀਹ ਬਾਈ ਬਰਸ ਦੀ ਘਾਲ ਵਿਚ ਸੰਤਾਂ ਨੇ ਆਪਣੇ ਦਿਲ ਵਿਚ ਆਪਣੇ ਸੇਵਕ ਨਾਲ ਲੁਕਵੇਂ ਪਿਆਰ ਨੂੰ ਰੋਕਣ ਦੀ ਹੋਰ ਤਾਬ ਨਾ ਦੇਖੀ। ਛਾਤੀ ਨਾਲ ਘੁੱਟਿਆ, ਸਿਰ ਤੇ ਪਿਆਰ ਦਿਤਾ ਤੇ ਆਖਿਆ - ਬੱਚਾ ਘਾਲ ਥਾਂ ਪਈ। ਕੁਛ ਚਿਰ ਚੁੱਪ ਰਹੇ, ਨੈਣ ਭਰ ਭਰ ਆਏ, ਬੁੱਲ੍ਹ ਫਰਕੇ ਪਰ ਚੁੱਪ ਰਹੇ। ਕੁਛ ਚਿਰ ਮਗਰੋਂ ਫੇਰ ਬੋਲੇ ਕਾਕਾ! ਤੈਨੂੰ ਉਸ ਵੇਲੇ ਚੋਰ ਚੋਰ ਨਾ ਦਿੱਸੇ? ਆਪ ਬੋਲੇ, ਦਾਤਾ ਜੀਓ, ਜਦ ਮੈਂ ਆਪ ਦੀ ਆਗਿਆ ਵਿਚ ਖੂਹ ਨੂੰ ਜਾ ਰਿਹਾ ਸੀ, ਮੈਨੂੰ ਅਚਾਨਕ ਇੰਝ ਭਾਸਿਆ ਕਿ ਵਣ ਤਿਣ ਪਰਬਤ ਵਿਚ ਇਕ ਜੋਤ ਪਰੀਪੂਰਣ ਹੈ। ਜੋ ਏਕਤੂ ਵਿਚ ਹੈਫੇਰ ਨਾਨਤੂ ਵਿਚ ਉਸੇ ਦਾ ਖੇਲ੍ਹ ਹੋ ਰਿਹਾ ਹੈ। ਉਹੀ ਕਰਤਾ, ਉਹੀ ਪਾਲਕ, ਸੰਭਾਲਕ, ਮਾਲਕ ਹੈ, ਨਾਨਾ ਰੂਪ ਹੈ, ਫਿਰ ਇਕ ਹੈ। ਉਹੀ ਮਾਲਕ ਉਹੀ ਪਾਲਕ ਹੈ, ਸਾਰੇ ਉਸਦੇ ਦਰੋਂ ਲੈ ਕੇ ਖਾ ਰਹੇ ਹਨ। ਸਭ ਭੰਡਾਰੇ ਉਸਦੇ ਹਨ, ਸਭ ਭਿਖਾਰੀ ਉਸਦੇ ਹਨ। ਖੇਤ ਉਸਦੇ, ਫਸਲ ਉਸਦੇ, ਵੱਢਣਹਾਰ, ਲੈਣ ਹਾਰ ਸਭ ਇਕੋ ਦਰ ਦੇ ਭਿਖਾਰੀ ਹਨ। ਇਸ ਲੱਖਤਾ ਦੇ ਆਨੰਦ ਵਿਚ ਮੈਂ ਖੂਹ ਤੇ ਜਾ ਪੁੱਜਾ ਤਾਂ ਮੈਂ ਡਿੱਠਾ ਕਿ ਕੁਛ ਦੂਲ ਤ੍ਰੈ ਚਾਰ ਜਣੇ ਭਰੀਆਂ ਚੁੱਕਾ ਰਹੇ ਹਨ। ਫੇਰ ਮੈਂ ਡਿੱਠਾ ਕਿ ਤ੍ਰੈ ਤਾਂ ਟੁਰ ਪਏ ਹਨ ਤੇ ਚੌਥੇ ਨੂੰ ਮੈਂ ਡਿੱਠਾ ਕਿ ਆਪਣੀ ਭਰੀ ਆਪੇ ਚੁੱਕ ਨਹੀਂ ਸਕਦਾ ਤੇ ਸਾਥੀਆਂ ਨੂੰ ਕੁਰਲਾ ਰਿਹਾ ਹੈ ਕਿ ਮੈਨੂੰ ਵੀ ਪੰਡ ਚੁਕਾਓ, ਪਰ ਉਹ ਵਾਹੋ ਦਾਹੀ ਰਾਹੇ ਪੈ ਗਏ ਹਨ ਤੇ ਇਹ ਦਾਤਾ ਦੇ ਦਰੋਂ ਦਾਨ ਲੈ ਕੇ ਚੁੱਕਣ ਖੁਣੋਂ ਰੋ ਰਿਹਾ ਹੈ, ਤਾਂ ਮੇਰੇ ਮਨ ਦਇਆ ਆਈ ਤੇ ਮੈਂ ਅੱਗੇ ਹੋ ਕੇ ਉਸ ਨੂੰ ਭਰੀ ਚੁਕਾ ਦਿਤੀ। ਸਹੁੰ ਜੇ, ਮੈਨੂੰ ਨਹੀਂ ਉਸ ਵੇਲੇ ਭਾਸਿਆ ਕਿ ਮੈਂ ਮਾਲਕ ਵਲੋਂ ਰਾਖਾ ਹਾਂ ਕਿ ਇਹ ਚੋਰ ਹੈ ਕਿ ਸਾਧ ਹੈ। ਉਹ ਦਾਤਾ ਜਗ ਮੰਗਤਾ ਕੇਵਲ ਇਹ ਕੁਛ ਦਿੱਸ ਰਿਹਾ ਹੈ ਕਿ ਜਾਗਤ ਜੋਤ ਪਰੀਪੂਰਣ ਹੈ, ਉਹੀ ਕਰਤਾ ਹੈ ਉਹੀ ਭਰਤਾ ਹੈ ਵਿਸ਼ੰਭਰ ਹੈ। ਰਾਤ ਤਾਂ ਇਸੇ ਰੰਗ ਲੰਘ ਗਈ। ਪਰ ਜਦ ਦਿਨ ਹੋਇਆ ਤਾਂ ਮੈਂ ਡੇਰੇ ਨੂੰ ਮੁੜਿਆ। ਉਸ ਵੇਲੇ ਤੋਂ ਕਈ ਵੇਰ ਇਹ ਸੋਚ ਫੁਰਦੀ ਹੈ ਕਿ ਮੈਂ ਤਾਂ ਰਾਖਾ ਸਾਂ, ਹੁਕਮ ਸੀ ਰਾਖੀ ਕਰਨੇ ਦਾ ਤੇ ਮੈਂ ਸਗੋਂ ਕਣਕ ਚੁਕਾ ਦਿਤੀ। ਫੇਰ ਸੋਚ ਫੁਰਦੀ ਹੈ, ਮੈਨੂੰ ਚੋਰ ਸਾਧ ਰਾਖਾ ਭਾਸੇ ਹੀ ਨਹੀਂ। ਇਹ ਤਾਂ ਖਬਰੇ ਉਸ ਵੇਲੇ ਕੋਈ ਦ੍ਰਿਸ਼ਟੀ ਹੀ ਹੋਰ ਹੋ ਗਈ ਸੀ। ਫਿਰ ਸੋਚਦਾ ਹਾਂ ਕਿ ਮੇਰੀ ਇਹ ਦ੍ਰਿਸ਼ਟੀ ਸਰਵੱਗਤਾ ਵਾਲੀ ਖੁਹਲਣੇ ਲਈ ਹੀ ਆਪ ਨੇ ਰਾਤ ਵਾਲਾ ਕਉਤਕ ਰਚਿਆ ਹੋਣਾ ਹੈ। ਪਰ ਫੇਰ ਫਿਕਰ ਆ ਪੈਂਦਾ ਹੈ ਕਿ ਮੈਂ ਤਾਂ ਰਾਖਾ ਸਾਂ, ਭਲੀ ਮਾਲਕ ਦੇ ਮਾਲ ਦੀ ਰਾਖੀ ਕੀਤੀ, ਤਾਂ ਸ਼ਰਮ ਆਉਂਦੀ ਹੈ, ਆਪ ਦੇ ਚਰਨਾਂ ਵਿਚ ਮਾਫੀ ਦੀ ਜਾਚਨਾ ਫੁਰਦੀ ਹੈ।

ਇਹ ਸੁਣ ਕੇ ਸੰਤਾਂ ਦੇ ਨੈਣਾਂ ਵਿਚ ਫੇਰ ਨੀਰ ਭਰ ਆਇਆ। ਆਖਣ ਲੱਗੇ -

ਕਾਕਾ! ਗੁਰੂ ਨਾਨਕ ਦੀ ਮਿਹਰ ਹੋਈ ਹੈ, ਤੂੰ ਅਤੀਤ ਸਿੱਖ ਹੈਂ, ਤੂੰ 'ਮੈਂ ਮੇਰੀ' ਤੋਂ ਉਚੇ ਉਠਣਾ ਹੈ ਸੀ ਤੂੰ 'ਮੈਨੂੰ ਤੈਨੂੰ' ਤੇ ਫਤੇ ਪਾਉਣੀ ਸੀ, ਗੁਰੂ ਨੇ ਤੈਨੂੰ ਬ੍ਰਹਮ-ਦ੍ਰਿਸ਼ਟੀ ਬਖਸ਼ਣੀ ਸੀ, ਸੋ ਉਸਨੇ ਇਸ ਕਉਤਕ ਵਿਚ ਬਖਸ਼ ਦਿਤੀ ਹੈ, ਤੇਰੇ ਤਰੈਏ ਤਾਪ ਨਵਿਰਤ ਹੋਏ। ਕਹੁ-ਧੰਨ ਗੁਰੂ ਨਾਨਕ। ਫੇਰ ਬੋਲੇ-ਬਚਾ ਭੋਲਾ ਸਿੰਘਾ! ਇਕ ਮਾਲ ਹੈ, ਇਕ ਮਾਲਕ ਹੈ। ਮਾਲਕ ਹੈ ਵਾਹਿਗੁਰੂ, ਮਾਲ ਹੈ ਜੋ ਦੂਜੀ ਕੁਦਰਤ ਉਸ ਨੇ ਸਾਜੀ ਹੈ। ਮਾਲਕ ਜਾਣੇ ਮਾਲ ਸੰਭਾਲੇ, ਦੇਵੇ, ਲਵੇ, ਵੰਡੇ, ਜੇ ਫਕੀਰ ਮਾਲ ਦਾ ਮਾਲਕ ਬਣੇ ਤਾਂ ਸ਼ਰੀਕਾ ਕਰਦਾ ਹੈ ਮਾਲਕ ਨਾਲ, ਫਕੀਰ ਨੇ ਤਾਂ ਮਾਲ ਤੋਂ ਹੱਥ ਧੋਤੇ ਹਨ ਤੇ ਮਾਲਕ ਦੇ ਪਿਆਰ ਤੋਂ ਘੁੱਸ ਕੇ ਉਤਨਾ ਹੀ ਮਾਲ ਦੇ ਪਿਆਰ ਵਿਚ ਚਲਾ ਜਾਵੇਗਾ। ਸੋ ਅਤੀਤ ਸਾਧੂ ਫਕੀਰ ਸਿੱਖ ਨੂੰ ਕੇਵਲ ਮਾਲਕ ਦੀ ਲੋੜ ਹੈ, ਜੋ ਸਾਰੇ ਮਾਲ ਦਾ ਮਾਲਕ ਹੈ। ਮੈਂ, ਮੇਰੀ, ਮੈਨੂੰ, ਤੈਨੂੰ, ਮੇਰੇ, ਤੇਰੇ ਅਤੀਤ ਸਿੱਖ ਸਾਧੂ ਲਈ ਮੂਲੋਂ ਬਿਵਰਜਤ ਹਨ। ਬੱਚਾ! ਅੱਜ ਤੇਰੇ ਤੇ ਗੁਰੂ ਨਾਨਕ ਦੀ ਮਿਹਰ ਹੋਈ ਹੈ ਕਿ ਤੇਰੀ ਦ੍ਰਿਸ਼ਟੀ ਖੁਲ੍ਹ ਗਈ ਹੈ ਤੇ ਏਹ ਹੱਦ ਬੰਨੇ ਟੱਪ ਗਈ ਹੈ। ਘਰੋਂ ਬੀ ਤਾਂ ਤ੍ਰੈ ਚਾਰ ਸੌ ਵਿਘੇ ਦੀ ਮਾਲਕੀ ਡੰਗਰ ਵੱਛਾ

ਘਰ ਕੋਠਾ ਛੱਡ ਕੇ ਆਯਾ ਸੈਂ, ਪਰ ਤਦੋਂ ਵੈਰਾਗ ਸੀ। ਬ੍ਰਹਮ ਦ੍ਰਿਸ਼ਟੀ ਨਹੀਂ ਸੀ, ਅੱਜ ਭਾਗ ਲੱਗਾ ਹੈ ਕਿ ਬ੍ਰਹਮ ਦ੍ਰਿਸ਼ਟੀ ਪ੍ਰਾਪਤ ਹੋਈ ਹੈ।

ਇਸ ਤਰ੍ਹਾਂ ਦੇ ਉਪਦੇਸ਼ ਹੋ ਰਹੇ ਸਨ ਕਿ ਰਾਤ ਵਾਲੇ ਚੋਰ ਆ ਗਏ। ਸੰਤ ਮੰਜੇ ਤੇ ਬੈਠੇ ਸਨ, ਪਿਆਰੇ ਜਗਿਆਸੂ ਸ੍ਰੀ ਭੋਲਾ ਸਿੰਘ ਜੀ ਪੈਂਦ ਵਲ ਖੜ੍ਹੇ ਆਪਣੇ ਗੁਰਮੁਖ ਦਾਤੇ ਦੇ ਬਚਨਾਂ ਦਾ ਅੰਮ੍ਰਿਤ ਪੀ ਰਹੇ ਸਨ। ਇਸ ਵੇਲੇ ਰਾਤ ਵਾਲੇ ਚੋਰ ਆ ਕੇ ਧਰਤੀ ਉਤੇ ਡੰਡੌਤ ਕਰਕੇ ਖੜੇ ਗਏ। ਇਕ ਨੇ ਕਿਹਾ ਹੇ ਸੰਤ ਜੀ ਮਹਾਰਾਜ, ਅਸਾਂ ਤੋਂ ਭਾਰੀ ਖੁਨਾਮੀ ਹੋਈ ਹੈ, ਰਾਤ ਅਸਾਂ ਨੇ ਆਪ ਜੈਸੈ ਜਗਤ ਦੇ ਪਾਲਕ ਦੀ ਖੜ੍ਹੀ ਫਸਲ ਦੀ ਚੋਰੀ ਕੀਤੀ ਹੈ। ਅਸੀਂ ਪਾਪੀ ਲੋਕ ਹਾਂ ਆਪੋ ਧਾਪੀ ਸਾਡਾ ਧਰਮ ਹੈ। ਫਸਲ ਚੌਹਾਂ ਨੇ ਵੱਢੀ ਤ੍ਰੈ ਅਸੀਂ ਤਾਂ ਲੈ ਕੇ ਤਿਤਰ ਹੋਏ ਤੇ ਚੌਥੇ ਸਾਥੀ (ਉਸ ਵਲ ਉਂਗਲ ਕਰਕੇ) ਨੂੰ ਕੁਰਲਾਂਦਾ ਛੱਡ ਗਏ। ਉਸ ਨੂੰ ਆਪ ਦੇ ਪਿਆਰੇ ਨੇ ਫੜ ਲੈਣ ਦੀ ਥਾਵੇਂ ਸਗੋਂ ਪੰਡ ਚੁਕਾ ਦਿਤੀ। ਸਾਡਾ ਇਹ ਸਾਥੀ ਲਿੱਸਾ ਸੀ, ਆਪ ਦਾ ਬਾਲਕਾ ਬਹੁਤ ਤਕੜਾ ਸੀ, ਚਾਹੁੰਦਾ ਤਾਂ ਥਾਂ ਰਖਦਾ, ਚਾਹੁੰਦਾ ਤਾਂ ਮੁਸ਼ਕਾਂ ਤਾੜ ਦਿੰਦਾ, ਪਰ ਉਸ ਨੇ ਸਗੋਂ ਇਸ ਨੂੰ ਪੰਡ ਚੁਕਾ ਦਿਤੀ। ਸਾਨੂੰ ਸਵੇਰ ਸਾਰ ਕਿਸੇ ਦੱਸਿਆ ਹੈ, ਰਾਤ ਜਿਸਨੇ ਤੁਹਾਡੇ ਚੌਥੇ ਸਾਥੀ ਨੂੰ ਪੰਡ ਚੁਕਾਈ ਉਹ ਕੋਈ ਰਾਹੀ ਯਾ ਤੁਹਾਡੇ ਵਰਗਾ ਚੋਰ ਨਹੀਂ ਸੀ, ਉਹ ਤਾਂ ਸੰਤਾਂ ਦਾ ਬਾਲਕਾ ਭੋਲਾ ਸਿੰਘ ਸੀ, ਜੋ ਹੁਣ ਡੇਰੇ ਵਿਚ ਉਚ ਕੋਟੀ ਦਾ ਸੰਤ ਸਮਝਿਆ ਜਾਂਦਾ ਹੈ। ਦੇਖੋ ਉਹ ਆਇਆ ਤਾਂ ਰਾਖੀ ਕਰਨ ਸੀ ਖੜੀ ਫਸਲ ਦੀ, ਪਰ ਉਸਦੀ ਨਜ਼ਰ ਵਿਚ ਚੋਰ ਸਾਧ ਕੀਕੂੰ ਇਕ ਹੋਏ ਹਨ ਕਿ ਚੋਰ ਨੂੰ ਫੜਿਆ ਨਹੀਂ ਸਗੋਂ ਆਪਣਾ ਮਾਲ ਆਪ ਚੁਕਾ ਦਿਤਾ। ਧ੍ਰਿਗ ਹੈ ਤੁਹਾਡੇ, ਜਿਨ੍ਹਾਂ ਨੇ ਐਸੇ ਗੁਰਮੁਖਾਂ ਦੀ ਚੋਰੀ ਕੀਤੀ ਹੈ, ਜਿਨ੍ਹਾਂ ਦਾ ਇਹ ਸਾਰਾ ਅੰਨ, ਅਭਿਆਗਤ ਦੇ ਲੰਗਰ ਤੇ ਖਰਚ ਹੁੰਦਾ ਹੈ, ਹੋਰ ਥੋੜ੍ਹੇ ਸਨ ਖੇਤ ਚੋਰੀ ਲਈ। ਇਹ ਸੁਣ ਕੇ ਸਾਨੂੰ ਡਾਢੀ ਸ਼ਰਮ ਆਈ ਕਿ ਅਸੰ ਤਾਂ ਆਪ ਦਾ ਘਰ ਭੰਨਿਆਂ ਤੇ, ਆਪ ਤਾਂ ਆਪ, ਆਪ ਦੇ ਬਾਲਕੇ ਐਡੇ ਔਗੁਣਾਂ ਦੀ ਥਾਵੇਂ ਗੁਣ ਕਰਨੇ ਵਾਲੇ ਹਨ ਕਿ ਫੜਨ ਦੇ ਤਾਂ ਚੋਰੀ ਦਾ ਮਾਲ ਹੀ ਚੁਕਾ ਦਿਤਾ, ਜਿਵੇਂ ਸਾਡੇ ਪਿਉ ਦਾਦੇ ਦਾ ਹੁੰਦਾ ਹੈ। (ਠੰਢਾ ਸਾਹ ਲੈ ਕੇ) ਇਕ ਪਾਸੇ ਅਸੀਂ ਹਾਂ ਚੋਰ, ਦੂਜੇ ਪਾਸੇ ਆਪ ਦੇ ਸਾਧ ਰਾਖੇ, ਜੋ ਔਹ ਖੜ੍ਹੇ ਹਨ। ਧਿਰਕਾਰ ਹੈ ਸਾਡੇ ਜੀਉਣ ਦੇ। ਅਸੀਂ ਪਾਪੀ ਲੋਕ ਪੱਥਰ ਹੁੰਦੇ ਹਾਂ ਪਰ ਅੱਜ ਸਾਨੂੰ ਉਹ ਸ਼ਰਮ ਆਈ ਹੈ ਕਿ ਜ਼ਿੰਮੀਂ ਵਿਹਲ ਦੇਵੇ ਤਾਂ ਗਰਕ ਹੋ ਜਾਈਏ। ਹੁਣ ਆਪ ਦਾ ਦਰ ਬਖਸ਼ਿੰਦ ਸਮਝ ਕੇ ਆਏ ਹਾਂ, ਚਾਹੇ ਮਾਰੋ, ਚਾਹੇ ਰੱਖੋ, ਚਾਹੇ ਫੜਾ ਦਿਓ ਤੇ ਕੈਦ ਪੁਆ ਦਿਓ। ਚਾਹੇ ਬਖਸ਼ ਦਿਓ। ਆਪ ਦੇ ਦਰ ਆ ਢੱਠੇ ਹਾਂ ਕਿਵੇਂ ਸਾਡਾ ਪਾਪ ਬਖਸ਼ ਹੋ ਜਾਏ ਇਹ ਬਜਰ ਪਾਪ ਹੈ ਜੋ ਅਸਾਂ ਗੁਰੂ ਦੇ ਦੁਆਰੇ ਦਾ ਕੀਤਾ ਹੈ, ਸਾਨੂੰ ਬਖਸ਼ੋ।

ਸੰਤ ਸੁਣਦੇ ਰਹੇ, ਨੈਣ ਮੁੰਦੇ ਰਹੇ, ਫੇਰ ਖੁਲ੍ਹੇ, ਲੰਮਾ ਸਾਹ ਲਿਆ ਤੇ ਬੋਲੇ - ਧੰਨ ਗੁਰੂ ਨਾਨਕ! ਇਕੋ ਕਉਤਕ ਨਾਲ ਮੇਰੇ ਬੱਚੇ ਦੇ ਨੈਣ ਖੁਹਲ ਦਿਤੇ, ਬ੍ਰਹਮ ਦ੍ਰਿਸ਼ਟੀ ਬਖਸ਼ ਦਿਤੀ। ਉਸੇ ਇਕੋ ਕਉਤਕ ਨਾਲ ਚੋਰ ਸਾਧ ਬਣਾ ਦਿਤੇ।

***ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ।***

ਭੋਲਾ ਸਿੰਘਾ! ਤੂੰ ਗੁਣਵਾਨ ਸਾਧੂ ਸੈਂ, ਤੈਨੂੰ ਹੋਰ ਗੁਣ ਲਾ ਕੇ ਗੁਰ ਨਾਨਕ ਨੇ ਹੋਰ ਗੁਣਵਾਨ ਕਰ ਦਿਤਾ, ਤੇਰੀ ਚਰਮ ਦ੍ਰਿਸ਼ਟੀ ਹਿਰ ਲਈ, ਤੈਨੂੰ ਬ੍ਰਹਮ ਦ੍ਰਿਸਟੀ ਦੇ ਦਿਤੀ, ਲੀਲਾ ਦਿਖਾ ਦਿਤੀ, ਲੀਲਾ ਕਰਨ ਹਾਰ ਦਿਖਾ ਦਿਤਾ। ਇਹ ਆਪ ਨੂੰ ਆਪੇ ਚੋਰ ਆਖਣੇ ਵਾਲੇ ਨਿਰਗੁਣ ਸਨ, ਗੁਨਹਗਾਰ ਸਨ, ਇਨ੍ਹਾਂ ਨੂੰ ਗੁਰੂ ਨਾਨਕ ਨੇ ਪਛੁਤਾਵੇ ਦਾ, ਸੱਚੇ ਰਸਤੇ ਆ ਜਾਣ ਦਾ ਗੁਣ ਲਾ ਦਿਤਾ। ਹੁਣ ਸਾਡੇ ਪਾਸ ਕਿਹੜਾ ਗੁਣ ਹੈ ਜੋ ਉਸਨੂੰ ਲਾ ਸਕੀਏ, 'ਤੇਰਾ ਕੋਇ ਨ ਸੁਝਈ ਜੇ ਤਿਸੁ ਗੁਣੁ ਕੋਇ ਕਰੇ।' ਹਾਂ ਅਸੀਂ ਸ਼ੁਕਰ ਕਰੀਏ, ਆਖੀਏ ਧੰਨ ਗੁਰੂ ਨਾਨਕ, ਤੂੰ ਧੰਨ ਹੈ ਜੋ ਨਿਰਗੁਣਾਂ ਨੂੰ ਗੁਣ ਕਰਦਾ ਤੇ ਗੁਣਵੰਤਿਆਂ ਨੂੰ ਹੋਰ ਗੁਣ ਕਰਦਾ ਹੈਂ। ਫੇਰ ਸੰਤ 'ਪਛੁਤਾਵੇ ਨਾਲ ਰੋਂਦੇ ਅਪਰਾਧੀਆਂ' ਵਲ ਤੱਕ ਕੇ ਬੋਲੇ - ਭਾਈ! ਗੁਰੂ ਨਾਨਕ ਨੇ ਅੱਜ ਤੁਹਾਡੀ ਬਾਂਹ ਫੜੀ ਹੈ, ਪੀੜ ਕਰਨ ਵਾਲਾ ਦਾਰੂ ਨਹੀਂ ਪਰ ਮਿੱਠਾ ਦਾਰੂ ਤੁਹਾਡੇ ਨੈਣੀਂ ਪਾਇਆ ਹੈ, ਤੁਹਾਡੇ ਬੀ ਨੈਣ ਖੋਲ੍ਹੇ ਹਨ। ਤੁਹਾਨੂੰ 'ਪਾਪ' ਦੀ ਸੋਝੀ ਹੋ ਆਈ ਹੈ। ਤੁਸੀਂ ਕੀਤੇ ਪਾਪ ਤੇ ਪਛੁਤਾਏ ਹੋ। ਹੁਣ ਤੁਸੀਂ ਗੁਰੂ ਬਾਬੇ ਦਾ ਲੜ ਫੜੋ, ਜਿਨ ਅਗਿਆਨ ਦੇ ਛਉੜ ਕੱਟੇ ਹਨ। ਅੱਜ ਤੋਂ ਚੋਰੀ ਆਦਿ ਪਾਪ ਛੱਡ ਦਿਓ, ਧਰਮ ਦੀ ਕਿਰਤ ਕਰੋ, ਧਰਮ ਦੀ ਖਾਓ, ਕਮਾਈ ਵਿਚੋਂ ਦਸਵੰਧ ਕੱਢ ਕੇ ਭਲੇ ਅਰਥ ਲਾਓ। ਗੁਰਦੁਆਰੇ ਹਾਜ਼ਰ ਹੋਵੋ ਰੋਜ਼, ਕੀਰਤਨ ਸੁਣੋ, ਪੰਜ ਪਾਠ ਰੋਜ਼ ਜਪੁਜੀ ਸਾਹਿਬ ਦੇ ਕਰੋ, ਜੋ ਮਨ ਦੀ ਹੋਰ ਮੈਲ ਕੱਟੀ ਜਾਵੇ। ਉਠਦੇ ਬਹਿੰਦੇ 'ਵਾਹਿਗੁਰੂ' ਦਾ ਜਾਪ ਕਰਿਆ ਕਰੋ। ਕੁਛ ਸਮੇਂ ਮਗਰੋਂ ਆਉਣਾ ਫੇਰ ਗੁਰੂ ਦਸਮੇਂ ਪਾਤਸ਼ਾਹ ਦਾ ਅੰਮ੍ਰਿਤ ਛਕ ਕੇ ਜਹਾਜ਼ੇ ਚੜ੍ਹ ਬੈਠਣਾ। ਤਦ ਤਕ ਤੁਸੀਂ ਚੋਖੇ ਨਿਰਮਲ ਹੋ ਜਾਓਗੇ।

ਚਹੁਵਾਂ ਪਸਚਾਤਾਪੀਆਂ ਨੇ ਮੱਥਾ ਟੇਕਿਆ। ਪਰ ਸੰਤ ਜੀ ਛੇਤੀ ਨਾਲ ਉਠ ਖਲੋਤੇ ਤੇ ਚੌਹਾਂ ਨੂੰ ਬਾਹੋਂ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਲਿਜਾ ਕੇ ਮੱਥਾ ਟਿਕਾਇਆ ਭਈ ਇਹ ਹੈ ਜਾਗਤੀ ਜੋਤ ਗੁਰੂ, ਦੱਸਾਂ ਹੀ ਸਤਿਗੁਰਾਂ ਦਾ ਰੂਪ, ਇਸਨੂੰ ਮੱਥਾ ਟੇਕੋ ਤੇ ਕਿਹਾ, ਦੇਖੋ ਇਸਦਾ ਪਾਠ ਕਰੋ, ਵੀਚਾਰੋ, ਕੀਰਤਨ ਸੁਣੋ, ਅਮਲ ਕਰੋ!

ਫੇਰ ਉਨ੍ਹਾਂ ਵਿਚੋਂ ਇਕ ਨੇ ਕਿਹਾ, ਮਹਾਰਾਜ ਅਸੀਂ ਜੋ ਭਰੀਆਂ ਕਣਕ ਦੀਆਂ ਰਾਤ ਲੈ ਗਏ ਸਾਂ, ਲੈ ਆਏ ਹਾਂ, ਬਾਹਰ ਆਪਦੀ ਡੇਉਢੀ ਵਿਚ ਧਰੀਆਂ ਹਨ ਉਹ ਸੰਭਾਲ ਲਓ। ਬਖਸ਼ ਤਾਂ ਦਿਤਾ ਨੇ, ਹੁਣ ਸਾਡੇ ਅਪਰਾਧ ਨੂੰ ਭੁਲਾ ਕੇ ਲੜ ਲਾਈ ਰਖਣਾ।

ਸੰਤ ਬੋਲੇ - ਗੁਰੂ ਭਲਾ ਕਰੇ। ਪਰ ਕਣਕ ਦੀਆਂ ਭਰੀਆਂ, ਨਾ ਭਾਈ ਇਹ ਮਾਲ ਤੁਹਾਡਾ ਹੈ, ਇਹ ਤੁਸੀਂ ਹੀ ਲੈ ਜਾਓ। ਅੱਗੇ ਤੁਸੀਂ ਆਪ ਨੂੰ ਚੋਰ ਲਖਦੇ ਹੋਏ ਲੈ ਗਏ ਸਾਓ, ਹੁਣ ਸਾਡੇ ਖੁਸ਼ੇ ਨਾਲ ਆਪ ਨੂੰ ਸਾਧੂ ਲਖਦੇ ਹੋਏ ਲੈ ਜਾਓ ਤੇ ਵਰਤੋ। ਉਹ ਬੋਲੇ, ਆਪ ਤਾਂ ਦਰਿਆ ਵਾਂਗੂੰ ਵਗ ਰਹੇ ਹੋ ਹੱਦ ਬੰਨੇ ਭੰਨ ਕੇ, ਪਰ ਸਾਨੂੰ ਲਾਜ ਆਉਂਦੀ ਹੈ। ਅਸੀਂ ਹੁਣ ਸੇਵਾ ਕਰੀਏ ਕਿ ਸਗੋਂ ਤੁਸਾਡੇ ਉਤੇ ਅਸੀਂ ਭਾਰ ਪਾਈਏ। ਇਹ ਡੇਰੇ ਦੀ ਵਸਤੂ ਹੈ, ਸਾਧ ਸੰਗਤ ਦੇ ਕੰਮ ਆਵੇ। ਸੰਤ ਬੋਲੇ, ਭਾਈ ਇਹ ਕਣਕ ਤੁਹਾਡੇ ਭਾਗਾਂ ਦੀ ਸੀ, ਤੁਸਾਂ ਹੀ ਖਾਣੀ ਸੀ। ਅਸਾਂ ਇਹ ਵੱਢਣੀ ਸੀ, ਗਾਹੁਣੀ ਸੀ, ਡੇਰੇ ਲਿਆ ਕੇ ਪੀਸਣੀ ਸੀ ਪਕਾਉਣੀ ਸੀ, ਫੇਰ ਤੁਸਾਂ ਕਿਸੇ ਨਾ ਕਿਸੇ ਤਰ੍ਹਾਂ ਆ ਕੇ ਖਾਣੀ ਸੀ, ਕਿਉਂਕਿ ਸਾਡੀ ਜਾਚੇ ਇਹ ਤੁਹਾਡੇ ਹੀ ਭਾਗਾਂ ਦੀ ਵਸਤੂ ਸੀ। ਹੁਣ ਤੁਸੀਂ ਜੇ ਭਰੀਆਂ ਵਿਚ ਇਸਨੂੰ ਲੈ ਜਾਓਗੇ ਤਾਂ ਸਾਡੇ ਤੇ ਕਿਰਪਾ ਹੋਵੇਗੀ। ਤੁਸੀਂ ਗਾਹੋਗੇ, ਤੁਸੀਂ ਪੀਹੋਗੇ, ਤੁਸੀਂ ਪਕਾਵੋਗੇ ਫੇਰ ਖਾਵੋਗੇ ਸੋ ਤੁਸੀਂ ਇਤਨੀ ਖੇਚਲ ਸਾਡੀ ਬਚਾ ਦਿਓਗੇ.

ਇਸ ਵੇਲੇ ਜੋ ਜੋ ਸਰੀਰ ਕੋਲ ਖੜ੍ਹੇ ਸਨ ਅਸਚਰਜ ਹੋ ਗਏ ਕਿ ਇਕ ਪਾਸੇ ਜਗਿਆਸੂ ਖੜ੍ਹਾ ਹੈ, ਜਿਸ ਨੇ ਰਾਤ ਕਮਾਲ ਕੀਤਾ ਹੈ, ਦੂਏ ਪਾਸੇ ਗੁਰਮੁਖ ਸੰਤ ਖੜ੍ਹਾ ਹੈ ਜਿਸ ਨੇ ਹੁਣ ਉਸ ਤੋਂ ਵੱਧ ਕਮਾਲ ਕੀਤਾ ਹੈ। ਦੋਹਾਂ ਨੇ ਮੈਂ ਮੇਰੀ, ਮੇਰ ਤੇਰ, ਮੈਨੂੰ ਤੈਨੂੰ ਤੇ ਕੈਸੀ ਫਤਹਿ ਪਾਈ ਹੋਈ ਹੈ।

ਸੰਤ ਕੁਛ ਦਿਲਾਂ ਦੀ ਲਖ ਗਏ ਤੇ ਬੋਲੇ ਸਾਧ ਸੰਗਤ ਜੀ, 'ਸਭਿ ਗੁਣ ਤੇਰੇ ਮੈ ਨਾਹੀ ਕੋਇ।' ਤੱਕੋ ਸਾਮ੍ਹਣੇ ਮੰਜੀ ਸਾਹਿਬ ਤੇ ਬਿਰਾਜੇ ਗੁਰੂ ਗ੍ਰੰਥ ਸਾਹਿਬ ਜੀ ਵਲ, ਇਹ ਇਸ ਜਾਗਤ ਗੁਰੂ ਦੀ ਕਲਾ ਵਰਤ ਰਹੀ ਹੈ। ਇਸ ਦੀ ਸਿਖਿਆ ਪੜ੍ਹੋ ਸੁਣੋ, ਵਰਤੋ, ਸਭ ਦੇ ਬੇੜੇ ਪਾਰ ਹੋਣਗੇ।

ਉਹ ਚਾਰੋਂ ਜ਼ੋਰ ਲਾ ਥੱਕੇ ਕਿ ਸੰਤ ਕਣਕ ਰੱਖ ਲੈਣ ਪਰ ਸੰਤ ਨਾ ਮੰਨੇ ਤੇ ਅੰਤ ਇਹ ਕਹਿ ਕੇ ਕਣਕ ਬਖਸ਼ ਦਿਤੀ ਕਿ ਤੁਸੀਂ ਸਾਡਾ ਬਚਨ ਮੰਨ ਕੇ ਸਾਡੀ ਖੁਸ਼ੀ ਸਮਝ ਕੇ ਲੈ ਜਾਓ। ਨਾ ਲਿਜਾਓ ਤਾਂ ਖੁਸ਼ ਨਹੀਂ, ਲੈ ਜਾਓ ਤਾਂ ਸਾਡਾ ਖੁਸ਼ਾਂ ਤੁਸਾਂ ਦੇ ਨਾਲ ਜਾਏਗਾ।

ਸੋ ਸੱਜਣ ਜੀ ਮੈਂ ਆਪ ਨੂੰ ਦੱਸਦਾ ਹਾਂ ਕਿ ਇਹ ਚਾਰੋਂ ਜੋ ਚੋਰ ਬਣ ਕੇ ਆਏ ਸਨ ਇਕ ਅਤੀਤ ਸਿੱਖ ਸਾਧੂ ਦੀ ਚੋਰੀ ਕਰਕੇ ਸਾਧੂ ਹੋ ਗਏ। ਆਪ ਹੁਣ ਇਸ ਜੀਵਨ ਵਿਚ ਵੇਖ ਸਕਦੇ ਹੋ ਕਿ ਦੋਹਾਂ ਨੂੰ ਸੰਤ ਨੂੰ ਭੀ ਤੇ ਸਿਰੇ ਚੜ੍ਹੇ ਜਗਿਆਸੂ ਨੂੰ ਬੀ, ਜੋ ਗੁਰੂ ਘਰ ਦੇ ਅਤੀਤ ਸੰਤ ਸਨ, ਕਿਵੇਂ ਬ੍ਰਹਮ ਪਸਾਰ ਪਸਰਿਆ ਦਿਸਦਾ ਸੀ ਤੇ ਉਨ੍ਹਾਂ ਦੀ ਦ੍ਰਿਸ਼ਟੀ ਕਾਨੂੰਨ, ਮਾਮੂਲੀ ਇਖਲਾਕ ਤੇ ਸਦਾਚਾਰ ਤੋਂ ਕਿੰਨੀ ਉਚੀ ਨਿਕਲ ਗਈ ਸੀ। ਸਾਡਾ ਮਾਰਗ ਹੈ ਤਾਂ ਗ੍ਰਿਹਸਤ ਉਦਾਸ ਦਾ, ਪਰ ਸਾਡੇ ਵਿਚ ਵਿਰਕਤ ਹੋਣਾ ਯਾ ਅਤੀਤ ਹੋਣਾ ਤੇ ਡੇਰੇਦਾਰ ਹੋਣਾ ਖਾਸ ਹਾਲਤਾਂ ਵਿਚ ਕਿਸੇ ਗੱਲ ਦੀ ਮਨਾਹੀ ਨਹੀਂ, ਪਰ ਅਤੀਤਾਂ ਤੇ ਵਿਰਕਤਾਂ ਲਈ ਆਦਰਸ਼ ਬੜਾ ਕਠਨ ਤੇ ਉਚਾ ਹੈ। ਜੋ ਉਸ ਉਚ ਅਵਸਥਾ ਨੂੰ ਅੱਪੜਦੇ ਨਹੀਂ, ਉਹ ਨਾ ਆਪਣਾ ਜੀਵਨ ਸਫਲਾ ਕਰ ਸਕਦੇ ਹਨ, ਨਾ ਉਨ੍ਹਾਂ ਦੇ ਨਮੂਨੇ ਤੋਂ, ਨਾ ਉਨ੍ਹਾਂ ਦੇ ਉਪਦੇਸ਼ਾਂ ਤੋਂ ਜਗਤ ਸੁਖੀ ਹੁੰਦਾ ਹੈ, ਤਿਵੇਂ ਜੋ ਗ੍ਰਿਹਸਤ ਵਿਚ ਰਹਿ ਕੇ ਨਾਮ ਬਾਣੀ ਤੋਂ ਵਿਰਵੇ ਹਨ, ਸੁਭ ਆਚਰਣੀ ਨਹੀਂ, ਘਾਲ ਕੋਈ ਨਹੀਂ ਕਰਦੇ, ਮੋਹ ਮਾਇਆ ਵਿਚ ਵਿਚਰਦੇ ਹਨ ਤੇ ਫੇਰ ਜਗਤ ਨੂੰ ਉਪਦੇਸ਼ ਕਰਦੇ ਹਨ, ਉਹ ਉਪਦੇਸ਼ ਕਰਤਾ ਕਿ ਉਪਦੇਸ਼ਟਾ ਨੈਣੀ ਤੋਂ ਵਿਰਵੇ ਤੇ ਕੰਨਾਂ ਤੋਂ ਬੋਲੇ ਹਨ। ਐਸਾ ਗ੍ਰਿਹਸਤ ਵਿਚ ਬੈਠਾ ਉਪਦੇਸ਼ਕ ਅਗਿਆਨ ਵਿਚ ਬਰੜਾ ਰਿਹਾ ਹੈ ਤੇ ਉਪਦੇਸ਼ਜੀ ਸੁਣਦਾ ਹੋਇਆ ਨਹੀਂ ਸੁਣ ਰਿਹਾ। ਦੋਹਾਂ ਦੇ ਅਮਲ ਅਗਿਆਨ ਵਸ ਹਨ, ਕਲਿਆਣ ਦਾ ਫਲ ਉਨ੍ਹਾਂ ਨੂੰ ਨਹੀਂ ਪੈਂਦਾ।

## ਭਾਈ ਸੋਮਾ (ਸਾਧੂ ਸੰਗ)

ਸੋਹਣਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਜ ਰਿਹਾ ਹੈ। ਰਾਗੀ ਸਿੰਘ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਹਨ, ਝਿੰਮ ਝਿੰਮ ਅੰਮ੍ਰਿਤ ਵਰਸ ਰਿਹਾ ਹੈ, ਅੰਮ੍ਰਿਤ ਵੇਲੇ ਦਾ ਸੁਆਂ ਨਾਲ ਮਿਲ ਰਿਹਾ ਹੈ। ਸੰਗਤ ਮੂਰਤਾਂ ਵਾਂਗੂੰ ਅਡੋਲ ਬੈਠੀ ਹੈ ਮਾਨੋ ਸ਼ਬਦ ਵਿਚ ਨਿਮਗਨ ਹੋ ਰਹੀ ਹੈ। ਜੇ ਕੋਈ ਹੋਰ ਸਿੱਖ ਸਮੇਂ ਤੋਂ ਪਛੜਿਆ ਆ ਅੱਪੜਦਾ ਹੈ ਤਾਂ ਹੌਲੇ ਕਦਮੀ ਮਲਕੜੇ ਜਿਹੇ ਪਿੱਛੇ ਵਾਰ ਬੈਠ ਜਾਂਦਾ ਹੈ ਤੇ ਸੁਰ ਹੋ ਰਹੇ-ਸ਼ਬਦ ਦੇ ਕੀਰਤਨ ਵਿਚ ਜੋੜ ਲੈਂਦਾ ਹੈ, ਐਉਂ ਦੀਵਾਨ ਦੀ ਅਡੋਲਤਾ ਸਰਦ ਰਿਤੁ ਦੀ ਰਾਤ ਵਾਂਗੂ ਸ਼ਾਂਤੀ ਨਾਲ ਭਰਪੂਰ ਜਿਉਂ ਕੀ ਤਿਉਂ ਬਣੀ ਹੋਈ ਹੈ, ਅੰਤ ਰਾਗੀ ਸਿੰਘ ਅੰਤਲੀ ਪਉੜੀ 'ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ' ਤੇ ਅੱਪੜ ਪਏ ਤੇ ਆਸਾ ਦੀ ਵਾਰ ਦਾ ਭੋਗ ਪੈ ਗਿਆ। ਗੁਰੂ ਕੀ ਤਾਬਿਆ ਸੰਤ ਬਿਮਲਾ ਸਿੰਘ ਜੀ ਬੈਠੇ ਸਨ। ਸੰਗਤਿ ਨੇ ਆਪ ਜੀ ਨੂੰ ਐਤਕਾਂ ਬੜੀ ਦੂਰੋਂ, 'ਪਾਂਗੀ' ਪਹਾੜ ਤੋਂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਅਵਤਾਰ ਗੁਰਪੁਰਬ ਤੇ 'ਹਮਾਰੀ ਪਿਆਰੀ ਅੰਮ੍ਰਿਤਧਾਰੀ' ਕਥਾ ਸ੍ਵਣ ਕਰਨ ਵਾਸਤੇ, ਖਾਸ ਆਦਮੀ ਘੱਲ ਕੇ ਸਦਵਾਇਆ ਸੀ। ਆਪ ਜੀ ਨੂੰ ਹੁਣ ਆਵਾਜ਼ ਲੈਣ ਤੇ ਆਵਾਜ਼ ਵਿਚ ਆਏ ਸ਼ਬਦ ਦੀ ਕਥਾ ਕਰਨੇ ਦੀ ਸਾਧਸੰਗਤ ਜੀ ਵਲੋਂ ਆਗਿਆ ਹੋਈ। 'ਧੰਨ ਗੁਰੂ ਨਾਨਕ' ਆਖ ਕੇ ਹੁਕਮ ਲੈਣ ਤੋਂ ਪਹਿਲੇ ਆਪ ਨੇ ਦੋ ਚਾਰ ਸਲੋਕ ਪੜ੍ਹੇ -

***ਸੁਕਹੁ ਟਲ ਗੁਰੁ ਸੇਵੀਐ ਅਹਿਨਿਸ ਸਹਜਿ ਸੁਭਾਇ॥***
***ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥***
***ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥***
***ਤੁਧੁ ਡਿਠੇ ਸਚੇ ਪਾਤਿਸਾਹ ਮਲ ਜਨਮ ਜਨਮ ਦੀ ਕਟੀਐ॥***

ਇਸ ਤਰ੍ਹਾਂ ਦੇ ਗੁਰਬਾਣੀ ਦੇ ਵਾਕ ਪੜ੍ਹਦਿਆਂ ਆਪ ਨੇ ਰੁਮਾਲ ਚਾਇਆ, ਸੀਸ ਨਿਵਾਇਆ ਤੇ ਆਵਾਜਾ ਲਿਆ -

*ਬਿਲਾਵਲ ਮਹਲਾ ੫*
*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥*
*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*
*ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ॥*
*ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ॥*
*ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥*
*ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ॥*
*ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ॥*
*ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰਸਰੀਤਾ॥*

ਆਵਾਜ਼ਾਂ ਡਾਢੀ ਮਧੁਰ ਧੁਨਿ ਨਾਲ ਲਿਆ, ਅੱਖਰ ਸਪਸ਼ਟ ਤੇ ਸ਼ੁੱਧ ਵਾਚੇ, ਸੰਗਤਿ ਤੇ ਸੁਹਣਾ ਪ੍ਰਭਾਵ ਪਿਆ। ਪਾਠ ਕਰਕੇ ਆਪ ਜੀ ਨੇ ਕਥਾ ਆਰੰਭ ਕੀਤੀ –

ਗੁਰੂ ਕੀ ਪਿਆਰੀ ਸਾ ਸੰਗਤਿ ਜੀ! ਗੁਰਬਾਨੀ ਦਾ ਟੀਕਾ ਸਾਧ ਸੰਗਤਿ ਦੀ ਰਸਨਾ ਤੇ ਹੈ। ਫੇਰ ਬੀ ਸਾਧ ਸੰਗਤਿ ਦੀ ਆਗਿਆ ਪਾ ਕੇ ਇਹ ਸਾਧ ਸੰਗਤਿ ਵਿਚ ਗੁਰੂ ਕਾ ਘੱਲਿਆ ਸਰੀਰ ਗੁਰ ਆਸ਼ਯ ਨੂੰ ਗੁਰੂ ਕੀ ਓਟ ਤੇ ਆਸਰਾ ਲੈ ਕੇ ਵਰਣਨ ਕਰਨ ਦਾ ਜਤਨ ਕਰਦਾ ਹੈ।

ਗੁਰੂ ਕੇ ਪਿਆਰਿਓ! ਰਹਾਉ ਦੀ ਤੁਕ ਵਿਚ ਸਾਰੇ ਸ਼ਬਦ ਦਾ ਸਥਾਈ ਭਾਵ ਹੁੰਦਾ ਹੈ। ਗਾਇਨ ਵਿਚ ਰਹਾਉ ਦੀ ਤੁਕ ਬਾਰ-ਬਾਰ ਗਾਵੀਂ ਤੇ ਦੁਹਰਾਈ ਜਾਂਦੀ ਹੈ ਤੇ ਅਰਥ ਭਾਵ ਵਿਚ ਮੁੱਖ ਮਨਤੱਵ ਸਾਰੇ ਸ਼ਬਦ ਦਾ ਰਹਾਉ ਵਿਚ ਹੀ ਦਿੱਤਾ ਹੁੰਦਾ ਹੈ, ਜਿਸਦੀ ਸਮਝ ਕਰ ਲੈਣੇ ਤੇ ਫਿਰ ਸਾਰੇ ਸ਼ਬਦ ਦੇ ਆਸ਼ੇ ਦੀ ਦ੍ਰਿੜ੍ਹਤਾ ਹੋ ਜਾਂਦੀ ਹੈ, ਸੋ ਅਰਥ ਰਹਾਉ ਤੋਂ ਚੁੱਕੀਏ।

ਅੱਜ ਜੀਓ ਜੀ, ਗੁਰਪੁਰਬ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ। ਹਾਂ, ਉਹ ਭਾਗੇ ਭਰਿਆ ਦਿਹਾੜਾ ਹੈ ਜਿਸ ਦਿਨ ਸ੍ਰਿਸ਼ਟੀ ਨੂੰ ਇਕ ਨਵੀਂ ਸਿਖਿਆ ਸਿਖਾਉਣ ਵਾਲਾ ਨੂਰੀ ਗੁਰੂ ਆਇਆ। ਜਿਸ ਨੇ ਗ੍ਰਹਿਸਤ ਵਰਗੇ ਜਕੜਬੰਦ ਵਾਲੇ ਮਾਰਗ ਵਿਚ ਕਲਿਆਣ ਦਾ ਚਾਨਣ ਪਾ ਦਿੱਤਾ। ਜਿਸਨੇ ਕੁਸੰਗ ਤੋਂ ਬਚਾਉਣ ਲਈ ਸੰਗ ਦਾ ਤਿਆਗ ਨਾ ਸਿਖਾਇਆ ਪਰ ਸਤਿਸੰਗ ਪੈਦਾ ਕਰਕੇ ਉਸ ਵਿਚ ਲਾ ਕੇ ਜੀਵਾਂ ਨੂੰ ਕੁਸੰਗ ਤੋਂ ਬਚਾ ਦਿਤਾ। ਜਿਸਨੇ ਬਨਾਂ ਦੇ ਰੁਸੇਵੇਂ, ਤੀਰਥ ਘੁੰਣ ਦੇ ਥਕੇਵੇਂ ਦੂਰ ਕੀਤੇ ਤੇ ਗ੍ਰਿਹਸਤ ਉਦਾਸ ਮਾਰਗ ਟੋਰਿਆ। ਜੈਸਾ ਕਿ ਵਾਕ ਹੈ –

ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ।

ਹਾਂ ਜੀ ਅੱਜ ਉਸ ਉਦੈ-ਸੂਰਜ ਗੁਰੂ ਦਾ ਅਵਤਾਰ ਦਿਨ ਹੈ ਜਿਸਨੇ ਜਗਤ ਦਾ ਅੰਧਕਾਰ ਦੂਰ ਕੀਤਾ ਤੇ ਸਿੱਧਾ ਮਾਰਗ ਵਾਹਿਗੁਰੂ ਪ੍ਰਾਪਤੀ ਦਾ ਰੌਸ਼ਨ ਕੀਤਾ। ਹਾਂ ਅੱਜ –

*ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ॥*
*ਜਿਉਂ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥*
*ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ॥*
*ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥*
*ਸਿਧ ਆਸਣ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ॥*
*ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ॥*
*ਬਾਬੇ ਤਾਰੇ ਚਾਰ ਚੱਕ ਨੌ ਖੰਡ ਪ੍ਰਿਥਮੀ ਸੱਚਾ ਢੋਆ॥*
*ਗੁਰਮੁਖ ਕਲਿ ਵਿਚਿ ਪਰਗਟ ਹੋਆ॥*

ਅੱਜ ਅਵਤਾਰ ਦਿਨ ਤਾਂ ਗੁਰੂ ਨਾਨਕ ਦੇਵ ਜੀ ਆਦਿ ਪਾਤਸ਼ਾਹੀ ਦਾ ਹੈ ਪਰ ਵਾਕ ਵਿਚ ਸ਼ਬਦ ਪੰਜਵੀਂ ਪਾਤਸ਼ਾਹੀ ਜੀ ਦਾ ਆਇਆ ਹੈ। ਇਹ ਸ਼ਬਦ ਉਹ ਗੱਲ ਵਿਸ਼ੇਸ਼ ਕਰਕੇ ਦੱਸਦਾ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਬਖਸ਼ੀ। ਉਸਦਾ ਨਾਮ ਹੈ ਸਤਿਸੰਗ। ਮੈਂ ਦੱਸਿਆ ਹੈ ਕਿ ਅੱਗੇ ਜਗਤ ਰੂਪੀ ਨਰਕ ਤੋਂ ਬਚਣੇ ਦਾ ਉਪਰਾਲਾ ਸੀ ਘਰ ਬਾਰ ਛੱਡ ਕੇ ਬਨਾਂ ਵਿਚ ਜਾ ਕੇ ਤਪ ਕਰਨੇ, ਮਾਨੁਖ ਨੇ ਮਾਨੁਖਾਂ ਦਾ ਸੰਗ ਤਿਆਗ ਕੇ ਅਸੰਗ ਹੋ ਜਾਣਾ। ਗੁਰੂ ਬਾਬੇ ਨੇ ਕਿਹਾ ਕਿ ਕੁਸੰਗ ਤੋਂ ਬਚਣੇ ਲਈ ਮਾਨੁਖ ਮਾਤ੍ਰ ਤੋਂ ਅਸੰਗ ਹੋਣਾ ਜ਼ਰੂਰੀ ਨਹੀਂ, ਸੋ ਜਗਤ ਤੋਂ, ਪਿਆਰੇ ਸਨਬੰਧੀਆਂ ਤੋਂ, ਹਿਤ ਵਾਲੇ ਮਿਤ੍ਰਾ ਤੋਂ ਅਸੰਗ ਹੋ ਕੇ ਬਨਾਂ ਪਰਬਤਾਂ ਵਿਚ ਨਾ ਜਾ ਵਸੋ, ਸੰਗ ਵਿਚ ਰਹੋ ਪਰ ਤਿਆਗ ਕੁਸੰਗ ਦਾ ਕਰੋ ਤੇ ਸਤਿਸੰਗ ਦੀ ਓਟ ਲਓ। ਇਸ ਸਤਿਸੰਗ ਦੇ ਆਸਰੇ ਹੋ ਕੇ ਸੰਗ ਵਿਚ ਵਸੋ, ਬਨਾਂ ਵਿਚ ਅਸੰਗਤਾ ਨਾ ਢੂੰਡੋ। ਅੱਜ ਜੋ ਵਾਕ ਮਹਾਰਾਜ ਜੀ ਨੇ ਬਖਸ਼ਿਆ ਹੈ, ਪੰਜਵੇਂ ਪਾਤਸ਼ਾਹ ਨੇ, ਓਸੇ ਸਤਿਸੰਗ ਦੀ ਮਹਿਮਾ ਦਾ ਬਖਸ਼ਿਆ ਹੈ ਜੋ ਗੁਰੂ ਜੀ ਇਸੇ ਕੁਸੰਗ ਕੁੱਠੀ ਧਰਤੀ ਵਿਚ ਸਤਿਸੰਗ ਦਾ ਹਰਯਾਵਲ ਬ੍ਰਿਛ ਲਹਿਲਹਾ ਗਏ ਹਨ। ਮਹਾਰਾਜ ਫੁਰਮਾਉਂਦੇ ਹਨ ਰਹਾਉ ਦੀ ਤੁਕ ਵਿਚ – ਹੇ ਮੇਰੇ ਮਿਤ੍ਰ, ਮੇਰੇ ਸਿੱਖ, ਸਖਾਓ, ਭਾਈਓ, ਬੰਧਪੋ, ਪਿਆਰਿਓ! ਅੱਜ ਮੈਥੋਂ ਸਾਧੂ ਦੇ ਸੰਗ ਦੀ ਮਹਿਮਾ ਸੁਣੋ। ਇਸ ਸੰਗ ਨਾਲ ਮਨ ਦੀ ਮੈਲ ਉਤਰਦੀ ਹੈ, ਪਾਪ ਦੂਰ ਹੋ ਜਾਂਦੇ ਹਨ ਤੇ ਚਿੱਤ ਮੰਡਲ ਸਾਰਾ ਹੀ ਨਿਰਮਲ ਹੋ ਜਾਂਦਾ ਹੈ। ਕੁੱਛ ਐਸ ਤਰ੍ਹਾਂ ਨਾਲ ਕਿ ਸਾਧੂ ਦਾ ਸੰਗ ਪਾਪ ਕਰਮਾਂ ਤੋਂ ਛੁਡਾ ਦਿੰਦਾ ਹੈ। ਐਉਂ ਨਵੀਂ ਮੈਲ ਮਨ ਤੇ ਪੈਣੀ ਰੁਕ ਜਾਂਦੀ ਹੈ, ਸਾਧੂ ਦਾ ਸੰਗ ਪਰਮੇਸ਼ਰ ਜੀ ਦੀ ਸਿਫਤ ਸਲਾਹ ਵਿਚ ਲਾ ਦਿੰਦਾ ਹੈ, ਇਸ ਤਰ੍ਹਾਂ ਮਨ ਦੀ ਅੰਦਰਲੀ ਮੈਲ ਹਰੀ ਜਾਣੀ ਸ਼ੁਰੂ ਹੋ ਜਾਂਦੀ ਹੈ। ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਾਕ ਹੈ – 'ਗੁਨ ਗਾਵਤ ਤੇਰੀ ਉਤਰਸਿ ਮੈਲੁ॥' ਫੇਰ ਸਾਧੂ ਦੇ ਸੰਗ ਵਿਚ ਨਾਮ ਵਿਚ ਪ੍ਰੀਤ ਪੈਂਦੀ ਤੇ ਵਧਦੀ ਹੈ, ਇਸ ਨਾਲ ਮਨ ਦਾ ਖਿੰਡਾਉ ਦੂਰ ਹੁੰਦਾ ਹੈ, ਏਕਾਗਰਤਾ ਵਧਦੀ ਹੈ, ਜਿਸ ਨਾਲ ਕਿ ਜਨਮ ਜਨਮ ਦੇ ਪਾਪ ਨਵਿਰਤ ਹੁੰਦੇ ਹਨ। ਪਾਪ

ਐਉਂ ਨਵਿਰਤ ਹੁੰਦੇ ਹਨ ਕਿ ਨਾਮ ਅਭਿਆਸ ਨਾਲ ਮਨ ਵਾਹਿਗੁਰੂ ਜੀ ਵੱਲ ਰੁਖ ਕਰਦਾ ਹੈ, ਉਨ੍ਹਾਂ ਦੇ ਪਿਆਰ ਦੇ ਸੰਸਕਾਰ ਅੰਦਰ ਡੂੰਘੇ ਮਨ ਵਿਚ ਲਹਿ ਜਾਂਦੇ ਹਨ, ਜਿੱਥੇ ਕਿ ਕੀਤੇ ਹੋਏ ਪਾਪਾਂ ਦੇ ਸੰਸਕਾਰ ਪਏ ਹੋਏ ਹੁੰਦੇ ਹਨ।

ਸਾਧਸੰਗਤ ਜੀ! ਹੁਣ ਪੱਛਮੀ ਵਿਗਿਆਨਕਾਂ ਨੂੰ ਬੀ ਸਮਝ ਆ ਗਈ ਹੈ ਕਿ ਮਨੁੱਖ ਦਾ ਮਨ ਜੋ ਸੋਚਦਾ, ਵਿਚਾਰਦਾ, ਕੰਮ ਕਰਦਾ ਹੈ ਇਹ 'ਸਗਜ਼ਾਤ ਮਨ' ਹੈ, ਇਸ ਦੇ ਹੇਠਾਂ ਇਕ ਅਰਥ ਸਗਜ਼ਾਤ ਮਨ ਹੈ। ਇਹ ਉਹ ਹੈ ਜਿੱਥੇ ਸਾਡੇ ਵੱਡਿਆਂ ਨੇ ਦੱਸਿਆ ਸੀ ਕਿ ਕੀਤੇ ਕਰਮਾਂ ਦੇ ਸੰਸਕਾਰ ਇਕੱਠੇ ਹੋਏ ਪਏ ਰਹਿੰਦੇ ਹਨ। ਜੋ ਕਰਮ ਕਰੀਦੇ ਹਨ, ਜੋ ਸੋਚੀਦਾ ਤੇ ਬੋਲੀਦਾ ਹੈ, ਸਭ ਦੇ ਚਿੰਨ੍ਹ ਅੰਦਰ ਲਹਿ ਜਾਂਦੇ ਹਨ, ਡੂੰਘੇ ਥਾਂ ਮਨ ਵਿਚ ਵਸ ਜਾਂਦੇ ਹਨ ਤੇ ਪਾਪਾਂ ਦੇ ਸੰਸਕਾਰ ਓਥੋਂ ਦਗਧ ਹੋ ਜਾਂਦੇ ਹਨ, ਐਉਂ ਜਦ ਓਥੇ ਪਾਪਾਂ ਦੇ ਸੰਸਕਾਰ ਦੂਰ ਹੋ ਕੇ ਨਾਮ ਦੇ ਸੰਸਕਾਰ ਭਰ ਜਾਂਦੇ ਹਨ ਤਾਂ ਸਾਰਾ 'ਚਿੱਤ' ਨਿਰਮਲ ਹੋ ਗਿਆ ਕਹੀਦਾ ਹੈ। ਇਸੇ ਕਰਕੇ ਦਾਤਾ ਜੀ ਨੇ ਇਸ ਤੁਕ ਵਿਚ ਸ਼੍ਰੇਣੀ ਬਧ ਗੱਲ ਦੱਸੀ ਹੈ ਕਿ ਨਾਮ ਨਾਲ ਪਹਿਲਾਂ ਸਗਜ਼ਾਤ ਮਨ ਦੀ ਮੈਲ ਉਤਰਨੀ ਆਰੰਭ ਹੋਵੇਗੀ ਫੇਰ ਅੰਦਰੋਂ ਪਾਪਾਂ ਦੇ ਸੰਸਕਾਰ ਧੋਤੇ ਜਾਣਗੇ, ਫੇਰ ਚਿੱਤ ਕਹੋ, ਅੰਤਹਕਰਣ ਕਹੋ ਯਾ ਗਿਆਨੀਆਂ ਦੀ ਬੋਲੀ ਵਿਚ ਚਤੁਸ਼ਟਹ ਅੰਤਹਕਰਣ ਆਖੋ, ਸਾਰਾ ਅੰਦਰਲਾ ਚਿੱਤ ਮੰਡਲ ਨਿਰਮਲ ਹੋ ਜਾਏਗਾ।

ਜਦੋਂ ਅੰਤਹਕਰਣ ਨਿਰਮਲ ਹੋ ਜਾਏਗਾ ਤਾਂ ਉਹੋ ਨਾਮ, ਜੋ ਸਾਧੂ ਦੇ ਸੰਗ ਵਿਚ ਮੱਚ ਖੜੋਤਾ ਸੀ, ਨਾਮੀ ਵਿਚ ਲੈ ਜਾਏਗਾ। ਫਿਰ ਤਾਂ ਸਾਰਾ ਅਗਿਆਨ ਦੂਰ ਹੋ ਜਾਏਗਾ, ਐਉਂ ਭਾਸੇਗਾ ਜਿਸ ਤਰ੍ਹਾਂ ਅੰਨ੍ਹੇ ਨੂੰ ਨੈਣ ਮਿਲ ਗਏ ਹਨ। ਆਮ ਹਾਲਤਾਂ ਵਿਚ ਤਾਂ ਜੀਵ ਦੀ ਬੁੱਧੀ ਨੂੰ ਅਨੇਕਾਂ ਸ਼ੱਕ ਸ਼ੁਭੇ ਸੰਸੇ ਵਿਪਰਯੈ ਅਨੇਕ ਤਰ੍ਹਾਂ ਦੇ ਹਨ੍ਹੇਰੇ ਹਨ, ਕਾਮ, ਕ੍ਰੋਧ, ਲੋਭ, ਮੋਹ ਦੇ ਭੁਲੇਵੇ ਮਨ ਨੂੰ ਛਾਦ ਰਹੇ ਹਨ, ਫੇਰ ਨਾ ਕੇਵਲ ਅੰਦਰ ਚਾਨਣ ਹੋ ਵਰਤੇਗਾ ਸਗੋਂ ਤਿੰਨ੍ਹਾਂ ਭਵਨਾਂ ਦੀ ਸੋਝੀ ਹੋ ਜਾਏਗੀ। ਗੁਰਬਾਣੀ ਆਖਦੀ ਹੈ –

***ਅੰਧੇ ਇਹ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥***
***ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥***

ਸੋ ਐਸੇ ਅੰਨ੍ਹੇ ਅਨੇਕਾਂ ਸਤਿਸੰਗ ਨੇ ਨਾਮ ਨਾਲ ਨਿਰਮਲ ਕਰ ਦਿੱਤੇ ਜੋ ਨਾਮੀ ਨੂੰ ਜਾ ਮਿਲੇ। ਦੇਖੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਤਿ ਕੰਗਾਲ ਲਾਲੋ ਦੇ ਨੈਣ ਖੋਲ੍ਹ ਕੇ ਉਸ ਨੂੰ ਸਾਂਈ ਨਾਲ ਮੇਲ ਦਿੱਤਾ ਤੇ ਉਹ ਸਤਿਸੰਗ ਦਾ ਟਿਕਾਣਾ ਬਣ ਗਿਆ। ਇਸੇ ਤਰ੍ਹਾਂ ਰਾਜਾ ਰਾਇ ਬੁਲਾਰ ਨੂੰ ਸਾਂਈ ਦੀ ਸੋਝੀ ਬਖਸ਼ੀ। ਹਾਂ ਸਾਧਸੰਗਤ ਜੀ! ਗੁਰੂ ਨਾਨਕ ਦੇਵ ਜੀ ਨੇ ਇਕ ਮਨਸੁਖ ਨਾਮੇ ਵਪਾਰੀ ਦੇ ਨੈਣ ਖੋਲ੍ਹੇ, ਉਸਨੂੰ ਸਾਂਈ ਦੀ ਸੋਝੀ ਦਿਤੀ। ਉਹ ਮਨਸੁਖ ਮਨ ਦਾ ਸੁਖੀ ਯਾ ਗੁਰਮੁਖ ਹੋ ਗਿਆ। ਮਨਸੁਖ ਸੰਗਲਾਦੀਪ ਮਾਲ ਖਰੀਦਣ ਗਿਆ ਓਥੇ ਉਹ ਭਜਨ ਸਿਮਰਨ ਕਰੇ ਪਰ ਵਰਤ ਪੂਜਾ ਕੁਛ ਨਾ ਕਰੇ, ਲੋਕਾਂ ਨੇ ਰਾਜੇ ਸ਼ਿਵਨਾਭ ਪਾਸ ਚੁਗਲੀ ਲਾਈ ਕਿ ਇਕ ਐਸਾ ਹਿੰਦੂ ਹਿੰਦ ਥੀਂ ਆਇਆ ਹੈ ਕਿ ਉਹ ਕਰਮ ਭ੍ਰਿਸ਼ਟ ਹੈ। ਰਾਜੇ ਨੇ ਸਦਵਾ ਕੇ ਪੁੱਛਿਆ ਤਾਂ ਮਨਸੁਖ ਨੇ ਕਿਹਾ – ਰਾਜਨ! ਜਿਸ ਕਾਰਣ ਤੁਮ ਬਰਤ ਨੇਮ ਸੰਜਮ ਕਰਤੇ ਹੋ ਸੋ ਵਸਤੁ ਮੈਂ ਪਾਈ ਹੈ। ਕਿਆ ਵਰਤ ਨੇਮ ਕਰਉ। ਰਾਜੇ ਪੁੱਛਿਆ, ਤੂ ਕੀਹ ਪਾਇਆ ਹੈ? ਉਸ ਨੇ ਕਿਹਾ, ਮੈਂ ਮੁਕਤ ਪਾਈ ਹੈ, ਮਹਾਂਪੁਰਖ ਦੇ ਦਰਸ਼ਨ ਪਾਏ ਹਨ, ਓਸ ਮੁਕਤੀ ਬਖਸ਼ੀ ਹੈ।

ਰਾਜੇ ਪੁੱਛਿਆ – ਕਲਿਜੁਗ ਵਿਚ ਕਉਣ ਹੈ ਜਿਸ ਦੇ ਦਰਸ਼ਨ ਕੀਤੇ ਮੁਕਤਿ ਥੀਵੇ? ਤਦ ਬਾਣੀਏ ਨੇ ਗੁਰੂ ਨਾਨਕ ਦੇਵ ਜੀ ਦਾ ਨਾਮ ਲੀਤਾ ਤੇ ਉਨ੍ਹਾਂ ਦੇ ਉਪਦੇਸ਼ ਦਾ ਜ਼ਿਕਰ ਕੀਤਾ। ਰਾਜਾ ਨੂੰ ਚੌਂਪ ਲਗ ਗਈ ਤੇ ਇਸ ਮਨਸੁਖ ਦਾ ਸਤਿਸੰਗ ਕਰਨ ਲਗ ਪਿਆ। ਮਨਸੁਖ ਨੇ ਗੁਰੂ ਕੀ ਬਾਣੀ ਜੋ ਕੰਠ ਸੀ ਸੁਣਾਈ, ਜਿਸ ਕਰ ਰਾਜੇ ਨੂੰ ਹੋਰ ਪ੍ਰੇਮ ਵਧ ਗਿਆ। ਇਸ ਸਾਧੂ ਦੇ ਸੰਗ ਨਾਲ ਐਸਾ ਪ੍ਰੇਮ ਜਾਗਿਆ ਕਿ ਜਿਸਦੀ ਖਿੱਚ ਗੁਰੂ ਜੀ ਨੂੰ ਪਈ ਤੇ ਆਪ ਕਰਤਾਰ ਪੁਰੋਂ ਉਠ ਕੇ ਸੰਗਲਾਦੀਪ ਗਏ। ਸਾਖੀ ਸਭਨਾਂ ਨੂੰ ਯਾਦ ਹੀ ਹੈ ਕਿ ਕਿਵੇਂ ਉਸ ਦਾ ਪਾਰ ਉਤਾਰਾ ਗੁਰੂ ਬਾਬੇ ਨੇ ਕੀਤਾ। ਹੁਣ ਵੀਚਾਰ ਕਰੋ ਰਾਜਾ ਸ਼ਿਵਨਾਭ, ਜੋ ਦਿਖਾਵੇ ਦੇ ਕਰਮਾਂ ਦੇ ਅੰਧਕਾਰ ਵਿਚ ਸੀ, ਕੀਕੂੰ ਉਸ ਨੂੰ ਸਾਧੂ ਦੇ ਸੰਗ ਦੀ ਤੁਫੈਲ ਗੁਰੂ ਪ੍ਰਾਪਤ ਹੋਇਆ ਤੇ ਗੁਰੂ ਦੀ ਤੁਫੈਲ ਤ੍ਰਿਭਵਣ ਦੀ ਸੋਝੀ ਪ੍ਰਾਪਤ ਹੋਈ – ਅਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ।

ਹੁਣ ਪਹਿਲੀ ਤੁਕ ਵਿਚ ਫੁਰਮਾਉਂਦੇ ਹਨ – ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ।' ਪਿੰਗੁਲਾ ਜੋ ਟੁਰ ਨਹੀਂ ਸਕਦਾ, ਉਹ ਕਦੇ ਪਰਬਤ ਤੋਂ ਪਾਰ ਕਿਵੇਂ ਜਾ ਸਕਦਾ ਹੈ? ਜੇ ਪਰਬਤ ਚੜ੍ਹ ਕੇ ਪਾਰਲੇ ਪਾਸੇ ਜਾ ਚੜ੍ਹੇ ਤਾਂ ਅਣਹੋਣੀ ਗੱਲ ਹੋਣੀ ਹੋ ਗਈ। ਸੋ ਦੇਖੋ ਕਉਡਾ ਰਾਖਸ਼ ਸੀ, ਅਰਥਾਤ ਆਦਮਖੋਰ ਜਾਂਗਲੀ ਕੌਮ ਵਿਚੋਂ ਸੀ, ਉਸਦਾ ਮੁਕਤ ਹੋਣਾ ਅਸੰਭਵ ਸੀ, ਪਰ ਗੁਰੂ ਬਾਬੇ ਨੇ ਉਸਨੂੰ ਬੀ ਸਾਂਈ ਦੀ ਸੋਝੀ ਦੇ ਕੇ ਆਤਮ ਰੰਗ ਦੇ ਸ਼ਿਖਰੇ ਚਾੜ੍ਹ ਦਿਤਾ। ਫੇਰ ਇਕ ਕੋੜ੍ਹੀ ਨੇ, ਜੋ ਦੀਪਾਲਪੁਰ ਵਾਲੇ

ਪਾਸੇ ਰਹਿੰਦਾ ਸੀ, ਗੁਰੂ ਨਾਨਕ ਦੇਵ ਜੀ ਦਾ ਇਕ ਰਾਤ ਸੰਗ ਕੀਤਾ ਤਾਂ ਨਾਮ ਧਰੀਕ ਹੋਇਆ ਤੇ ਸੋਝੀ ਪਾ ਕੇ ਤਰ ਗਿਆ, ਦੇਹ ਬੀ ਅਰੋਗ ਹੋ ਗਈ। ਇਹ ਬੀ ਸਮਝੋ ਪਿੰਗਲ ਹੀ ਪਰਬਤ ਪਾਰ ਹੋ ਗਿਆ।

ਆਪ ਨੂੰ ਯਾਦ ਹੋਊ ਕਿ ਸ੍ਰੀ ਗੁਰੂ ਅਮਰਦਾਸ ਜੀ ਪਾਸ ਇਕ ਪ੍ਰੇਮਾ ਨਾਮੇ ਵੱਡੇ ਰੋਗ ਨਾਲ ਗ੍ਰਸਤ ਤੇ ਹੱਥੋਂ ਪੈਰੋਂ ਰੁਹਲਾ ਰਿੜ੍ਹ ਰਿੜ੍ਹ ਕੇ ਪੁੱਜਾ ਸੀ। ਇਸਨੂੰ ਕਿਸੇ ਸਿੱਖ ਸਾਧੂ ਨੇ ਦੱਸਿਆ ਸੀ ਕਿ ਤੇਰਾ ਦੁਖ ਇਲਾਜਾ ਉਪਰਾਲਿਆਂ ਨਾਲ ਦੂਰ ਨਹੀਂ ਹੋ ਸਕਦਾ, ਪਰ ਜੇ ਗੋਇੰਦਵਾਲ ਅੱਪੜ ਕੇ ਤੀਜੇ ਗੁਰੂ ਨਾਨਕ ਦੀ ਆਰਾਧਨਾ ਕਰੇਂ ਤਾਂ ਅਰੋਗ ਹੋ ਜਾਵੇਂਗਾ। ਇਹ ਰਿੜ੍ਹ ਰਿੜ੍ਹ ਕੇ ਗੋਇੰਦਵਾਲ ਪੁੱਜਾ, ਕਿਉਂਕਿ ਕੋਈ ਗੱਡਾ, ਬਹਿਲ, ਯੱਕੇ ਯਾ ਰਥ ਵਾਲਾ ਇਸਦੇ ਰੋਗ ਤੋਂ ਡਰਦਾ ਇਸਨੂੰ ਆਪਣੀ ਸਵਾਰੀ ਤੇ ਨਹੀਂ ਸੀ ਬਿਠਾਉਂਦਾ। ਗੋਇੰਦਵਾਲ ਪਹੁੰਚ ਕੇ ਗੁਰੂ ਪੁਨੀਤ ਦੇ ਦਰਸ਼ਨ ਹੋਏ, ਗੁਰਬਾਣੀ ਕੰਨੀ ਪਈ, ਇਸ ਨੇ ਨਾਮ ਦੀ ਘਾਲ ਆਰੰਭੀ, ਬਾਹਰ ਬੈਠਾ ਹੀ ਕੀਰਤਨ ਸੁਣੇ ਤੇ ਮਗਨ ਹੋ ਹੋ ਜਾਵੇ। ਅੰਤ ਦੇਹ ਬੀ ਅਰੋਗ ਹੋਈ ਤੇ ਬੁੱਧੀ ਵੀ ਆਤਮ ਵਿਸ਼ੈਣੀ ਹੋ ਗਈ। ਗੁਰਮੁਖ ਹੋ ਗਿਆ ਤਾਂ ਮੰਜੀ ਮਿਲੀ। ਜਿਸ ਮਹਾਨ ਪੁਰਖ ਪਾਰਗਿਰਾਮੀ ਦੀ ਨਾਦੀ ਬਿੰਦੂ ਦੁਇ ਗੱਦੀਆਂ ਹੁਣ ਤੱਕ ਸਨਮਾਨ ਨਾਲ ਚੱਲ ਰਹੀਆਂ ਹਨ। ਸੋ ਭਾਈ ਗੁਰਸਿੱਖੋ! ਪਿੰਗੁਲ ਪਰਬਤ ਪਾਰਿ ਪਰੈ, ਗੁਰੂ ਜੀ ਨੇ ਦੱਸਿਆ ਤੇ ਅਨੇਕਾਂ ਵੇਰ ਕਰਕੇ ਦਿਖਾ ਦਿਤਾ। ਸਾਡੇ ਸਭਨਾਂ ਦੀ ਮਤਿ ਪਿੰਗਲ ਹੈ, ਇਹ ਦਿੱਸਦੇ ਜਗਤ ਨੂੰ ਦੇਖਦੀ ਤੇ ਪਰਚਦੀ ਹੈ। ਅਣਦਿਸਦੇ ਨੂੰ ਇਹ ਸਮਝਣੋਂ ਪਿੰਗਲ ਹੈ। ਇਸ ਦਾ ਅਣਦਿਸਦੇ ਵਿਚ ਪਰਮਾਤਮ ਦੇਵ ਨੂੰ ਲਖ ਲੈਣਾ, ਉਸਨੂੰ ਅਨੁਭਵ ਕਰਨਾ ਪਿੰਗਲੇ ਦੇ ਪਰਬਤ ਤੇ ਚੜ੍ਹ ਸਕਣ ਵਾਂਗੂੰ ਕਠਨ ਹੈ, ਪਰ ਜਦ ਸਤਿਸੰਗ ਕਰੇ ਤੇ ਪਾਪ ਤਿਆਗੇ, ਨਾਮ ਜਪੇ ਤਾਂ ਮੈਲ ਦੂਰ ਹੋ ਕੇ ਅੰਦਰਲੀ ਸੋਝੀ ਖੁਲ੍ਹਦੀ ਹੈ, ਜਿਸ ਨਾਲ ਫਿਰ ਇਹ ਦੀਸਹਣਹਾਰ ਦੇ ਮੋਹ ਰੂਪੀ ਪਰਬਤਾਂ ਨੂੰ ਉਲੰਘ ਕੇ ਆਤਮ ਅਨੁਭਵ ਵਿਚ ਪਹੁੰਚ ਜਾਂਦੀ ਹੈ। ਇਹ ਹੈ ਸਾਡੇ ਸਾਰਿਆਂ ਦੀ ਪਿੰਗਲ ਮਤਿ ਲਈ ਮੋਹ ਮਾਇਆ ਦੇ ਪਰਬਤਾਂ ਨੂੰ ਉਲੰਘ ਕੇ ਆਤਮ ਦੇਸ਼ ਅੱਪੜਨ ਦਾ ਉਪਦੇਸ਼, ਜੋ ਗੁਰੂ ਜੀ ਨੇ ਸਾਨੂੰ ਸਭ ਨੂੰ ਦਿੱਤਾ ਹੈ। ਹੁਣ ਸੁਣੋ ਕਿਵੇਂ 'ਖਲ ਚਤੁਰਬਕੀਤਾ'।

ਬਾਣੀ ਨਾਮ ਦੇ ਅਭਿਆਸ ਨਾਲ ਮੈਲ ਦੂਰ ਹੁੰਦੀ ਹੈ ਮਨ ਦੀ ਤੇ ਮਤਿ ਦੀ, ਬੁੱਧ ਉਜਲ ਹੋ ਆਉਂਦੀ ਹੈ। ਐਉਂ ਮੂਰਖ ਚਤੁਰ ਹੋ ਜਾਂਦਾ ਹੈ। ਪਰਧਨ ਤੇ ਪਰਦਾਰਾ ਹਿਰਨ ਵਿਚ ਚਾਤੁਰ ਤਾਂ ਸਭ ਕੋਈ ਹੋ ਸਕਦਾ ਹੈ, ਪਰ ਆਤਮ ਅਨੁਭਵ ਵਿਚ ਚਤੁਰ ਅਰਥਾਤ ਗਿਆਨਵਾਨ ਹੋਣਾ ਕਠਨ ਹੈ, ਜੋ ਇਥੇ ਦਰਸਾਇਆ ਹੈ। ਪਰ ਗੁਰਮੁਖ ਦੀ ਚਤੁਰਾਈ ਆਪ ਨਿਸਤਰਣ ਤੇ ਹੋਰਾਂ ਨੂੰ ਨਿਸਤਾਰਣ ਵਿਚ ਪ੍ਰਗਟ ਹੁੰਦੀ ਹੈ। ਦੇਖੋ ਜੀਓ! ਇਕ ਗੁਰੂ ਨਾਨਕ ਦੇਵ ਜੀ ਦਾ ਸਿੱਖ ਹੋਇਆ ਹੈ, ਜਿਸ ਦਾ ਪ੍ਰਸੰਗ ਜਨਮਸਾਖੀ ਵਿਚ ਬੀ ਆਇਾ ਹੈ ਤੇ ਕਥਾ ਵਾਰਤਾ ਵਿਚ ਬੀ ਸਿਆਣੇ ਕਰਦੇ ਰਹੇ ਹਨ ਤੇ ਆਪਣੇ ਸੰਤ ਜੀ ਬੀ ਦੱਸਿਆ ਕਰਦੇ ਸਨ। ਮੈਂ ਆਪ ਨੂੰ ਉਸ ਦਾ ਪ੍ਰਸੰਗ, ਜਿਵੇਂ ਮੈਂ ਪੜ੍ਹਿਆ ਸੁਣਿਆ ਤੇ ਵੀਚਾਰਿਆ ਹੈ, ਸੁਣਾਉਂਦਾ ਹਾਂ। ਭਾਈ ਸਿੱਖ ਸੰਗਤ ਖਾਲਸਾ ਜੀ! ਅੱਜ ਗੁਰਪੁਰਬ ਹੈ ਗੁਰੂ ਨਾਨਕ ਦੇਵ ਜੀ ਦਾ, ਅੱਜ ਅਸਾਂ ਆਪ ਦੇ ਗੁਣ ਹੀ ਗਾਉਣੇ ਹਨ, ਅੱਜ ਅਸਾਂ ਆਪ ਦੇ ਉਪਕਾਰ ਸੁਣਨੇ ਹਨ, ਅੱਜ ਅਸਾਂ ਆਪ ਦੇ ਉਪਦੇਸਾਂ ਦੀ ਰੋਸ਼ਨੀ ਵਿਚ, ਜੇ ਅੱਗੇ ਨਹੀਂ ਤਾਂ ਅੱਜ ਤੋਂ ਟੁਰਨਾ ਆਰੰਭ ਦੇਣਾ ਹੈ। ਇਸ ਲਈ ਅੱਜ ਦੇ ਸ਼ਬਦ ਦੀ ਕਥਾ ਬੀ ਗੁਰੂ ਬਾਬੇ ਨੇ ਉਹ ਬਖਸ਼ੀ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦਾ ਮਹਿਮਾ ਲੁਕੀ ਪਈ ਹੈ, ਜਿਵੇਂ ਮਹਿੰਦੀ ਦੇ ਸਾਵੇ ਪੱਤੇ ਵਿਚ ਸੂਹਾ ਰੰਗ ਛਿਪਿਆ ਹੋਇਆ ਹੁੰਦਾ ਹੈ। ਸੋ ਭਾਈ! ਸ਼ਬਦ ਦੀ ਕਥਾ ਵਿਚ ਸ਼ਬਦ ਮਾਲਿਕਾਂ ਦੀਆਂ ਮੀਂਹ ਵਸਾਵਣੀਆਂ ਸੁਣੋ ਜੋ ਅਸੀਂ ਬੀ ਉਸ ਮੇਹਰ ਜਲ ਨਾਲ ਤ੍ਰਿਬੁਡ ਹੋ ਕੇ ਮਗਨ ਹੋ ਜਾਵੀਏ।

ਪਿਆਰਿਓ! ਸ੍ਰੀ ਗੁਰੂ ਨਾਨਕ ਦੇਵ ਆਪਣੇ ਇਕ ਸਫਰ ਵਿਚ ਕਿਸੇ ਐਸੇ ਨਗਰ ਗਏ ਜਿਥੋਂ ਦੇ ਲੋਕ ਬੜੇ ਚਤੁਰ ਸਨ। ਵਿਹਾਰ ਕਾਰ ਆਮ ਸੀ ਤੇ ਲੋਕੀ ਮਾਇਆਧਾਰੀ ਸਨ। ਉਹ ਸਾਧੂ ਸੰਤ ਕੋਈ ਆਵੇ ਉਸ ਨੂੰ ਤ੍ਰਿਸਕਾਰਦੇ ਸਨ ਤੇ ਰਹਿਣ ਨੂੰ ਥਾਂ ਤਕ ਨਹੀਂ ਸਨ ਦਿੰਦੇ। ਗੁਰੂ ਜੀ ਨੂੰ ਬੀ ਓਥੇ ਨਾ ਕਿਸੇ ਸਿਰ ਲੁਕਾਈ ਜੋਗਾ ਥਾਂ ਦਿੱਤਾ ਤੇ ਨਾ ਕਿਸੇ ਰੋਟੀ ਪਾਣੀ ਪੁਛਿਆ। ਆਪ ਬਾਹਰ ਉਦਯਾਨ ਵਿਚ ਇਕ ਸ਼ਰੀਂਹ ਤਲੇ ਬੈਠੇ ਸਨ। ਲੋਕੀਂ ਵੇਖਣ, ਹਰਿਆਨ ਹੋਣ ਆਭਾ ਦੇਖ ਕੇ, ਕੁਛ ਭਾਉ ਬੀ ਉਪਜੇ ਪਰ ਮਨ ਦੀ ਚਤੁਰਾਈ ਆਖੇ ਚਲੋ ਇਥੇ ਖੜ ਕੇ ਸਮਾਂ ਨਾ ਗੁਆਓ, ਕੀਹ ਲੈਣਾ ਹੈ, ਸਾਧਾਂ ਪਾਸੋਂ, ਜਿਨ੍ਹਾਂ ਪਾਸ ਰੋਟੀ ਜੋਗਾ ਬੀ ਧਨ ਨਹੀਂ। ਇਸੇ ਨਗਰ ਇਕ ਖੱਤਰੀ ਰਹਿੰਦਾ ਸੀ, ਸੰਤ ਦਸਦੇ ਸਨ ਕਿ ਸੋਮਾ ਕਰਕੇ ਸਦੀਂਦਾ ਸੀ। ਲੋਕ ਤਾਂ ਇਥੋਂ ਦੇ ਹਰ ਤਰ੍ਹਾਂ ਚਤੁਰ ਸਨ ਕਮਾਈਕਰਨ ਵਿਚ, ਛਲਣ ਵਿਚ ਤੇ ਮਾਇਆ ਸੰਚਣ ਵਿਚ, ਪਰ ਇਹ ਸੋਮਾ ਸਾਰੇ ਨਗਰ ਵਿਚ ਘੱਟ ਅਕਲ ਵਾਲਾ ਗਿਣਿਆ ਜਾਂਦਾ

ਸੀ ਤੇ ਕੰਡੂ ਪਿਛੇ ਲੋਕੀਂ ਇਸ ਨੂੰ ਬੁੱਧੂ ਕਿਹਾ ਕਰਦੇ ਸਨ। ਕਿਉਂਕਿ ਇਹ ਛਲ ਕਪਟ ਘੱਟ ਕਰਦਾ ਸੀ। ਸੱਚ ਨੂੰ ਸੱਚ ਜਾਣ ਕੇ ਤਾਂ ਪਿਆਰ ਨਹੀਂ ਸੀ ਕਰਦਾ ਪਰ ਸੁਤੇ ਹੀ ਸੁਭਾਵ ਦਾ ਸਰਲ ਹੋਣ ਕਰਕੇ ਸੱਚ ਦੇ ਨੇੜੇ ਨੇੜੇ ਰਹਿੰਦਾ ਸੀ। ਧਨ ਉਸ ਪਾਸ ਕੁਛ ਪਿਉ ਦਾਦੇ ਦਾ ਸੀ ਤੇ ਕੁਛ ਇਸ ਦੀ ਕਿਸਮਤ ਪੁੱਠੀਆਂ ਸਿੱਧੀਆਂ ਪਾ ਦਿੰਦੀ ਸੀ, ਇਉਂ ਇਹ ਬੀ ਚੋਖਾ ਧਨੀ ਸੀ। ਰਹਿੰਦਾ ਇਹ ਬੀ ਮਾਇਆ ਵਿਚ ਗਲਤਾਨ ਸੀ। ਜਿਥੇ ਗੁਰੂ ਨਾਨਕ ਦੇਵ ਜੀ ਬੈਠੇ ਸਨ ਇਹ ਬੀ ਅਚਾਨਕ ਆ ਨਿਕਲਿਆ। ਜਦ ਲੰਘਿਆ ਪਾਸ ਦੀ ਤਾਂ ਤੱਕਿਓ ਸੁ, ਜੀ ਵਿਚ ਝੁਣਝੁਣੀ ਜੇਹੀ ਹੋਈ, ਕੁਛ ਪਿਆਰੇ ਲੱਗੇ, ਅੱਗੇ ਹੋ ਕੇ ਸੀਸ ਨਿਵਾ ਕੇ ਆਖਣ ਲੱਗਾ, ਤੁਸੀਂ ਸਾਧੂ ਹੋ, ਰਾਤ ਆ ਰਹੀ ਹੈ, ਠੰਢ ਹੈ, ਮੀਂਹ ਦਾ ਰੁਖ ਹੈ, ਬਨ ਵਿਚ ਨੰਗੇ ਥਾਂ ਬੈਠੇ ਹੋ, ਮੇਰੇ ਘਰ ਚੱਲ ਰਹੋ, ਰਾਤ ਆਰਾਮ ਕਰੋ, ਕੁਛ ਮੂੰਹ ਪਾਓ। ਮਾਇਆ ਮੇਰੇ ਪਾਸ ਹੈ, ਚੋਖੀ ਕੱਠੀ ਕੀਤੀ ਹੈ, ਪਰ ਪਤਾ ਨਹੀਂ ਲਗਦਾ ਇਸਨੂੰ ਸਾਂਭਣਾ ਹੀ ਸਾਂਭਣਾ ਹੈ ਕਿ ਇਸ ਨੇ ਕੁਛ ਸੁਖ ਭੀ ਦੇਣਾ ਹੈ ਅਨੋਖਾ। ਸਾਧਾਰਨ ਸੁਖ ਪ੍ਰਾਪਤ ਹੈਨ ਤੇ ਇਨ੍ਹਾਂ ਸੁਖਾਂ ਨਾਲੋਂ ਚੋਖੀ ਬਾਹਲੀ ਮੇਰੇ ਪਾਸ ਹੈ। ਆਓ ਰਾਤ ਰਹੋ ਕੁਛ ਗੱਲਾਂ ਬਾਤਾਂ ਕਰੀਏ। ਗੁਰੂ ਜੀ ਸੁਣ ਕੇ ਮੁਸਕਰਾਏ। ਕੀ ਜਾਣੀਏ ਏਸੇ ਨੂੰ ਖੁੱਭਣੋਂ ਕੱਢਣ ਆਏ ਸਨ, ਜਿਵੇਂ ਕਾਵਾਂ ਦੇ ਵਿਚੋਂ ਆਪਣੀ ਬੋਲੀ ਪਾ ਕੇ ਕੋਇਲ ਆਪਣੇ ਬੱਚੇ ਨੂੰ ਕੱਢ ਲਿਜਾਂਦੀ ਹੈ, ਆਪ ਖੁਸ਼ ਹੋ ਕੇ ਨਾਲ ਟੁਰ ਪਏ। ਰਾਤ ਉਸ ਦੇ ਘਰ ਰਹੇ। ਪਿਛਲੀ ਰਾਤ ਮਰਦਾਨੇ ਨੇ ਕੀਰਤਨ ਕੀਤਾ, ਸੋਮੇ ਤੇ ਅਚਰਜ ਪ੍ਰਭਾਵ ਪਿਆ, ਮਾਇਆ ਤੁੱਛ ਭਾਸੀ। ਦਿਨੇ ਗੁਰੂ ਜੀ ਨਾਲ ਵਾਰਤਾਲਾਪ ਹੋਈ। ਇਸ ਤਰ੍ਹਾਂ ਕੁਛ ਦਿਨ ਆਪ ਜੀ ਓਥੇ ਟਿਕੇ ਰਹੇ। ਉਸ ਦੇ ਖਿਆਲਾਂ ਦਾ ਨੁਕਤਾ ਬਦਲਣ ਲੱਗਾ। ਜੀਵਨ ਨਿਰਾ ਪਸ਼ੂਆਂ ਵਾਂਗੂ ਖਾਣ, ਕੀੜਿਆਂ ਵਾਂਗੂੰ ਇਕੱਠਾ ਕਰਨ ਤੇ ਪੰਛੀਆਂ ਵਾਂਗੂੰ ਉਡਾਰੀਆਂ ਮਾਰਦੇ ਰਹਿਣ ਲਈ ਨਹੀਂ ਹੈ, ਇਹ ਗੱਲ ਭਾਸ ਗਈ ਕਿ ਜੀਵਨ ਕੋਈ ਕੀਮਤੀ ਸ਼ੈ ਹੈ ਤੇ ਇਸ ਦਾ ਕੋਈ ਪ੍ਰਯੋਜਨ ਹਨ, ਸੋਮੇ ਨੂੰ ਹੁਣ ਜੀਉਣਾ ਥੋੜ੍ਹੇ ਦਿਨਾਂ ਦੀ ਖੇਡ ਬੀ ਹੋ ਭਾਸਿਆ। ਪਿਉ ਦਾਦਾ ਯਾਦ ਆਏ। ਜੋੜਦੇ ਹੀ ਮਰ ਗਏ, ਕੋਈ ਵਿਸ਼ੇਸ਼ ਸੁਖ ਨਾ ਡਿੱਠਾ, ਨਾਲ ਬੀ ਨਾ ਲੈ ਗਏ, ਹੱਥ ਝਾੜਦੇ ਹੀ ਮਾਨੋ ਟੁਰ ਗਏ। ਹੁਣ ਪਿਛੇ ਉਨ੍ਹਾਂ ਦਾ ਕੋਈ ਨਾਉਂ ਬੀ ਨਹੀਂ ਲੈਂਦਾ, ਮਾਨੋ ਕਦੇ ਹੋਏ ਹੀ ਨਹੀਂ ਸਨ, ਐਉਂ ਪੜਦਾਦਾ ਲਕੜਦਾਦਾ ਹੋ ਬੀਤੇ ਹੋਣਗੇ। ਉਨ੍ਹਾਂ ਵਾਂਗ ਹੀ ਮੈਂ ਹੋ ਜਾਸਾਂ। ਇਹ ਜੋੜੀ ਹੋਈ ਮਾਇਆ ਕਿਸ ਕੰਮ ਆਸੀ? ਕੋਈ ਇਸ ਦੇ ਨਾਲ ਹੋਰ ਜੋੜਸੀ ਤੇ ਮੇਰੇ ਪਿਉ ਵਾਂਗੂ ਟੁਰ ਜਾਸੀ ਯਾ ਕੋਈ ਵੈਲਦਾਰੀਆਂ ਵਿਚ ਲੁਟਾ ਦੇਸੀ। ਜੀਵਨ ਤਾਂ ਤੇ ਇਸ ਦੇ ਮਗਰ ਬਾਵਲੇ ਹੋਏ ਫਿਰਨ ਲਈ ਨਹੀਂ, ਇਹ ਕੋਈ ਉੱਚੀ ਸ਼ੈ ਕਿਸੇ ਉੱਚੇ ਪ੍ਰਯੋਜਨ ਲਈ ਹੈ। ਇਸ ਤਰ੍ਹਾਂ ਦੀਆਂ ਸੋਚਾਂ ਵਿਚ ਵੈਰਾਗ ਉਸ ਪਰ ਛਾ ਗਿਆ, ਤਾਂ ਗੁਰੂ ਜੀ ਨੇ ਨਾਮ ਦਾਨ ਬਖਸ਼ਿਆ। ਕੀਰਤਨ ਤੇ ਨਾਮ ਨੂੰ ਪ੍ਰਾਪਤ ਹੋ ਕੇ ਮਤਿ ਉਜਲ ਹੋ ਗਈ। ਉਹ ਜੋ ਨਗਰ ਦਾ ਬੁੱਧੂ ਸੀ ਹੁਣ ਉਸ ਵਿਚ ਚਤੁਰਤਾ ਆਈ। ਕੀ ਚਤੁਰਤਾ ਕਿ ਹੋਰ ਚਾਤੁਰਾਂ ਵਾਂਗੂੰ ਪਰਮੇਸ਼ਰ ਨੂੰ ਭੁੱਲ ਕੇ, ਮੌਤ ਨੂੰ ਵਿਸਾਰ ਕੇ, ਦਿਨੇ ਰਾਤ ਕੱਠੀ ਕਰਨ ਉਤੇ ਬਲ ਬੁੱਧਿ ਤੇ ਵਕਤ ਖਰਚ ਕਰੇ ਤੇ ਹੋਰ ਹੋਰ ਦੇ ਮਗਰ ਭੱਜੇ? ਤੇ ਹੋਰਨਾਂ ਤੋਂ ਵੱਡਾ ਧਨੀ ਬਣੇ? ਨਹੀਂ ਉਸ ਨੂੰ ਇਹ ਚਤੁਰਾਈ ਫੁਰੀ ਕਿ ਮੇਰੇ ਪਾਸ ਐਨੀ ਦੌਲਤ ਹੈ ਕਿ ਮੈਂ ਸਾਂਭ ਨਹੀਂ ਸਕਦਾ, ਪਰ ਮੇਰੇ ਕਈ ਹਮਸਾਏ ਭੁੱਖੇ ਹਨ, ਕਈ ਰੋਟੀ ਨੂੰ ਪਏ ਤਰਸਦੇ ਹਨ ਤੇ ਮੈਨੂੰ ਹਾਜ਼ਮੇ ਦੇ ਚੂਰਨ ਖਾਣੇ ਪੈਂਦੇ ਹਨ, ਕਿਉਂ ਨਾ ਇਹ ਪੀੜਿਤ ਲੋਕਾਂ ਦੀ ਪੀੜਾ ਹਰਨ ਤੇ ਖਰਚ ਕਰਾਂ। ਜੇ ਵੈਦ ਕੋਲ ਦਵਾ ਹੋਵੇ ਤੇ ਨਾਂ ਦੇਵੇ ਤਾਂ ਵੈਦ ਦੋਸ਼ੀ, ਜੇ ਹਮਸਾਇਆ ਹੋਵੇ ਭੁੱਖਾ ਨੰਗਾ ਤੇ ਮੈਂ ਰੋਟੀ ਕਪੜਾ ਨਾ ਦਿਆਂ ਤਾਂ ਮੈਂ ਦੋਸ਼ੀ। ਏਹ ਫੁਰਨੇ ਗੁਰੂ ਕੇ ਸ਼ਬਦ ਨੇ ਫੁਰਾਏ, ਨਾਲੇ ਗੁਰੂ ਬਖਸ਼ੇ ਨਾਮ ਨਾਲ ਮਨ ਟਿਕਣ ਲਗ ਗਿਆ ਤੇ ਨਾਮ ਵਿਚ ਸੁਆਦ ਪੈ ਗਿਆ। ਇਕ ਦਿਨ ਗੁਰੂ ਜੀ ਨੂੰ ਆਖਣ ਲੱਗਾ ਪਾਤਸ਼ਾਹ, ਮੇਰੇ ਪਾਸ ਧਨ ਹੈ ਤੇ ਲੋਕ ਦੁਖੀ ਹਨ ਜਗਤ ਵਿਚ, ਇਹ ਧਨ ਲੋੜਵੰਦਾਂ ਨੂੰ ਵੰਡ ਨਾ ਦਿਆਂ? ਮੇਰੇ ਰੋਟੀ ਕਪੜੇ ਲਈ ਥੋੜ੍ਹਾ ਜਿਹਾ ਹੀ ਕਾਫੀ ਹੈ। ਹੋਰ ਸੁਖ ਕੋਈ ਦੀਹਦਾ ਨਹੀਂ। ਭੋਗਾਂ ਵਿਚ ਰਸ ਹੈ ਪਰ ਉਨ੍ਹਾਂ ਦਾ ਅੰਤ ਰੋਗ ਹੁੰਦਾ ਹੈ ਤੇ ਆਪਾ ਖਾਜ ਹੋ ਜਾਂਦਾ ਹੈ। ਜੋ ਅੰਤਰ ਮੁਖ ਸੁਖ ਆਪ ਨੇ ਬਖਸ਼ਿਆ ਹੈ ਉਸ ਲਈ ਧਨ ਦੀ ਲੋੜ ਨਹੀਂ। ਉਹ ਆਪ ਦਿਤਾ ਨੇ, ਅਮੋਲਕ ਸੁਖ ਅਮੁੱਲ ਦੇ ਦਿਤਾ ਨੇ, ਧਨ ਦੀ ਕਿਤੇ ਲੋੜ ਨਹੀਂ। ਜੇ ਆਗਿਆ ਕਰੋ ਤਾਂ ਇਹ ਧਨ ਦੀ ਪੰਡ ਸਿਰੋਂ ਲਾਹ ਕੇ ਹੌਲਾ ਹੋ ਜਾਵਾਂ। ਮਰਦਾਨਾ ਸੁਣ ਕੇ ਅਚਰਜ ਰਹਿ ਗਿਆ। ਆਖਣ ਲੱਗਾ, ਦਾਤਾ! ਤੇਰੇ ਨਾਮ ਦਾ ਜਾਦੂ ਡਾਢਾ ਹੈ। ਕੀਹ ਕੀਤਾ ਨੇ, ਗਰਤ ਘੋਰ ਅੰਧ ਵਿਚ ਡੁਬੇ ਨੂੰ ਕਿੰਝ ਧੂਹ ਕੱਢਿਆ ਨੇ ਮਾਇਆ ਦੇ ਮੋਹ ਵਿਚੋਂ, ਵਾਹ ਮੇਰੇ ਸੁਹਣੇ ਦਾਤਾ!

**ਚਲਦਾ...**

# ਮਾਘਿ ਮਜਨ ਸੰਗਿ ਸਾਧੂਆਂ

***ਪ੍ਰਭਜੋਤ ਕੌਰ***

ਨਵੇਂ ਵਰ੍ਹੇ ਦਾ ਆਗਮਨ, ਪੁਰਾਣੇ ਨੂੰ ਅਲਵਿਦਾ, ਪੋਹ ਦੀ ਸਰਦੀ, ਮਾਘ ਦੀ ਨਿੱਘੀ ਮਿੱਠੀ ਧੁੱਪ ਕੁਦਰਤ ਦੇ ਜਿੰਨੇ ਵੀ ਰੂਪ ਸਾਡੇ ਸਾਮ੍ਹਣੇ ਝਲਕਾ ਦੇ ਰਹੇ ਹਨ, ਉਹ ਅਵਰਨੀਯ ਹਨ। ਸਭਨਾਂ ਵਿਚ ਇਕੋ ਹੀ ਆਪ ਵਰਤਣ ਵਾਲਾ, ਸਾਰੇ ਰਚਨ ਰਚਾਉਣ ਵਾਲਾ ਕੈਸਾ ਹੋਵੇਗਾ। ਉਹ ਜਿਸਦਾ ਕੋਈ ਰੂਪ ਨਹੀਂ ਰੰਗ ਨਹੀਂ ਰੇਖ ਨਹੀਂ, ਭੇਖ ਨਹੀਂ, ਕੈਸੀ ਹਸਤੀ ਹੈ, ਆਦਮੀ ਦੀ conception 'ਚ ਨਹੀਂ ਆ ਸਕਦਾ। ਗੁਰੂ ਮਹਾਰਾਜ ਜੀ ਨੇ ਜੀਵ ਦੀ ਸਥਿਤੀ ਦੇਖੀ, ਕੈਸੀ ਹਾਲਤ 'ਚ ਜੀਵ ਫਸਿਆ ਪਿਆ ਹੈ। ਪਹਿਲਾ ਦੁਖ ਧਰਮ ਆਪੇ ਤੋਂ ਵਿਛੁੜ ਕੇ ਹੋਇਆ। ਹਉਮੈ ਦੇ ਅਧਿਆਸ ਕਾਰਨ ਉਹ ਇਕ ਅਲਗ ਹਸਤੀ ਜੋ ਵਾਹਿਗੁਰੂ ਦਾ ਹੀ ਰੂਪ ਸੀ, ਉਹ ਜੀਵ ਭਾਵ ਦਾ ਰੂਪ ਧਾਰਨ ਕਰ ਗਈ। ਦੂਸਰਾ ਦੁਖ ਇਸ ਦੇ ਪੇਸ਼ ਪਿਆ, ਇਸ ਵਿਚ ਹੋਸ਼ ਆ ਗਈ, ਕਰਮਾਂ ਦੇ ਚੱਕਰਾਂ 'ਚ ਬੰਨ੍ਹਿਆ ਗਿਆ। ਫਿਰਦਾ ਰਿਹਾ, ਫਿਰਦਾ ਰਿਹਾ। ਜਨਮ ਦਰ ਜਨਮ ਆਉਂਦਾ ਰਿਹਾ, ਹਰ ਵਾਰ ਮੌਤ ਦੇ ਦੁਖ ਨੂੰ ਝੱਲਿਆ। ਬਹੁਤ ਦੁਰਦਸ਼ਾ ਹੋਈ, ਉਸ ਦੁਰਦਸ਼ਾਂ ਨੂੰ ਦੇਖ ਕੇ ਗੁਰੂ ਨਾਨਕ ਮਹਾਰਾਜ ਜੀ ਨੇ ਸੰਸਾਰ ਦੇ ਰੰਗ ਮੰਚ ਤੇ ਇਕ ਅਲੌਕਿਕ ਖੇਲ੍ਹ ਕੀਤਾ। ਦੱਸ ਜੋਤਾਂ, ਉਹ ਦੱਸ ਸਰੀਰ ਧਾਰਨ ਕਰਕੇ, ਇਕ ਐਸੀ ਦਿਸ਼ਾ ਸੰਸਾਰ ਨੂੰ ਦਿਖਾਈ ਕਿ ਕੋਈ ਵੀ ਆਏ ਭਰੋਸੇ ਤੇ ਪ੍ਰਤੀਤ ਨਾਲ ਆਏ, ਮਨ ਦਾ ਸ਼ੌਂਕ ਤੇ ਲਗਨ ਹੋਵੇ, ਤੀਬਰਤਾ ਹੋਵੇ, ਪਰ ਸਹਿਜਤਾ ਵਾਲੀ। ਲਗਨ ਹੋਏ ਪਰ ਭਰੋਸੇ ਵਾਲੀ ਤੇ ਪਰਮੇਸ਼ਰ ਦਾ ਮਿਲਾਪ ਵੀ ਜ਼ਰੂਰ ਹੁੰਦਾ ਹੈ। ਪਰ ਜਲਦੇ ਬਲਦੇ ਸੰਸਾਰ, ਅੱਜ ਵੀ ਦੇਖੋ, ਅੱਗ ਲੱਗੀ ਹੋਈ ਹੈ, ਕਿਤੇ ਵੈਰ ਕਿਤੇ ਵਿਰੋਧ, ਕਿਤੇ ਕਾਮ, ਕਿਤੇ ਕ੍ਰੋਧ, ਲੋਭ, ਮੋਹ, ਅਹੰਕਾਰ ਕਿੰਨੇ ਕੁ ਗਿਣੇ ਜਾਣ। ਇਹ ਜੀਵ ਦੇ ਪੇਸ਼ ਪਏ ਹੋਏ ਲੁੱਟ-ਲੁੱਟ ਕੇ ਜੀਵ ਨੂੰ ਕੰਗਾਲ ਕਰਦੇ ਚਲੇ ਜਾ ਰਹੇ ਹਨ। ਸੋ ਐਸੀ ਦਸ਼ਾ ਜਦੋਂ ਮਹਾਰਾਜ ਜੀ ਨੇ ਵਾਚੀ ਤੇ ਆਪ ਜੀ ਨੇ ਸਾਧਸੰਗਤ ਦੀ ਚਾਟਸਾਲ ਜਾਣ ਦਾ ਉਪਦੇਸ਼ ਕੀਤਾ। ਸਾਧੂਆਂ ਦਾ ਸੰਗ ਅਤਿ ਉਤਮ ਦੱਸਿਆ। ਕਿਉਂ ਪੋਹ ਤੋਂ ਬਾਅਦ ਮਾਘ ਦਾ ਮਹੀਨਾ ਚੜ੍ਹਨਾ ਹੈ। ਪੰਚਮ ਪਾਤਸ਼ਾਹ ਜੀ ਦਾ ਪਾਵਨ ਹੁਕਮ ਹੈ ਮਾਘਿ ਮੰਜਨ ਸੰਗ ਸਾਧੂਆਂ। ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਭਾਈ ਮਾਘ ਦੇ ਇਸ ਪਵਿੱਤਰ ਮਹੀਨੇ ਅੰਦਰ ਸਾਧੂਆਂ ਦੀ ਧੂੜੀ ਵਿਚ ਇਸ਼ਨਾਨ ਕਰ।

ਕਿੱਡਾ ਮਹਾਤਮ ਮਹਾਰਾਜ ਜੀ ਨੇ ਦਿਤਾ ਹੈ ਸਾਧੂ ਦੀ ਸੰਗਤ ਨੂੰ। ਵੈਸੇ ਤਾਂ ਹਰ ਮਹੀਨਾ ਹਰ ਦਿਨ ਹੀ ਕੁਝ ਵਿਸ਼ੇਸ਼ ਹੀ ਫੁਰਮਾਨ ਦੇ ਰਹੇ ਹਨ। ਸੰਤ ਮਹਾਰਾਜ ਜੀ ਦੇ ਪਵਿੱਤਰ ਸਰੀਰ ਹੁੰਦਿਆਂ, ਆਪ ਜੀ ਐਸੀ ਬਖਸ਼ਿਸ਼ ਕਰਦੇ ਹੁੰਦੇ ਕਿ ਕੀਰਤਨ ਜਥਿਆਂ ਨੂੰ ਹੁਕਮ ਹੁੰਦਾ ਸੀ ਕਿ ਹੋ ਸਕੇ ਤਾਂ ਸਾਰਾ ਮਹੀਨਾ ਹੀ ਅੰਮ੍ਰਿਤ ਵੇਲੇ, ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਘਰ ਘਰ ਜਾ ਕੇ ਕਰੋ। ਹੁਕਮ ਅਨੁਸਾਰ ਐਸਾ ਰੰਗ ਬਣਦਾ ਰਿਹਾ। ਬਹੁਤ ਵੱਡਾ ਸਹਿਜ ਤਪ ਹੋ ਜਾਂਦਾ। ਸੈਂਕੜੇ ਪ੍ਰੇਮੀਆਂ ਨੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਆਦਿ ਕਰਕੇ, ਜਦੋਂ ਇਕੱਠੇ ਹੋ ਕੇ ਸਤਿਸੰਗ ਕਰਨਾ, ਉਹ ਜੋ ਆਨੰਦ ਪੈਦਾ ਹੁੰਦਾ, ਉਹ ਕਹਿਆ ਨਹੀਂ ਜਾ ਸਕਦਾ। ਵੈਸੇ ਵੀ ਬਾਬਾ ਫਰੀਦ ਜੀ ਦਾ ਤਾਂ ਐਸਾ ਹੀ ਕਥਨ ਹੈ ਕਿ ਜਿਹੜੇ ਬੰਦੇ ਅੰਮ੍ਰਿਤ ਵੇਲੇ ਨਹੀਂ ਜਾਗਦੇ, ਪਿਛਲੀ ਰਾਤ ਨਹੀਂ ਜਾਗਦੇ, ਉਹ ਜੀਉਂਦੇ ਹੀ ਮੋਇਆ ਸਮਾਨ ਹਨ। ਵਾਹਿਗੁਰੂ ਦੇ ਪਿਆਰਿਆਂ ਦਾ ਤੇ ਅੰਮ੍ਰਿਤ ਵੇਲੇ ਦਾ ਸਬੰਧ ਅਨਿੱਖੜਵਾਂ ਹੁੰਦਾ ਹੈ। ਜਦੋਂ ਸਾਰੇ ਪਾਸੇ ਸ਼ਾਂਤੀ ਵਰਤਦੀ ਹੈ। ਵਾਹਿਗੁਰੂ ਜੀ ਦੇ ਘਰ ਤੋਂ ਅਨੇਕਾਂ ਬਰਕਤਾਂ ਵਰਸਦੀਆਂ ਹਨ। ਨਾਮ ਦੀ -

***ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥***
***ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥***
***ਅੰਗ - ੧੩੮੪***

ਦਾਤ, ਹੋਰ ਦਾਤਾਂ, ਸਭ ਕੁਝ ਹੀ ਮਿਲਦਾ ਹੈ। ਉਸ ਵਰਕਤ ਸਾਂਈ ਦੇ ਉਹ ਪਿਆਰੇ, ਆਪਣੇ ਸਾਹਿਬ ਦੀ ਯਾਦ ਵਿਚ ਬੈਠਦੇ ਹਨ ਅਤੇ ਅਨੇਕਾਂ ਜਗਿਆਸੂ ਆਪਣੇ ਧੇਅ ਨਾਲ ਜੁੜਨ ਦੇ ਜਤਨ ਕਰਦੇ ਹਨ। ਫਿਰ ਅੱਗੇ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਭਾਈ ਹਰੀ ਦਾ ਨਾਮ ਧਿਆਉਣਾ ਕਰ, ਸੁਣ ਤੇ ਇਹ ਸਭ ਤੋਂ ਵੱਡਾ ਦਾਨ ਹੈ। ਸਤਿਪੁਰਖ ਕੀ ਕਰਦੇ ਹਨ, ਆਪ ਨਾਮ ਜਪਦੇ ਹਨ, ਜਪਾਉਂਦੇ ਹਨ। ਜੀਅ ਦਾਨ ਦਿੰਦੇ ਹਨ। ਨਾਮ 'ਚੋਂ ਜ਼ਿੰਦਗੀ ਮਿਲਦੀ ਹੈ ਪਰ ਇਹ ਜੀਆਂ ਦਾਨ ਸਿਰਫ ਸਾਧੂ ਦੇ ਸਕਦਾ ਹੈ, ਸਤਿਗੁਰੂ ਦੇ ਸਕਦਾ ਹੈ। ਹਿਰਦੇ ਅੰਦਰ ਨਾਮ ਦਾ ਵਾਸਾ ਹੋ ਜਾਵੇ, ਨਾਮ ਪ੍ਰਗਟ ਹੋ ਜਾਵੇ, ਉਹਦੇ ਸਾਰੇ ਕਰਮ, ਸਭ ਜਨਮਾਂ ਦੀ ਮੈਲ ਉਤਰ ਜਾਂਦੀ ਹੈ। ਫਿਰ ਨਾ ਕਾਮ ਨਾ ਕ੍ਰੋਧ, ਨਾ ਲੋਭ, ਨਾ ਮੋਹ, ਨਾ ਰੋਗ ਨਾ ਸੋਗ, ਸਭ ਦੁਖ ਜੋ ਇਸ ਜੀਵ ਨੂੰ ਚਿੰਬੜੇ ਹਨ, ਉਹ ਉਤਰ ਜਾਂਦੇ ਹਨ,

ਦੂਰ ਹੋ ਜਾਂਦੇ ਹਨ। ਲਾਲਚ ਰੂਪੀ ਕੁੱਤਾ ਵੀ ਕਾਬੂ ਆ ਜਾਂਦਾ। ਇਕ ਵਿਚਾਰਾ ਜੀਵ ਇਤਨੀਆਂ ਬਿਮਾਰੀਆਂ ਦਾ ਗ੍ਰਸਿਆ ਤੇ ਜਦੋਂ ਉਸਦੀ ਖਲਾਸੀ ਹੁੰਦੀ ਹੈ ਫਿਰ ਸਾਰਾ ਸੰਸਾਰ ਕੀ, ਸਾਰੀ ਪ੍ਰਕਿਰਤੀ ਉਹਦੀ ਜੈ-ਜੈਕਾਰ ਕਰਦੀ ਹੈ। 'ਸਚੇ ਮਾਰਗ ਚਲਦਿਆ ਉਸਤਤਿ ਕਰੇ ਜਹਾਨ' ਫਿਰ ਐਸੀਆਂ ਰੂਹਾਂ ਨੂੰ ਸੰਸਾਰ ਹਮੇਸ਼ਾਂ ਯਾਦ ਕਰਦਾ ਹੈ। ਉਹ ਜੀਵਨ ਸਦਾ ਲਈ ਪ੍ਰੇਰਨਾ ਸ੍ਰੋਤ ਬਣਦੇ ਹਨ। ਉਹ ਜੀਵਨ ਕਿੰਨੀਆਂ ਹੀ ਰੂਹਾਂ ਦੇ ਉਧਾਰ ਦਾ ਕਾਰਨ ਬਣਦੇ ਹਨ। ਆਪਾ ਦੇਖਿਆ ਹੈ ਕਿਦਾਂ ਪਿਤਾ ਜੀ ਦਾ ਜੀਵਨ ਅੱਜ ਸਾਰੇ ਸੰਸਾਰ ਲਈ ਪ੍ਰੇਰਨਾ ਦਾ ਸ੍ਰੋਤ ਹੋ ਰਿਹਾ ਹੈ। ਪਤਾ ਨਹੀਂ ਕਿੱਥੋਂ-ਕਿੱਥੋਂ ਪ੍ਰੇਮੀ ਪਿਆਰ 'ਚ ਖਿੱਚੇ ਚਲੇ ਆਉਂਦੇ ਹਨ ਤੇ ਉਨ੍ਹਾਂ ਦੀ ਪਿਆਰੀ ਯਾਦ ਮਨਾਈ ਜਾਂਦੀ ਹੈ।

*ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥*
*ਸਿਧਾ ਪੁਰਖਾ ਕੀਆ ਵਡਿਆਈਆ ॥*

*ਅੰਗ - ੯*

ਆਪ ਜੀ ਫੁਰਮਾਉਂਦੇ ਹੁੰਦੇ ਕਿ ਭਾਈ ਜੋ ਵੀ ਗੁਰਮੁਖ ਗੁਰੂ ਆਸ਼ੇ ਅਨੁਸਾਰ ਜੀਵਨ ਗੁਜ਼ਾਰਦਾ ਹੈ। ਨੇਕ ਨੀਤੀ ਦੀ ਕਿਰਤ ਕਰਦਾ ਹੈ, ਨਾਮ ਜਪਦਾ ਹੈ, ਦਸਵੰਧ ਕਢਦਾ ਹੈ, ਜਿਸਦਾ ਆਚਾਰ-ਵਿਹਾਰ ਸ਼ੁੱਧ ਹੁੰਦਾ ਹੈ, ਉਹ ਸੰਸਾਰ ਤੋਂ ਬਾਇਜ਼ਤ ਵਿਦਾਈ ਲੈਂਦਾ ਹੈ। ਪਿਛਲੇ ਦਿਨੀਂ ਇਕ ਬਹੁਤ ਹੀ ਗੁਰਮੁਖ ਰੂਪ ਸੰਸਾਰ ਤੋਂ ਵਿਦਾ ਹੋਈ। ਉਥੇ ਮੈਂ ਦੇਖਿਆ ਕਿ ਕਿੰਨੇ ਅਦਬ ਨਾਲ ਜਾਂਦੇ ਹਨ ਗੁਰਮੁਖ ਪਿਆਰੇ। ਸਾਰਾ ਸੰਸਾਰ ਉਨ੍ਹਾਂ ਨੂੰ ਪਿਆਰ ਕਰਦਾ ਤੇ ਫਿਰ ਜਦੋਂ ਉਹ ਸਰੀਰ ਤਿਆਗਦੀਆਂ ਹਨ -

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਨਾਮ ਦੀ ਰੰਗਣ ਵਿਚ ਰੰਗੀਆਂ ਇਹ ਰੂਹਾਂ ਹਮੇਸ਼ਾਂ ਲਈ, ਸੰਸਾਰ ਨੂੰ ਨਾਮ ਦਾ ਪ੍ਰਕਾਸ਼ ਵੰਡਦੀਆਂ ਹਨ। ਇਥੇ ਵੀ ਇੱਜ਼ਤ ਤੇ ਦਰਗਾਹ ਵਿਚ ਵੀ ਜੈ-ਜੈਕਾਰਾਂ ਹੁੰਦੀਆਂ ਹਨ। ਅੱਗੇ ਸਤਿਗੁਰੂ ਮਹਾਰਾਜ ਫੁਰਮਾਉਂਦੇ ਹਨ ਕਿ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨ। ਸਾਰੇ ਤੀਰਥਾਂ ਦਾ ਫਲ ਮਿਲਦਾ ਹੈ, ਜੇ ਕਰ ਆਦਮੀ ਵਿਚ ਦਇਆ ਦਾ ਵਾਸਾ ਹੋ ਜਾਏ। ਦਇਆ ਧਰਮ ਦੀ ਮਾਂ ਹੈ। ਜਿਥੇ ਦਇਆ ਨਾ ਹੋਵੇ, ਉਥੇ ਧਰਮ ਨਹੀਂ ਹੁੰਦਾ। ਮਹਾਰਾਜ ਜੀ ਨੇ ਦਇਆ ਨੂੰ ਬਹੁਤ ਜ਼ਿਆਦਾ ਵੱਡਾ ਕਿਹਾ। ਜੀਵਾਂ ਉਤੇ ਦਇਆ ਕਰਨੀ। ਨਾ ਕਿ ਗਲ ਵੱਢ-ਵੱਢ ਕੇ ਖਾਏ। ਪਰ ਸੰਸਾਰ ਦੀ ਦਸ਼ਾ ਕੁਝ ਐਸੀ ਹੋ ਰਹੀ ਹੈ ਕਿ ਅਸੀਂ ਬਿਨਾਂ ਸੋਚੇ ਸਮਝੇ ਸਤਿਪੁਰਖਾਂ ਦੇ, ਗੁਰੂ ਪੀਰਾਂ ਦੇ ਜੀਵਨ ਬਿਰਤਾਂਤਾਂ ਅੰਦਰ ਐਸੀਆਂ ਅਣਹੋਈਆਂ ਗੱਲਾਂ ਜੋੜਨ ਲਗ ਪਏ ਹਾਂ। ਸਤਿਪੁਰਖ ਚਾਹੇ ਕੋਈ ਹੋਵੇ, ਕਿਸੇ ਮਜ਼ਹਬ ਨਾਲ ਸਬੰਧ ਰਖਦਾ ਹੋਵੇ, ਉਨ੍ਹਾਂ ਦੇ ਜੀਵਨ ਅੰਦਰ ਬਹੁਤਾ ਅੰਤਰ ਨਹੀਂ ਹੁੰਦਾ। ਸਰੀਰਕ ਕਿਰਿਆ ਭਲੇ ਹੀ ਅਲੱਗ-ਅਲੱਗ ਹੋਵੇ। ਮਾਘਿ ਦੇ ਮਹੀਨੇ ਦੀ ਬਾਬਤ ਅੱਗੇ ਸਤਿਗੁਰੂ ਫੁਰਮਾਉਂਦੇ ਹਨ ਕਿ ਇਹ ਸਾਰੇ ਗੁਣ, ਇਹ ਸਭ ਉਸਨੂੰ ਪ੍ਰਾਪਤ ਹੁੰਦਾ ਹੈ ਜਿਸ ਤੇ ਗੁਰੂ ਮਿਹਰਵਾਨ ਹੋਵੇ ਅਤੇ ਉਹ ਪੁਰਖ ਸੁਜਾਣ ਹਨ। ਸਿਆਣੇ ਹਨ, ਸੁਭਾਗੇ ਹਨ। ਗੁਰੂ ਆਪਣੀ ਕ੍ਰਿਪਾ ਸਦਕਾ ਇਹ ਸਭ ਕੁਝ ਇਕ ਸਿੱਖ ਨੂੰ ਬਖਸ਼ਿਸ਼ ਕਰਦੇ ਹਨ। ਵਾਹਿਗੁਰੂ ਜੀ ਵੀ ਉਨ੍ਹਾਂ ਨੂੰ ਮਿਲਦੇ ਹਨ ਜਿਸ ਤੇ ਪੂਰੇ ਗੁਰੂ ਦੀ ਮਿਹਰ ਹੋਵੇ। ਮਹਾਰਾਜ ਜੀ ਫੁਰਮਾਉਂਦੇ ਹਨ ਕਿ ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਪ੍ਰਗਟ ਹੁੰਦੇ ਹਨ। ਉਹੀ ਪੁਰਖ, ਉਹੀ ਪਿਆਰੇ ਸੋਭਨੀਕ, ਸੁੱਚੇ ਹਨ ਜਿਨ੍ਹਾਂ ਤੇ ਪੂਰਾ ਗੁਰੂ ਮਿਹਰਵਾਨ ਹੁੰਦਾ ਹੈ। ਕਿਹੋ ਜਿਹੇ ਕਰਮ ਕਰਨ ਦਾ ਸਾਨੂੰ ਆਦੇਸ਼ ਸਤਿਗੁਰੂ ਕਰ ਰਹੇ ਹਨ। ਇਸ ਪਵਿੱਤਰ ਮਹੀਨੇ ਦੀ ਬਾਬਤ, ਉਹ ਹੈ ਕਿ ਸਤਿਸੰਗਤ ਕਰ ਕਿਉਂਕਿ-

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਸਤਿਸੰਗਤ ਜਾ ਕੇ ਹੀ ਆਦਮੀ ਵਾਹਿਗੁਰੂ ਨਾਲ ਜੁੜਦਾ ਹੈ, ਸਤਿਪੁਰਸ਼ਾਂ ਦਾ ਸੰਗ ਕਰਕੇ, ਜੀਵਨ 'ਚ ਇਨਕਲਾਬ ਆਉਂਦਾ ਹੈ, ਜੀਵਨ ਬਦਲਦੇ ਹਨ, ਆਦਮੀ ਨੂੰ ਆਪਣੇ ਆਪ ਦੀ ਸੋਝੀ ਪੈਂਦੀ ਹੈ। ਵੱਡਾ ਸਵਾਲ ਇਹੀ ਹੈ ਕਿ ਤਕਰੀਬਨ ਆਮ ਕਰਕੇ ਸਾਨੂੰ ਇਹੀ ਨਹੀਂ ਪਤਾ ਕਿ ਅਸੀਂ ਕੌਣ ਹਾਂ। ਸੋ ਇਸ ਗੱਲ ਨੂੰ ਜਾਨਣ ਤੋਂ ਬਾਅਦ ਜਦੋਂ ਬੁੱਝਣ ਦੀ ਵਾਰੀ ਆਂਦੀ ਹੈ, ਉਸ ਵੇਲੇ ਮਹਾਂਪੁਰਖ, ਗੁਰੂ ਆਪ ਹੀ ਸਹਾਈ ਹੁੰਦੇ ਹਨ। ਰਹੋ ਵੀਚਾਰ, ਮਾਘ ਦਾ ਮਹੀਨਾ, ਸਾਨੂੰ ਉਨ੍ਹਾਂ ਮਹਾਨ ਰੂਹਾਂ ਦਾ ਚੇਤਾ ਦਿਵਾਉਂਦਾ ਹੈ ਜੋ ਗੁਰੂ ਤੋਂ ਵਿਛੜੇ, ਜ਼ਰੂਰ ਪਰ ਜਦੋਂ ਗੁਰੂ ਨੇ ਕਿਰਪਾ ਕਰਕੇ ਮੇਲੇ ਉਦੋਂ ਅਮਰ ਹੋ ਕੇ ਸੰਸਾਰ ਤੋਂ ਵਿਦਾ ਹੋਏ। ਮਾਘੀ ਦੀ ਸੰਗਰਾਂਦ, ਸ੍ਰੀ ਮੁਕਤਸਰ ਸਾਹਿਬ ਦੇ ਸਥਾਨ ਤੇ ਜੋ ਵਾਪਰਿਆ, ਕੋਈ ਉਸ ਬਿਰਤਾਂਤ ਤੋਂ ਅਣਜਾਣ ਨਹੀਂ। ਉਹ ਚਾਲੀ ਸਿੰਘ, ਜਦੋਂ ਗੁਰੂ ਕਲਗੀਧਰ ਪਾਤਸ਼ਾਹ ਦੇ ਪ੍ਰੇਮ 'ਚ ਸ਼ਹੀਦ ਹੋਏ ਤਾਂ ਚਾਲੀ ਮੁਕਤੇ ਹੋਏ। ਇਹ ਵੀ ਇਕ

ਬਹੁਤ ਪਿਆਰੀ ਯਾਦ ਹੈ ਜਦੋਂ ਉਸ ਸਾਰੇ ਕੌਤਕ ਵਲ ਧਿਆਨ ਜਾਂਦਾ ਹੈ, ਤਾਂ ਕਲਗੀਧਰ ਪਾਤਸ਼ਾਹ ਦੀ ਬਖਸ਼ਿਸ਼ ਆਪ ਮੁਹਾਰੇ ਸਾਮ੍ਹਣੇ ਆ ਖਲੋਂਦੀ ਹੈ। ਭਾਈ ਮਹਾਂ ਸਿੰਘ ਜੰਗ-ਏ-ਮੈਦਾਨ ਵਿਚ ਪਏ ਹਨ, ਜ਼ਖਮੀ, ਸਰੀਰ ਤਾਰ-ਤਾਰ ਹੋਇਆ ਪਿਆ ਹੈ। ਕਲਗੀਧਰ ਪਾਤਸ਼ਾਹ ਆਪ ਆ ਕੇ ਇਕ-ਇਕ ਸਿੰਘ ਨੂੰ ਨਿਵਾਜ ਰਹੇ ਹਨ, ਆਹ ਮੇਰਾ ਪੰਜ ਹਜ਼ਾਰੀ ਹੈ, ਇਹ ਮੇਰਾ ਦੱਸ ਹਜ਼ਾਰੀ ਹੈ। ਸੱਚਮੁੱਚ ਐਨਾ ਪਿਆਰ ਆਪਣੇ ਸਿੱਖ ਦੇ ਲਈ, ਸਿਰਫ ਸਤਿਗੁਰੂ ਦੇ ਹਿਰਦੇ ਵਿਚ ਕੀ ਹੋ ਸਕਦਾ ਹੈ। ਇਕ-ਇਕ ਨੂੰ ਆ ਕੇ ਸੰਭਾਲ ਰਹੇ ਹਨ। ਭਾਈ ਮਹਾਂ ਸਿੰਘ ਜੀ ਦਾ ਸੀਸ ਚੁੱਕ ਕੇ ਪਵਿੱਤਰ ਗੋਡੇ ਤੇ ਰੱਖ ਕੇ ਪੁੱਛਦੇ ਹਨ ਭਾਈ ਮਹਾਂ ਸਿੰਘ ਮੰਗੋ ਕੀ ਮੰਗਦੇ ਹੋ। ਭਾਈ ਸਾਹਿਬ ਦੇ ਨੇਤਰਾਂ 'ਚੋਂ ਜਲ ਦੀ ਧਾਰਾ ਵਹਿ ਰਹੀ ਹੈ, ਅਰਦਾਸ ਕਰਦੇ ਹਨ ਕਿ ਹੇ ਸਤਿਗੁਰੂ, ਹੇ ਤਰੁੱਠੇ ਹੋ ਤਾਂ ਟੁੱਟੀ ਗੰਢ ਲਓ। ਸਤਿਗੁਰੂ ਜੀ ਨੇ ਬੇਦਾਵਾ ਕੱਢਿਆ, ਪਾੜ ਦਿਤਾ। ਤਦੇ ਤਾਂ ਪੰਜਵੇਂ ਗੁਰੂ ਨਾਨਕ ਫੁਰਮਾਉਂਦੇ ਹਨ -

*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥*

*ਅੰਗ - ੨੭੫*

ਟੁੱਟੀ ਗੰਢਣ ਵਾਲੇ, ਪ੍ਰੀਤਾਂ ਪਾਲਣ ਵਾਲੇ ਉਸ ਮਾਲਕ ਦੀ ਯਾਦ ਅਤੇ ਉਸਦੇ ਪਿਆਰ 'ਚ ਰੰਗੇ ਉਸ ਦਾ ਰੂਪ ਹੋਏ ਉਨ੍ਹਾਂ ਮਹਾਨ ਗੁਰਸਿੱਖਾਂ ਦੀ ਸ਼ਹਾਦਤ ਵੀ ਇਸ ਮਹੀਨੇ ਅੰਦਰ ਮਨਾਈ ਜਾਂਦੀ ਹੈ।

ਸਤਿਗੁਰੂ ਕ੍ਰਿਪਾ ਕਰਨ, ਪਿਛਲਾ ਵਰ੍ਹਾ ਆਪ ਜੀ ਦੀ ਕ੍ਰਿਪਾ ਸਦਕਾ ਸੁਖ ਦਾ ਬਤੀਤ ਹੋਇਆ, ਇਹ ਨਵਾਂ ਸਾਲ ਆਪ ਜੀ ਦੀ ਹੀ ਯਾਦ ਵਿਚ ਬਤੀਤ ਹੋਵੇ। ਸੰਤ ਮਹਾਰਾਜ ਜੀ ਤੇ ਬੀਜੀ ਦੀ ਅਪਾਰ ਅਪਾਰ ਕ੍ਰਿਪਾ ਸਦਕਾ ਖੁਸ਼ੀਆਂ ਭਰਿਆ ਹੋਵੇ। ਮੇਰੀ ਤਾਂ ਇਹੀ ਅਰਦਾਸ ਹੈ ਕਿ ਸਤਿਗੁਰੂ ਸਾਰੇ ਸੰਸਾਰ ਨੂੰ ਆਪਣਾ ਪਿਆਰ ਬਖਸ਼ਣ ਤੇ ਸਭ ਦਾ ਕਲਿਆਣ ਹੋਵੇ। ਬਾਕੀ ਰਤਵਾੜਾ ਸਾਹਿਬ, ਜੋ ਕਿ ਸਤਿਪੁਰਖਾਂ ਨੇ ਇਕ ਸੇਵਾ ਤੇ ਸਿਮਰਨ ਦਾ ਕੇਂਦਰ ਸਥਾਪਿਤ ਕੀਤਾ। ਪਿਤਾ ਜੀ ਦੇ ਆਦੇਸ਼ਾਂ ਅਨੁਸਾਰ ਆਪਣੇ ਆਸ਼ੇ ਵਲ ਨੂੰ ਵਧ ਰਿਹਾ ਹੈ। ਸੇਵਾ-ਸਿਮਰਨ ਦੇ ਕੁੰਭ ਚਲ ਰਹੇ ਹਨ। ਸਭ ਪ੍ਰੇਮੀ ਤਨ, ਮਨ, ਧਨ ਨਾਲ ਸੇਵਾ ਸਿਮਰਨ 'ਚ ਲਗ ਰਹੇ ਹਨ। ਬਾਕੀ ਆਓ, ਸਾਰੇ ਹੀ ਬੀਜੀ ਦੀ ਸਿਹਤਯਾਬੀ ਲਈ ਅਰਦਾਸ ਕਰੀਏ। ਆਪ ਜੀ ਦਾ ਸਰੀਰ ਬੇਕੀਮਤੀ ਹੈ। ਗੁਰੂ ਕ੍ਰਿਪਾ ਕਰਨ ਆਪ ਜੀ ਨੂੰ ਲੰਬੀ ਆਯੂ ਤੇ ਸਰੀਰਕ ਅਰੋਗਤਾ ਬਖਸ਼ਣ ਤਾਂ ਜੋ ਆਪਾਂ ਨੂੰ ਬੀਜੀ ਦੀ ਅਸੀਸ ਤੇ ਪਿਆਰ ਤੇ ਬਖਸ਼ਿਸ਼ ਹਮੇਸ਼ਾ ਨਸੀਬ ਹੁੰਦੀ ਰਹੇ।

(ਪੰਨਾ 36 ਦਾ ਬਾਕੀ)

ਪਿਆਰਾ ਸਤਿਗੁਰੂ! ਕਿ ਚੌਦਾਂ ਸਾਲ ਤੋਂ ਬਾਅਦ ਵੀ ਨਹੀਂ ਸਾਨੂੰ ਭੁੱਲਿਆ। ਉਸ ਵੇਲੇ ਸੰਗਤ ਦੀ ਖੁਸ਼ੀ ਦਾ ਕੀ ਅੰਦਾਜ਼ਾ ਹੈ, ਬੜੇ ਦਿਨ ਉਥੇ ਸੰਗਤ ਰਹੀ। ਫੇਰ ਸ਼ਿਵਦੱਤ ਨੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਜਦੋਂ ਸਰੀਰ ਛੱਡਣ ਲੱਗਿਆ ਤਾਂ ਮਹਾਰਾਜ ਨੇ ਚੁੱਕ ਕੇ ਆਪਣੇ ਪੱਟ ਤੇ ਧਰ ਲਿਆ, ਕਿੰਨਾ ਧੰਨ ਸੀ ਏਸ ਦਾ ਪਿਆਰ।

ਸੋ ਸਾਧਸੰਗਤ ਜੀ! ਐਸਾ ਸਤਿਗੁਰੂ ਜਿਸਦੀ ਆਪਾਂ ਯਾਦ ਮਨਾਈ ਹੈ। ਯਾਦ ਵਿਚ ਆਓ, ਉਹਦੇ ਨਾਲ ਜੁੜੋ, ਜਿਹੜੇ ਟੁੱਟ ਚੁੱਕੇ ਹੋਂ, ਦੁਬਾਰਾ ਜੁੜੋ। ਉਹਨੇ ਨਹੀਂ ਸਾਨੂੰ ਭੁੱਲਣਾ, ਅਸੀਂ ਵੀ ਚਲੇ ਜਾਵਾਂਗੇ, ਫੇਰ ਸਾਡੇ ਬੱਚੇ ਆ ਜਾਣਗੇ, ਉਹ ਵੀ ਚਲੇ ਜਾਣਗੇ, ਉਨ੍ਹਾਂ ਦੇ ਬੱਚੇ ਆ ਜਾਣਗੇ, ਲੇਕਿਨ ਗੁਰੂ ਦਸ਼ਮੇਸ਼ ਪਿਤਾ ਐਸੇ ਤਰ੍ਹਾਂ ਰਹਿਣਗੇ ਜਿਵੇਂ ਆਹ ਸੂਰਜ, ਚੰਦ ਨੇ। ਉਨ੍ਹਾਂ ਨੇ ਸਭ ਦੇ ਦਿਲ ਵਿਚ ਐਨਾ ਪਿਆਰ ਪਾ ਲਿਆ ਜਿਨ੍ਹਾਂ ਨੂੰ ਅਸੀਂ ਅਜੇ ਜਾਣਦੇ ਵੀ ਨਹੀਂ ਉਨ੍ਹਾਂ ਨੂੰ ਵੀ ਉਹਦਾ ਪਿਆਰ ਆਉਣਾ। ਪਿਆਰ ਕਰੋ ਐਸੇ ਸਤਿਗੁਰੂ ਨੂੰ, ਜਿਹਨੇ ਸਭ ਕੁਛ ਵਾਰ ਦਿਤਾ, ਕੁਛ ਨਹੀਂ ਰੱਖਿਆ, ਨਾ ਕੋਈ ਸਾਹਿਬਜ਼ਾਦਾ, ਨਾ ਆਪਣਾ ਘਰ, ਨਾ ਆਪਣਾ ਆਪ, ਸਾਰਾ ਹੀ ਪਰਿਵਾਰ ਸਾਡੇ ਉਤੇ ਵਾਰ ਦਿਤਾ। ਸੋ ਉਸਦੀ ਅਸੀਂ ਅੱਜ ਯਾਦ ਮਨਾਉਂਦੇ ਹੋਏ ਕੁਛ ਫੈਸਲੇ ਕਰੋ ਮਨਾਂ ਦੇ ਅੰਦਰ, ਇਕ ਤਾਂ ਇਹ ਕਰੋ ਕਿ ਜਿਹੜੇ ਸ਼ਰਾਬ ਵਗੈਰਾ ਪੀਂਦੇ ਨੇ, ਉਹ ਗੁਰੂ ਦੇ ਨਾਲ ਪਿਆਰ ਪਾ ਲਓ ਭਾਈ, ਇਹ ਛੱਡ ਦਿਓ ਬੋਤਲ ਦਾ ਪਿਆਰ, ਕੁਛ ਨਹੀਂ ਹੁੰਦਾ ਇਨ੍ਹਾਂ ਚੀਜ਼ਾਂ ਦੇ ਅੰਦਰ। ਗੁਰੂ ਨੂੰ ਪਿਆਰ। ਉਸ ਗੁਰੂ ਨੂੰ ਬੜੀ ਆਸ ਸੀ, ਉਹ ਕਹਿ ਗਿਆ ਸੀ -

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌ ਕਰੌ ਨਿਵਾਸ॥ (ਸਰਬ ਲੋਹ ਗ੍ਰੰਥ 'ਚੋਂ)***

ਸਾਡੇ ਵਿਚ ਹੀ ਰਹਿੰਦੇ ਨੇ।

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।।***

# ਕਰਮ ਬੰਧਨ ਤੋਂ ਮੁਕਤੀ

## ((Freedom from the Bond of Karma))

***ਡਾ. ਸਵਾਮੀ ਰਾਮ ਜੀ***

***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

### ਅਧਿਆਇ ਤੀਸਰਾ

### ਸੋਚਣ ਦਾ ਤਰੀਕਾ

ਜਿਵੇਂ ਕਿ ਅਸੀਂ ਦੇਖਿਆ ਹੈ ਕਰਮਾਂ ਦੀ ਮਾਨਸਿਕ ਰੱਸੀ ਬਹੁਤ ਸੂਖਮ ਪਰ ਬਹੁਤ ਪੱਕੀ ਤੇ ਮਜ਼ਬੂਤ ਹੈ। ਆਪਣੇ ਕੰਮ ਜਾਂ ਕਹਿ ਲਓ ਕਰਣੀ ਨੂੰ ਕੰਟਰੋਲ ਕਰਨਾ ਸੌਖਾ ਹੈ, ਸੋਚਣੀ ਤੇ ਵਿਚਾਰਾਂ ਤੇ ਬੰਨ੍ਹ ਲਗਾਉਣਾ ਔਖਾ ਹੈ। ਇਹ ਗੱਲ ਬਹੁਤ ਹੀ ਅਵੱਸ਼ਕ ਹੈ ਕਿ ਅਸੀਂ ਆਪਣੀ ਸੋਚਣੀ ਤੇ ਕੰਟਰੋਲ ਕਰਨਾ ਸਿੱਖੀਏ, ਇਹ ਕੀਤੇ ਬਿਨਾਂ ਮੁਕਤੀ ਮਿਲਣੀ ਬਹੁਤ ਹੀ ਔਖੀ ਹੈ। ਸੋਚਣੀ ਤੇ ਕਾਬੂ ਪਾ ਕੇ ਅਸੀਂ ਆਪਣੇ ਮੰਨ ਤੇ ਪੈਣ ਵਾਲੇ ਚਿੰਨ੍ਹਾਂ ਤੇ ਕਾਬੂ ਪਾ ਸਕਦੇ ਹਾਂ ਤੇ ਇਸ ਤਰ੍ਹਾਂ ਕਰਨ ਨਾਲ ਸਾਰੇ ਕਰਮਾਂ ਤੇ ਕਾਬੂ ਪਾਇਆ ਜਾ ਸਕਦਾ ਹੈ, ਕਰਮਾਂ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।

ਆਪਣੇ ਅੰਤਰ ਦਾ ਨਰੀਖਣ ਕਰਕੇ ਛਾਤੀ ਮਾਰ ਕੇ ਅਸੀਂ ਆਪਣੇ ਵਿਚਾਰਾਂ ਦਾ ਸ੍ਰੋਤ, ਵਿਚਾਰਾਂ ਦਾ ਸੁਭਾਅ, ਵਰਗ ਜਾਣ ਸਕਦੇ ਹਾਂ। ਮਾਨਸਿਕ ਕਰਤੱਵ, ਅੰਦਰ ਦੀ ਪ੍ਰੇਰਨਾ ਸਾਡੇ ਕਰਮਾਂ ਤੋਂ ਭਾਵ ਕਰਨੀ ਤੋਂ ਪਹਿਲਾਂ ਹੁੰਦੀ ਹੈ। ਆਮ ਤੌਰ ਤੇ ਅਸੀਂ ਸਭ ਕੁਝ ਇਕ ਆਦਤਨ ਇਕ ਮਸ਼ੀਨੀ ਢੰਗ ਨਾਲ ਕਰਦੇ ਰਹਿੰਦੇ ਹਾਂ, ਕਿਉਂਕਿ ਸਾਡੇ ਮਨ ਦੇ ਅੰਦਰ ਇਨ੍ਹਾਂ ਚੀਜ਼ਾਂ ਦਾ ਇਕ ਮਾਸਿਕ ਚਿੱਤਰ ਬਣਿਆ ਰਹਿੰਦਾ ਹੈ। ਆਪਣੇ ਅੰਤਰ ਦਾ ਨਰੀਖਣ ਕਰਕੇ ਆਪਣੇ ਅੰਤਰ ਝਾਤੀ ਮਾਰ ਕੇ ਅਸੀਂ ਆਪਣੀਆਂ ਆਦਤਾਂ ਦਾ ਸ੍ਰੋਤ ਸਮਝ ਸਕਦੇ ਹਾਂ, ਜਾਣ ਸਕਦੇ ਹਾਂ। ਅੰਗ੍ਰੇਜ਼ੀ ਦਾ ਸ਼ਬਦ personality ਵਾਸਤਵ ਵਿਚ Latin ਦੇ persona ਸ਼ਬਦ ਤੋਂ ਆਇਆ ਹੈ ਜਿਸ ਦਾ ਅਰਥ ਹੈ ਮਖੌਟਾ, ਮਖੌਟਾ ਅਸੀਂ ਸਭ ਜਾਣਦੇ ਹਾਂ ਉਹ ਹੈ ਜਿਹੜਾ ਚਿਹਰੇ ਲਗਾ ਕੇ ਅਦਾਕਾਰ ਆਪਣਾ ਪਾਰਟ ਆਪਣਾ ਰੋਲ ਕਰਦਾ ਹੈ, ਕਿਸੇ ਨਾਟਕ ਵਿਚ ਰਾਮ ਲੀਲਾ ਵਿਚ ਜਾਂ ਅਸੀਂ ਦੇਖਦੇ ਹਾਂ ਬੱਚੇ ਜਦੋਂ ਖੇਡਦੇ ਹਨ ਉਹ ਮਖੌਟਾ ਲਗਾ ਕੇ ਇਕ ਦੂਸਰੇ ਨੂੰ ਡਰਾਉਂਦੇ ਹਨ। ਪੁਰਾਣੇ ਸਮਿਆਂ ਵਿਚ ਅਦਾਕਾਰ ਮਖੌਟਾ ਲਗਾ ਕੇ ਸਟੇਜ ਉਤੇ ਆਪਣਾ ਰੋਲ ਕਰਿਆ ਕਰਦੇ ਸੀ ਤੇ ਲੋਕੀ ਬੈਠ ਕੇ ਦੇਖਦੇ ਸੀ ਅਸੀਂ ਆਪਣਾ ਵਿਅਕਤਿਤਵ ਆਪ ਬਣਾਉਂਦੇ ਹਾਂ। ਸਾਡਾ ਵਿਅਕਤਿਤਵ ਸਾਡੇ ਆਚਾਰ ਤੇ ਆਦਤਾਂ ਦਾ ਬਣਦਾ ਹੈ, ਆਪਣੀਆਂ ਆਦਤਾਂ ਦਾ ਨਰੀਖਣ ਕਰਕੇ ਅਸੀਂ ਆਪਣਾ ਆਚਾਰ, ਵਿਅਕਤਿਤਵ ਬਦਲ ਸਕਦੇ ਹਾਂ। ਆਦਤਾਂ ਬਦਲਣ ਤੋਂ ਪਹਿਲਾਂ ਸਾਨੂੰ ਆਪਣੇ ਵਰਤਮਾਨ ਦਾ ਪਤਾ ਹੋਣਾ ਚਾਹੀਦਾ ਹੈ। ਸਾਨੂੰ ਆਪਣੇ ਮੰਤਵ ਦਾ ਗੋਲ ਦਾ ਪਤਾ ਹੋਣਾ ਚਾਹੀਦਾ ਹੈ। ਸਾਡਾ ਗੋਲ ਸੰਪੂਰਣ ਹੋਣਾ ਚਾਹੀਦਾ ਹੈ। ਜਦੋਂ ਅਸੀਂ ਆਪਣਾ ਅੰਤਰ ਨਰੀਖਣ ਕਰਨਾ ਸ਼ੁਰੂ ਕਰ ਦਿੰਦਾ ਹਾਂ ਸਾਡੀ ਅੰਤਰ ਆਤਮਾ, ਅੰਤਹਕਰਣ ਸਾਨੂੰ ਪੂਰਣ ਤੇ ਅਧੂਰੇਪਨ ਲਈ ਚੌਕਸ ਕਰ ਦਿੰਦਾ ਹੈ ਤੇ ਸਾਨੂੰ ਆਪਣੇ ਮਨ ਤੇ ਵਧੇਰੇ ਕਾਬੂ ਕੰਟਰੋਲ ਆ ਜਾਂਦਾ ਹੈ। ਜੇ ਸਾਡੇ ਵਿਚਾਰ ਤੇ ਕਰਣੀ ਵਿਚ ਕੋਈ ਬਦਲਾ ਨਾ ਆਵੇ ਫੇਰ ਸਾਡੀ ਸਖਸ਼ੀਅਤ ਇਕ ਡੌਰ-ਭੌਰਿਆਂ ਦੀ ਤਰ੍ਹਾਂ ਹੋ ਜਾਂਦੀ ਹੈ ਸਾਡੇ ਅੰਦਰ ਕੋਈ ਇਕਸਾਰਤਾ ਸਰੀਰ ਤੇ ਮਨ ਵਿਚ ਕੋਈ ਤਾਲਮੇਲ ਨਹੀਂ ਰਹਿੰਦਾ, ਸੋਚਣੀ ਤੇ ਕਰਨੀ ਵਿਚ ਵੀ ਕੋਈ ਇਕਸਾਰਤਾ ਨਹੀਂ ਰਹਿੰਦੀ।

ਆਦਤਾਂ ਨੂੰ ਬਦਲਣ ਲਈ ਤੁਹਾਨੂੰ ਤੁਰੀਆ ਅਵਸਥਾ ਜਾਂ ਸਮਾਧੀ ਤੱਕ ਪਹੁੰਚਣਾ ਪੈਂਦਾ ਹੈ, ਜਿਸ ਤੋਂ ਅਸੀਂ ਹਮੇਸ਼ਾਂ ਡਰਦੇ ਰਹਿੰਦੇ ਹਾਂ ਕਿਉਂਕਿ ਇਹ ਸਾਨੂੰ ਉਸ ਜਗ੍ਹਾ ਲੈ ਜਾਂਦਾ ਹੈ ਜਿਹੜਾ ਸਾਡੇ ਜੀਵਨ ਦਾ ਉਹ ਪਾਸਾ ਹੈ ਜਿਸ ਨੂੰ ਅਸੀਂ ਜਾਨਣਾ ਨਹੀਂ ਚਾਹੁੰਦੇ ਜਿਸ ਬਾਰੇ ਸਾਨੂੰ ਪਤਾ ਨਹੀਂ। ਇਹ ਜਾਣ ਲੈਣਾ ਠੀਕ ਹੋਵੇਗਾ ਇਹ ਮਨ ਜਿਸ ਤਕ ਪਹੁੰਚਣ ਲਈ ਅਸੀਂ ਡਰਦੇ ਹਾਂ ਇਹ ਸਾਡਾ ਆਪਣਾ ਹੀ ਬਣਾਇਆ ਹੋਇਆ ਹੈ, ਇਹ ਜਾਣ ਲੈਣਾ ਅਵਸ਼ਕ ਹੈ ਕਿ ਤੁਸੀਂ ਇਕ ਸੋਚਣ ਦੀ ਵਿਧੀ ਨਹੀਂ ਹੋ ਤੁਸੀਂ ਸੋਚਦੇ ਹੋ। ਬਿਨਾਂ ਆਪਣੀਆਂ ਆਦਤਾਂ ਬਦਲੇ ਤੁਸੀਂ ਆਪਣੀ ਸਖਸ਼ੀਅਤ ਨਹੀਂ ਬਦਲ ਸਕਦੇ, ਨਾ ਹੀ ਆਪਣਾ ਸੋਚਣਾ ਦਾ ਤਰੀਕਾ ਬਦਲ ਸਕਦੇ ਹੋ। ਆਪਣਾ ਨਰੀਖਣ ਕਰਕੇ ਜਾਂਚ ਕੇ ਤੁਹਾਡੀਆਂ ਆਦਤਾਂ ਤੇ ਕਿਸ ਚੀਜ਼ ਦਾ ਪ੍ਰਭਾਵ ਹੈ, ਤੁਹਾਡੀ ਸੋਚਣੀ ਕਿਵੇਂ ਹੈ ਉਹ ਕਿਸ ਤਰ੍ਹਾਂ ਪ੍ਰਭਾਵਤ ਹੁੰਦੀ ਹੈ, ਤੁਹਾਡੀ ਕਰਣੀ ਕਿਸ ਤਰ੍ਹਾਂ ਕਿਸ ਚੀਜ਼ ਨਾਲ ਪ੍ਰਭਾਵਿਤ ਹੁੰਦੀ ਹੈ, ਤੁਸੀਂ ਇਹ ਸਿੱਖ ਜਾਂਦੇ ਹੋ, ਠੀਕ ਕੀ ਹੈ? ਲਾਭਕਾਰੀ ਕੀ ਹੈ? ਹਾਨੀਕਾਰਕ ਕੀ ਹੈ? ਤੁਹਾਨੂੰ ਆਪਣੇ ਵਾਸਤਵਿਕ ਸੁਭਾਅ ਦਾ ਪਤਾ ਲਗ ਜਾਂਦਾ ਹੈ, ਤੁਸੀਂ ਕੀ ਹੋ ਤੇ ਕੀ ਨਹੀਂ ਹੋ।

ਸਾਡਾ ਮੁਢ ਪਵਿੱਤਰ ਹੈ, ਗਿਆਨ ਹੈ, ਮੁਕਤ ਹੈ, ਕਿਉਂਕਿ ਅਸੀਂ ਆਪਣੇ ਆਪ ਨੂੰ ਸੰਸਾਰ ਨਾਲ ਮਾਇਆ ਨਾਲ ਮਿਲਾ ਲੈਂਦੇ ਹਾਂ ਅਸੀਂ ਅਧੂਰੇ ਹੋ ਜਾਂਦੇ ਹਾਂ, ਬਿਲਕੁਲ

ਉਸ ਤਰ੍ਹਾਂ ਹੀ ਜਿਵੇਂ ਕੋਈ ਪਵਿੱਤਰ ਮਨੁੱਖ ਮਾੜੇ ਸਾਥੀਆਂ ਨਾਲ ਮਿਲ ਗਿਆ ਹੋਵੇ, ਅਸੀਂ ਆਪਣਾ ਨਰੀਖਣ ਕਰਕੇ ਆਪਣੇ ਅੰਦਰ ਨੂੰ ਜਾਂਚ ਕੇ ਨਿਤਾਰਾ ਕਰਨਾ ਸ਼ੁਰੂ ਕਰਦੇ ਹਾਂ, ਚਿੰਨ੍ਹ ਦੇਖਦੇ ਹਾਂ, ਵਿਚਾਰ ਦੇਖਦੇ ਹਾਂ, ਕਲਪਨਾਵਾਂ ਦੇਖਦੇ ਹਾਂ, ਮਨ ਜਾਂਚਦੇ ਹਾਂ। ਅਸੀਂ ਦੇਖਦੇ ਹਾਂ ਕਿ ਮਨ ਦੇ ਇਸ ਕਾਰਜ ਵਿਚ ਹਿੱਸਾ ਲੈਣ ਵਾਲਾ ਜੀਵਨ ਤੋਂ ਵੱਖ ਨਹੀਂ ਹੋ ਸਕਦਾ। ਮਿਸਾਲ ਵਜੋਂ ਕੋਈ ਵੀ ਚਿੰਨ੍ਹ ਸੰਕੇਤ, ਜੋ ਕੁਝ ਵੀ ਅੰਦਰ ਹੋ ਰਿਹਾ ਹੁੰਦਾ ਹੈ ਉਸ ਦੇ ਪ੍ਰਤੀਕ ਹੁੰਦੇ ਹਨ, ਤੁਹਾਡੀ ਕਲਪਨਾ ਦੇ ਪ੍ਰਤੀਕ ਹੁੰਦੇ ਹਨ। ਇਨ੍ਹਾਂ ਸੰਕੇਤਾਂ ਦਾ ਚਿੰਨ੍ਹਾਂ ਦਾ ਕੋਈ ਮਤਲਬ ਹੁੰਦਾ ਹੈ, ਕੋਈ ਅਰਥ ਹੁੰਦਾ ਹੈ। ਅਸੀਂ ਆਪ ਹੀ ਇਨ੍ਹਾਂ ਦਾ ਹਾਵ ਭਾਵ ਬਦਲ ਦਿੰਦੇ ਹਾਂ ਇਨ੍ਹਾਂ ਤੇ ਰੰਗ ਚਾੜ੍ਹ ਦਿੰਦੇ ਹਾਂ। ਅਸੀਂ ਜਦੋਂ ਤੱਕ ਇਨ੍ਹਾਂ ਨੂੰ ਚੰਗੀ ਤਰ੍ਹੰ ਸਮਝ ਨਾ ਲਈਏ ਅਸੀਂ ਇਨ੍ਹਾਂ ਦਾ ਨਰੀਖਣ ਨਹੀਂ ਕਰ ਸਕਦੇ। ਸਾਡੇ ਕੋਲ ਠੀਕ ਗਿਆਨ ਹੈ, ਸਹੀ ਗਿਆਨ ਹੈ, ਗਲਤ ਗਿਆਨ ਹੈ। ਯੋਗ ਵਿਗਿਆਨ ਸਾਨੂੰ ਕਦੀ ਵੀ ਕੁਝ ਵੀ ਅੱਖਾਂ ਬੰਦ ਕਰਕੇ ਮੰਨਣ ਲਈ ਨਹੀਂ ਕਹਿੰਦਾ, ਬਲਕਿ ਯੋਗ ਵਿਗਿਆਨ ਸਾਨੂੰ ਨਰੀਖਣ ਕਰਕੇ ਜਾਂਚਣ ਲਈ ਕਹਿੰਦਾ ਫੇਰ ਵਿਸ਼ਲੇਸ਼ਨ ਕਰਨ ਲਈ ਦਸਦਾ ਹੈ। ਠੀਕ ਤੇ ਗਲਤ ਵਿਚ ਅੰਤਰ ਜਾਨਣਾ, ਲਾਭਕਾਰੀ ਤੇ ਹਾਨੀਕਾਰਕ ਵਿਚ ਅੰਤਰ ਜਾਨਣਾ ਇਕ ਬਹੁਤ ਮਹੱਤਵਪੂਰਣ ਗੱਲ ਹੈ ਜਿਹੜੀ ਆਪਾ ਚੀਨਣ ਤੋਂ ਪਹਿਲਾਂ ਜਾਨ ਲੈਣਾ ਚਾਹੀਦਾ ਹੈ।

ਜੋ ਕੁਝ ਵੀ ਹੈ ਜੇ ਉਸ ਦੇ ਨਾਲ ਕੋਈ ਪ੍ਰਮਾਣ ਹਨ, ਸਬੂਤ ਹਨ ਉਹ ਇਕ ਠੀਕ ਤੇ ਸਹੀ ਗਿਆਨ ਹੈ ਜੇ ਕੋਈ ਗਿਆਨ ਇਹੋ ਜਿਹਾ ਹੈ ਜਿਸ ਦੇ ਕੋਈ ਪ੍ਰਮਾਣ ਨਹੀਂ, ਕੋਈ ਸਬੂਤ ਨਹੀਂ ਉਹ ਗਲਤ ਮੰਨਿਆ ਜਾਂਦਾ ਹੈ ਕਿਉਂਕਿ ਉਸਦਾ ਕੋਈ ਧੇਅ ਨਹੀਂ। ਇਸੇ ਕਰਕੇ ਪ੍ਰਤੱਖ ਗਿਆਨ ਇੰਦ੍ਰੀਆਂ ਰਾਹੀਂ ਪ੍ਰਾਪਤ ਗਿਆਨ, ਗਿਆਨ ਦੀ ਪਹਿਲੀ ਪੌੜੀ ਮੰਨੀ ਜਾਂਦੀ ਹੈ, ਪਰ ਇੰਦ੍ਰੀਆਂ ਦਾ ਗਿਆਨ ਵੀ ਪ੍ਰਮਾਣਤ ਹੋਣਾ ਚਾਹੀਦਾ ਹੈ। ਜੇ ਕਿਤੇ ਕਿਸੇ ਵਹਿਮ ਕਾਰਣ ਮਨੋਭਰਾਂਤੀ ਕਾਰਨ, ਕਿਸੀ ਕਲਪਨਾ ਕਾਰਨ ਸਾਨੂੰ ਲੱਗੇ ਕਿ ਜੋ ਕੁਝ ਸਾਨੂੰ ਸਾਡੀਆਂ ਗਿਆਨ ਇੰਦਰੀਆਂ ਦਸ ਰਹੀਆਂ ਹਨ ਜਿਹੜੀਆਂ ਦੂਸਰੇ ਨਹੀਂ ਦੇਖ ਸਕਦੇ ਫੇਰ ਅਸੀਂ ਹੀ ਵੱਖ ਤਰੀਕੇ ਨਾਲ ਦੇਖ ਰਹੇ ਹੋਵਾਂਗੇ, ਅਸੀਂ ਹੀ ਵਿਤਕਰਾ ਕਰ ਰਹੇ ਹੋਵਾਂਗੇ। ਸਾਨੂੰ ਇਹ ਗੱਲ ਪੱਕੀ ਹੋਣੀ ਚਾਹੀਦੀ ਹੈ ਸਾਡਾ ਇੰਦਰੀਆਂ ਦਾ ਗਿਆਨ ਪ੍ਰਮਾਣਤ ਹੋਣਾ ਚਾਹੀਦਾ ਹੈ। ਬਹੁਤ ਕੁਝ ਜੋ ਸਾਨੂੰ ਮੈਡੀਟੇਸ਼ਨ ਵਿਚ ਆਉਂਦਾ ਹੈ ਗਲਤ ਹੁੰਦਾ ਹੈ, ਉਹ ਤਾਂ ਕੇਵਲ ਮਨ ਨੂੰ ਮਲ ਕੇ ਰਖਦਾ ਹੈ, ਘੇਰ ਕੇ ਰੱਖਦਾ ਹੈ, ਸਾਨੂੰ ਇਸ ਗੱਲ ਲਈ ਮਜ਼ਬੂਰ ਕਰਦਾ ਹੈ ਕਿ ਅਸੀਂ ਅਸ਼ਾਂਤ ਹੋ ਜਾਈਏ ਤਾਂ ਜੋ ਜਿਸ ਸਾਂਤੀ ਦੀ ਅਸੀਂ ਭਾਲ ਕਰ ਰਹੇ ਹਾਂ ਜਿਸ ਸ਼ਾਂਤੀ ਨੂੰ ਅਸੀਂ ਲੱਭਦੇ ਹਾਂ ਉਹ ਨਾ ਲੱਭ ਸਕੀਏ।

ਬਹੁਤ ਵਾਰੀ ਜਦੋਂ ਲੋਕੀ ਮੈਡੀਟੇਸ਼ਨ ਵਿਚ ਬੈਠ ਕੇ ਕੁਝ ਨਹੀਂ ਦੇਖਦੇ ਉਹ ਇਹ ਗੱਲ ਦੀ ਸ਼ਿਕਾਇਤ ਕਰਦੇ ਹਨ ਵਾਸਤਵ ਵਿਚ ਉਨ੍ਹਾਂ ਨੂੰ ਇਸ ਗੱਲ ਲਈ ਖੁਸ਼ ਹੋਣਾ ਚਾਹੀਦਾ ਹੈ। ਜੇ ਅਸੀਂ ਮੈਡੀਟੇਸ਼ਨ ਵਿਚ ਬੈਠ ਕੇ ਵੀ ਕੁਝ ਦੇਖਣਾ ਹੀ ਹੈ ਫੇਰ ਮੈਡੀਟੇਸ਼ਨ ਤੇ ਨਿੱਜੀ ਜੀਵਨ ਵਿਚ ਕੋਈ ਭੇਦ ਨਾ ਹੋਇਆ ਰੋਜ਼ ਦੇ ਜੀਵਨ ਵਿਚ ਅਸੀਂ ਹਰ ਸਮੇਂ ਇੰਦਰੀਆਂ ਦਾ ਪ੍ਰਤੱਖ ਗਿਆਨ ਹੀ ਲੈਂਦੇ ਹਾਂ, ਮੈਡੀਟੇਸ਼ਨ ਸਾਨੂੰ ਦੱਸਦੀ ਹੈ ਕਿ ਅਸੀਂ ਏਸ ਤੋਂ ਪਰ੍ਹੇ ਕਿਸ ਤਰ੍ਹਾਂ ਹੋ ਸਕਦੇ ਹਾਂ, ਸਾਨੂੰ ਸ਼ਾਂਤੀ ਕਿਸ ਤਰ੍ਹਾਂ ਮਿਲ ਸਕਦੀ ਹੈ। ਉਸ ਮੈਡੀਟੇਸ਼ਨ ਦਾ ਕੀ ਲਾਭ ਹੈ ਜੇ ਅਸੀਂ ਮੈਡੀਟੇਸ਼ਨ ਵਿਚ ਵੀ ਉਹ ਹੀ ਦੇਖਣਾ ਹੈ ਜੋ ਅਸੀਂ ਰੋਜ਼ ਦੇ ਜੀਵਨ ਵਿਚ ਦੇਖਦੇ ਹਾਂ, ਜੇ ਮੈਡੀਟੇਸ਼ਨ ਵਿਚ ਵੀ ਉਹ ਹੀ ਵਿਚਾਰ ਆਉਣੇ ਹਨ ਜੋ ਜਾਗਤ ਜੀਵਾਂ ਵਿਚ ਹਨ। ਆਮ ਤੌਰ ਤੇ ਜਦੋਂ ਅਸੀਂ ਮੈਡੀਟੇਸ਼ਨ ਕਰਦੇ ਹਾਂ ਅਸੀਂ ਬਹੁਤ ਕੁਝ ਦੇਖਦੇ ਹਾਂ, ਬਹੁਤ ਸਾਰੀਆਂ ਕਰਪਨਾ, ਬਹੁਤ ਸਾਰੇ ਚਿੰਨ੍ਹ ਨਿਸ਼ਾਨ ਹੋਰ ਬਹੁਤ ਸਾਰੀਆਂ ਮਾਨਸਿਕ ਪ੍ਰਕਿਰਿਆ, ਅਸੀਂ ਇਨ੍ਹਾਂ ਚੀਜ਼ਾਂ ਨੂੰ ਪਾਸੇ ਕਰ ਦੇਈਏ ਤੇ ਇਨ੍ਹਾਂ ਤੋਂ ਪ੍ਰਭਾਵਿਤ ਨਾ ਹੋਈਏ ਇਹੋ ਹੀ ਠੀਕ ਹੈ।

ਮੈਡੀਟੇਸ਼ਨ ਤੋਂ ਭਾਵ ਇਹ ਨਹੀਂ ਕਿ ਅਸੀਂ ਕੁਝ ਸੋਚੀਏ ਜਾਂ ਚਿੰਤਾ ਕਰੀਏ। ਇਸ ਤੋਂ ਬਿਲਕੁਲ ਉਲਟ ਮੈਡੀਟੇਸ਼ਨ ਤਾਂ ਵਿਅਕਤੀਗਤ ਮਨ ਤੇ ਸਾਂਝੇ ਮਨ ਤੋਂ ਪਰ੍ਹੇ ਜਾਣਾ ਹੈ ਇਥੇ ਸਾਨੂੰ ਪੰਤਾਜਲ ਦੇ ਯੋਗ ਸੂਤਰ ਦੀ ਸਹਾਇਤਾ ਲੈਣੀ ਚਾਹੀਦੀ ਹੈ ਸਾਨੂੰ ਆਪਾ ਚੀਨਣਾ ਚਾਹੀਦਾ ਹੈ, ਦੇਖਣਾ ਚਾਹੀਦਾ ਹੈ ਕਿ ਸਾਡੇ ਅੰਦਰ ਕੀ ਚੱਲ ਰਿਹਾ ਹੈ। ਸਾਨੂੰ ਪੂਰੀ ਤਰ੍ਹਾਂ ਨਾਲ ਚੇਤਨ ਹੋਣਾ ਚਾਹੀਦਾ ਹੈ ਤੇ ਮੈਡੀਟੇਸ਼ਨ ਰਾਹੀਂ ਪੂਰਾ ਕੰਟਰੋਲ ਕਰਨਾ ਚਾਹੀਦਾ ਹੈ, ਮੈਡੀਟੇਸ਼ਨ ਰਾਹੀਂ ਅਸੀਂ ਸਤਿ ਦਾ ਗਿਆਨ ਅੱਗੇ ਲਿਆ ਸਕਦੇ ਹਾਂ, ਛੁਪੇ ਪਏ ਗਿਆਨ ਨੂੰ ਚੇਤਨਾ ਵਿਚ ਲਿਆ ਸਕਦੇ ਹਾਂ, ਉਹ ਗਿਆਨ ਜਿਹੜਾ ਅਸੀਮ ਹੈ ਜਿਹੜਾ ਅਸੀਮ ਦੀ ਪੁਸਤਕਾਲਿਆ ਵਿਚ ਪਿਆ ਹੈ ਉਸਨੂੰ ਆਪਣੇ ਅੰਦਰ ਉਤਾਰ ਸਕਦੇ ਹਾਂ, ਪਰਾ ਵਿਦਿਆ ਨੂੰ ਅਪਰਾ ਬਣਾ ਸਕਦੇ ਹੋ। ਮੈਡੀਟੇਸ਼ਨ ਤੁਹਾਨੂੰ ਉਦਾਸੀਨ ਜਾਂ ਅਕਰਮਕ ਨਹੀਂ ਬਣਾਉਂਦੀ ਮੈਡੀਟੇਸ਼ਨ ਤਾਂ ਤੁਹਾਨੂੰ ਸਿਰਜਨਾਤਮਕ ਗਤੀ-ਆਤਮਕ ਗਤੀਸ਼ੀਲ ਬਣਾਉਂਦੀ ਹੈ ਤੇ ਤੁਹਾਨੂੰ ਆਪਾ ਵਿਸਤਾਰ ਕਰਨ ਲਈ ਤਿਆਰ ਕਰਦੀ ਹੈ, ਤੁਹਾਡੇ ਵਿਅਕਤੀਤਿਤਵ ਦਾ ਅੰਦਰੋਂ ਬਾਹਰੋਂ ਵਿਸਤਾਰ ਤੇ ਵਿਕਾਸ ਕਰਦੀ ਹੈ।

ਜਦੋਂ ਇਕ ਮੈਡੀਟੇਸ਼ਨ ਕਰਨ ਵਾਲਾ ਇਹ ਸਿੱਖ ਲੈਂਦਾ ਹੈ ਕਿ ਉਸ ਨੇ ਆਪਣੇ ਆਪ ਨੂੰ ਆਪਣੀ ਸੋਚ ਨਾਲ ਨਹੀਂ ਅਭੇਦ ਨਹੀਂ ਹੋਣਾ, ਸੋਚ ਨਾਲ ਇਕ ਰੂਪ ਨਹੀਂ ਹੋਣਾ ਫੇਰ ਉਹ ਆਪਣੇ ਨਿਜੀ ਸੁਭਾਅ ਤੋਂ ਜਾਣੂ ਹੋ ਜਾਂਦਾ ਹੈ ਤੇ ਹਰ ਇਕ ਚੀਜ਼ ਨੂੰ ਫਰਕ ਤਰੀਕੇ ਨਾਲ ਦੇਖਣ ਲਗ ਪੈਂਦਾ ਹੈ ਫੇਰ ਉਹ ਆਪਣੇ ਆਪ ਨੂੰ ਕਿਸੇ ਚੀਜ਼ ਨਾਲ ਵੀ ਅਭੇਦ ਨਹੀਂ ਕਰਦਾ। ਮੈਡੀਟੇਸ਼ਨ ਕਰਨ ਵਾਲਾ ਫੇਰ ਕਿਸੇ ਦੀ ਕਰਨੀ ਤੋਂ ਕਿਸੇ ਦੀ ਮਨੋਬਿਰਤੀ ਤੋਂ ਅਸ਼ਾਂਤ ਨਹੀਂ ਹੁੰਦਾ। ਇਸ ਸਥਿਤੀ ਲਈ ਸਾਨੂੰ ਮਨ ਦੇ ਵੱਖ-ਵੱਖ ਕਾਰਜ ਦੇਖਣੇ ਪੈਣਗੇ, ਸਿੱਖਣੇ ਪੈਣਗੇ। ਯੋਗ ਮਨੋਵਿਗਿਆਨ ਅਨੁਸਾਰ ਮਨ ਦੇ ਚਾਰ ਵੱਡੇ ਕਾਰਜ ਹਨ। ਪਹਿਲਾ ਹੈ ਮਨ ਜਿਹੜਾ ਇੰਦਰੀਆਂ ਦਾ ਸਨੇਹਾ ਲੈਂਦਾ ਹੈ ਤੇ ਵਾਪਸ ਭੇਜਦਾ ਹੈ। ਇਹ ਪ੍ਰਸ਼ਨ ਕਰਦਾ ਹੈ ਜਦੋਂ ਅਸੀਂ ਮਨ ਦੀ ਗੱਲ ਕਰਦੇ ਹਾਂ ਤਾਂ ਅਸੀਂ ਇਸ ਮਨ ਦੀ ਗੱਲ ਹੀ ਕਰਦੇ ਹਾਂ। ਦੂਸਰਾ ਹੈ ਬੁੱਧੀ, ਜੋ ਤੁਹਾਡੀ ਸਮਝ ਹੈ ਸਿਆਣਪ ਹੈ ਜੋ ਭੇਦ ਦੱਸਦੀ ਹੈ, ਤੀਸਰਾ ਕੰਮ ਹੈ ਅਹੰਕਾਰ ਇਹ ਇਕ ਝੂਠੀ ਹਉਮੈ ਹੈ ਸਾਡਾ ਉਹ ਪਾਸਾ ਹੈ ਉਹ ਆਪਾ ਹੈ ਜਿਹੜਾ ਅਸੀਂ ਗਲਤ ਤਰੀਕੇ ਨਾਲ ਆਪਣੀ ਸੋਚ, ਕਰਨੀ ਤੇ ਵਿਚਾਰਧਾਰਾ ਨਾਲ ਜੋੜਦੇ ਹਾਂ। ਚੌਥਾ ਕਾਰਜ ਹੈ ਚਿੱਤ ਜਿਸਨੂੰ ਅਸੀਂ ਅਰਧ ਚੇਤਨ ਮਨ ਵੀ ਕਹਿੰਦੇ ਹਾਂ ਇਹ ਉਹ ਹੈ ਜਿਥੇ ਅਚੇਤ ਯਾਦਾਂ ਸਾਡੇ ਸੰਵੇਗ ਸਭ ਇਕੱਠਾ ਪਿਆ ਰਹਿੰਦਾ ਹੈ।

ਮਨ ਬਿਲਕੁਲ ਇਸ ਤਰ੍ਹਾਂ ਹੈ ਜਿਵੇਂ ਕਿਸੇ ਕੰਮ ਦੇ ਸਥਾਨ ਤੇ ਦਫਤਰ ਵਿਚ ਕੋਈ ਦਰੋਗਾ ਹੋਵੇ ਜਾਂ ਕੋਈ ਮੁਖੀ ਹੋਵੇ ਇਸ ਦੇ ਬਹੁਤ ਸਾਰੇ ਕਾਰਜ ਹਨ ਪਰ ਇਹ ਕਿਸੇ ਤੋਂ ਹੁਕਮ ਲੈਣਾ ਪਸੰਦ ਨਹੀਂ ਕਰਦਾ, ਖਾਸ ਕਰਕੇ ਬੁੱਧੀ ਤੋਂ ਹੁਕਮ ਨਹੀਂ ਲੈਣਾ ਚਾਹੁੰਦਾ ਜਿਹੜੀ ਨਿਰਣਾ ਕਰਦੀ ਹੈ ਭੇਦ ਦਸਦੀ ਹੈ। ਮਨ ਨੂੰ ਚਾਹੀਦਾ ਹੈ ਪੁਛੇ, ਮੈਂ ਕਰਾਂ ਨਾ ਕਰਾਂ? 'ਮੇਰੇ ਲਈ ਕੀ ਠੀਕ ਹੈ? ਕੀ ਨਹੀਂ ਠੀਕ? ਮਨ ਨੂੰ ਚਾਹੀਦਾ ਹੈ ਕਿ ਬੁੱਧੀ ਦੀ ਸੁਣਨੀ ਸਿੱਖੇ, ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਬੁੱਧੀ ਨੂੰ ਤੀਖਣ ਕਰੀਏ ਤੇ ਇਹ ਸਿਖੀਏ ਕਿ ਨਿਰਣਾ ਕਿਵੇਂ ਲੈਣਾ ਹੈ ਫੈਸਲਾ ਕਿਵੇਂ ਕਰਨਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਸਮਝ ਨੂੰ ਵਰਤ ਕੇ ਆਪਣੀਆਂ ਆਦਤਾਂ ਤੇ ਕਾਬੂ ਪਾਈਏ।

ਅੱਗੇ ਜਾ ਕੇ ਹਉਮੈ ਦੀ ਸਮੱਸਿਆ ਆਉਂਦੀ ਹੈ, ਹਉਮੈ ਸੋਚਦਾ ਹੈ ਕਿ ਮੈਂ ਸਭ ਕੁਛ ਹਾਂ, ਸਭ ਕੁਝ ਮੇਰਾ ਹੀ ਹੈ, ਮਨ ਦਾ ਇਹ ਹਿੱਸਾ ਹੀ ਸਭ ਤੋਂ ਵੱਧ ਸ਼ੁਧ ਕਰਨਾ ਚਾਹੀਦਾ ਹੈ, ਇਸ ਨੂੰ ਬਦਲਣਾ ਚਾਹੀਦਾ ਹੈ ਇਸ ਦਾ ਰੂਪ ਪਰਿਵਰਤਨ ਕਰਕੇ, ਇਸ ਦਾ ਕਾਇਆ ਕਲਪ ਕਰਕੇ ਇਸ ਨੂੰ ਉਤਮ ਚੇਤਨ ਉਤਮ ਆਤਮ ਬਨਾਣਾ ਚਾਹੀਦਾ ਹੈ। ਸ਼ੁੱਧ ਕਰਨ ਤੋਂ ਪਰਿਵਰਤਨ ਕਰਨ ਤੋਂ ਭਾਵ ਹੈ ਆਪੇ ਨੂੰ ਆਤਮਾ ਅੱਗੇ ਸਮਰਪਣ ਕਰਨਾ। ਇਹ ਗੱਲ ਯਾਦ ਰਹੇ ਕਿ ਹਉਮੈ ਜਿੱਤਣ ਤੋਂ ਇਹ ਭਾਵ ਨਹੀਂ ਕਿ ਤੁਸੀਂ ਆਪਾ ਮਾਰਨਾ ਹੈ ਆਪਾ ਖਤਮ ਕਰਨਾ ਹੈ, ਇਸ ਤੋਂ ਉਲਟ ਹਉਮੈ ਜਿੱਤਣ ਤੋਂ ਭਾਵ ਹੈ ਆਪਾ ਵਿਸਤ੍ਰਿਤ ਕਰਨਾ, ਆਪਾ ਵਿਸ਼ਾਲ ਕਰਨਾ। ਤੁਹਾਨੂੰ ਹਰ ਸੋਚ ਕਰਦੇ ਸਮੇਂ ਇਹ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਕੀ ਮੇਰਾ ਆਪਾ ਤਾਂ ਵਿਚ ਨਹੀਂ ਆ ਰਿਹਾ? ਇਹ ਪ੍ਰਸ਼ਨ ਤੁਹਾਨੂੰ ਆਪਣੇ ਆਪ ਤੋਂ ਬਾਰ-ਬਾਰ ਪੁੱਛਣਾ ਚਾਹੀਦਾ ਹੈ ਇਹ ਦੇਖਣਾ ਚਾਹੀਦਾ ਹੈ ਕਿ ਤੁਹਾਡੇ ਲਈ ਲਾਭਕਾਰੀ ਕੀ ਹੈ, ਹਾਨੀਕਾਰਕ ਕੀ ਹੈ, ਜਦੋਂ ਦੇਖੋ ਕਿ ਹਉਮੈ ਅੜਿੱਕਾ ਪਾ ਰਹੀ ਹੈ, ਇਸ ਨੂੰ ਤਿਆਗੋ, ਵਾਸਤਵ ਵਿਚ ਹਉਮੈ ਇਹ ਭੁੱਲ ਗਿਆ ਹੈ ਕਿ ਉਹ ਉਤਮ ਆਤਮਾ ਦਾ ਹੀ ਇਕ ਭਾਗ ਹੈ, ਉਸ ਤੋਂ ਉਲਟ ਹਉਮੈ ਨੇ ਆਪਣਾ ਇਕ ਬੰਧਨ ਬਣਾ ਲਿਆ ਹੈ, ਇਕ ਕਿਲ੍ਹਾ ਉਸਾਰ ਲਿਆ ਹੈ ਇਹ ਕੇਵਲ ਸਮਰਪਣ ਕਰਕੇ ਹੀ ਜਿਤਿਆ ਜਾ ਸਕਦਾ ਹੈ, ਆਤਮ ਸਮਰਪਣ ਕਰਕੇ ਕਹਿ ਲਓ ਵਾਹਿਗੁਰੂ ਨੂੰ ਸਮਰਪਣ ਕਰਕੇ, ਆਪਣੇ ਅੰਦਰ ਦੇ ਸਤਿ ਨੂੰ ਸਮਰਪਣ ਕਰਕੇ। ਸਾਨੂੰ ਚਾਹੀਦਾ ਹੈ ਕਿ ਅਸੀਂ ਹਉਮੈ ਨੂੰ ਪੱਠੇ ਨਾ ਪਾਈਏ ਉਸ ਨੂੰ ਵਧਾਵਾ ਨਾ ਦੇਈਏ। ਸਾਡੇ ਵਿਕਾਸ ਤੇ ਵਿਸਤਾਰ ਲਈ ਇਹ ਜ਼ਰੂਰੀ ਹੈ ਕਿ ਅਸੀਂ ਅਨੁਭਵ ਦੇ ਗਿਆਨ ਵਿਚ ਡੂੰਘੀ ਤਰ੍ਹਾਂ ਜਾਈਏ ਉਸ ਦੇ ਅੰਦਰ ਡੂੰਘੇ ਰਚ ਜਾਈਏ ਤਾਂ ਹੀ ਅੰਤਰ ਗਿਆਨ ਦੇ ਅਸੀਂ ਭਾਗੀਦਾਰ ਹੋ ਸਕਦੇ ਹਾਂ। ਸਾਨੂੰ ਚਾਹੀਦਾ ਹੈ ਅਸੀਂ ਮਨ ਦੇ ਸਾਰੇ ਕਾਰਜਾਂ ਤੇ ਪੂਰਾ-ਪੂਰਾ ਕਾਬੂ ਪਾ ਲਈਏ, ਪੂਰਾ ਕੰਟਰੋਲ ਕਰ ਲਈਏ ਉਸਨੂੰ ਏਕੀਕਰਨ ਕਰਕੇ ਇਕ ਬਿੰਦੂ ਤੇ ਇਕਾਗਰ ਕਰ ਲਈਏ।

ਅੰਤ ਵਿਚ ਚਿੱਤ ਅਚੇਤ ਮਨ ਹੈ ਇਕ ਸਟੋਰ ਦੀ ਤਰ੍ਹਾਂ ਹੈ ਇਹ ਇਕ ਵੱਡੀ ਸਾਰੀ ਕੈਨਵਸ ਦੀ ਤਰ੍ਹਾਂ ਹੈ ਜਿਸ ਉਤੇ ਤੁਸੀਂ ਸਭ ਕੁਝ ਪੇਂਟ ਕਰੀ ਜਾਂਦੇ ਹੋ ਜੋ ਵੀ ਮਨ ਵਿਚ ਆਉਂਦਾ ਹੈ ਜਾਂ ਕਹਿ ਲਓ ਇਕ ਵੱਡੀ ਸਾਰੀ ਝੀਲ ਦੀ ਤਰ੍ਹਾਂ ਹੈ ਜਿਸ ਵਿਚ ਅਸੀਂ ਪੱਥਰ ਰੋੜੇ ਸੁੱਟੀ ਜਾਂਦੇ ਹਾਂ ਜੋ ਵੀ ਸਾਨੂੰ ਬਾਹਰਲੇ ਸੰਸਾਰ ਤੋਂ ਮਿਲਦਾ ਹੈ ਅਸੀਂ ਪਾਈ ਜਾਂਦੇ ਹਾਂ, ਸੁੱਟੀ ਜਾਂਦੇ ਹਾਂ। ਇਹ ਦੇਖਣ ਲਈ ਸਟੋਰ ਵਿਚ ਕੀ ਹੈ, ਕੀ ਕਰਨਾ ਚਾਹੀਦਾ ਹੈ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਚੇਤਨ ਮਨ ਨੂੰ ਸ਼ਾਂਤ ਕਰੀਏ। ਇਹੋ ਹੀ ਕਾਰਣ ਹੈ ਕਿ ਸਾਨੂੰ ਆਪਣੀ ਸੋਚਣੀ ਤੇ ਵਿਚਾਰਾਂ ਤੇ ਪਹਿਰਾ ਦੇਣਾ ਚਾਹੀਦਾ ਹੈ, ਦੇਖਣਾ ਚਾਹੀਦਾ ਹੈ ਅਸੀਂ ਕੀ ਸੋਚਦੇ ਹਾਂ ਆਮ ਤੌਰ ਤੇ ਅਸੀਂ ਦੇਖਦੇ ਹਾਂ ਸਾਡੀ ਸੋਚ ਵਿਚ ਇਛਾਵਾਂ ਹੁੰਦੀਆਂ ਹਨ, ਕਾਮਨਾ ਹੁੰਦੀਆਂ ਹਨ, ਮੰਗਾਂ ਹੁੰਦੀਆਂ ਹਨ, ਇਛਾਵਾਂ ਵਿਚ ਆਮ ਤੋਰ ਤੇ ਇਹ ਸਭ ਇਕੋ ਨਹੀਂ ਹੁੰਦੀਆਂ,

ਇਛਾਵਾਂ ਵਿਚ ਭਰਮ ਹੁੰਦਾ ਹੈ, ਸਾਨੂੰ ਪਤਾ ਨਹੀਂ ਹੁੰਦਾ ਜਿਹੜੀ ਇੱਛਾ ਅਸੀਂ ਕਰ ਰਹੇ ਹਾਂ ਉਹ ਪੂਰੀ ਹੋਏਗੀ ਕਿ ਨਹੀਂ, ਮੰਗਾਂ ਆਮ ਤੌਰ ਤੇ ਬੇਮਤਲਬੀਆਂ ਹੁੰਦੀਆਂ ਹਨ, ਇਹ ਦੇਖਿਆ ਗਿਆ ਹੈ ਕਿ ਸਾਡੀਆਂ ਮੰਗਾਂ ਜਾਂ ਤਾਂ ਉਨ੍ਹਾਂ ਚੀਜ਼ਾਂ ਬਾਰੇ ਹੁੰਦੀਆਂ ਹਨ, ਜਿਨ੍ਹਾਂ ਦੇ ਅਸੀਂ ਹੱਕਦਾਰ ਨਹੀਂ ਜਾਂ ਜਿਹੜੀ ਅਸੀਂ ਲੈ ਹੀ ਨਹੀਂ ਸਕਦੇ, ਇੱਛਾ ਲੋੜ ਤੋਂ ਪੈਦਾ ਹੁੰਦੀ ਹੈ ਕਿਸੇ ਕੋਨੇ ਵਿਚ ਕੋਈ ਲੋੜ ਹੁੰਦੀ ਹੈ ਉਸ ਦੀ ਪੂਰਤੀ ਲਈ ਲਾਲਸਾ ਹੁੰਦੀ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਚੀਜ਼ਾਂ ਦਾ ਨਰੀਖਣ ਕਰਨਾ ਚਾਹੀਦਾ ਹੈ ਫੇਰ ਇਨ੍ਹਾਂ ਨੂੰ ਜਾਂਚਣਾ ਚਾਹੀਦਾ ਹੈ ਫੇਰ ਫੈਸਲਾ ਕਰਨਾ ਚਾਹੀਦਾ ਹੈ ਕਿ ਸਾਡੇ ਲਈ ਕੀ ਠੀਕ ਹੈ, ਕੀ ਸਹੀ ਹੈ, ਕੀ ਹਾਨੀਕਾਰਕ ਹੈ ਇਹ ਸਭ ਕੁਝ ਵਿਚਾਰਾਂ ਦਾ ਨਰੀਖਣ ਚਲਦਾ ਰਹਿਣਾ ਚਾਹੀਦਾ ਹੈ।

ਸਾਰੀਆਂ ਯੋਗਤਾਵਾਂ ਦਾ ਏਕੀਕਰਨ ਤੋਂ ਬਾਅਦ ਹੀ ਅਸੀਂ ਮਾਨਸਿਕ ਸੀਮਾਵਾਂ ਟੱਪ ਸਕਦੇ ਹਾਂ, ਮਾਨਸਿਕ ਸੀਮਾਵਾਂ ਨੂੰ ਪਾਰ ਕਰਕੇ ਹੀ ਤੁਸੀਂ ਆਤਮ ਸਿੱਧੀ ਤੇ ਪਹੁੰਚ ਸਕਦੇ ਹੋ। ਦੋਨਾਂ ਵਿਚੋਂ ਇਕ ਜਾਂ ਸਾਡਾ ਚਿੱਤ ਜਾਂ ਹਉਮੈ ਸਾਡੇ ਤੇ ਜ਼ੋਰ ਪਾ ਕੇ ਰਖਦੇ ਹਨ, ਸਾਨੂੰ ਆਪਣੇ ਗੋਲ ਤੱਕ ਨਹੀਂ ਪਹੁੰਚਣ ਦਿੰਦੇ ਜਦੋਂ ਅਸੀਂ ਮੈਡੀਟੇਸ਼ਨ ਤੇ ਬੈਠਦੇ ਹਾਂ ਇਕੋ ਹੀ ਗੱਲ ਕਹਿਣੀ ਤੇ ਸੋਚਣੀ ਚਾਹੀਦੀ ਹੈ, ਹੇ ਵਾਹਿਗੁਰੂ ਮੈਂ ਤੇਰਾ ਹਾਂ ਤੂੰ ਮੇਰਾ, ਇਹ ਗੱਲ ਬਾਰ-ਬਾਰ ਆਪਣੇ ਅੰਦਰ ਕਹਿਣੀ ਹੈ, ਪੱਕੀ ਕਰਨੀ ਹੈ, ਇਸ ਤਰ੍ਹਾਂ ਕਹਿ ਕੇ ਆਪਾ ਸਮਰਪਣ ਕਰਨਾ ਹੈ, ਪੂਰਨ ਤੌਰ ਤੇ ਆਪਾ ਸਮਰਪਣ ਕਰਨਾ ਹੈ। ਅਸੀਂ ਪੂਰੀ ਤਰ੍ਹਾਂ ਸਮਰਪਣ ਜ਼ਰੂਰ ਕਰ ਸਕਦੇ ਹਾਂ ਇਕ ਤਾਂ ਆਪਣਾ ਮੰਤਰ ਜਪ ਕੇ ਦੂਸਰਾ ਆਪਣੇ ਵਿਚਾਰਾਂ ਦਾ ਨਰੀਖਣ ਕਰਕੇ, ਤੀਸਰਾ ਸਾਰੇ ਵਿਸ਼ਵਾਸ਼ਾਂ ਤੋਂ ਮਤਾ ਤੋਂ ਉਪਰ ਉੱਠ ਜਾਣਾ।

ਕਿਸੇ ਵੀ ਗ੍ਰੰਥ ਦੀ ਸਿਖਿਆ ਨੂੰ ਪੂਰੀ ਤਰ੍ਹਾਂ ਮੰਨਣਾ ਬਹੁਤ ਹੀ ਅਵੱਸ਼ਕ ਹੈ, ਸਾਨੂੰ ਆਪਣੇ ਪਰਮ ਪਿਤਾ ਪ੍ਰਮਾਤਮਾ ਦੀ ਤਰ੍ਹਾਂ ਸੰਪੂਰਣ ਹੋਣਾ ਚਾਹੀਦਾ ਹੈ। ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਅਸੀਂ ਉਸ ਵਾਹਿਗੁਰੂ ਦੀ ਅੰਸ ਹਾਂ ਸਾਡਾ ਮੰਤਵ ਹੈ ਆਤਮ ਸਿੱਧੀ, ਗੀਤਾ ਪੜ੍ਹ ਕੇ ਬਾਈਬਲ ਪੜ੍ਹ ਕੇ ਕੋਈ ਵੀ ਧਾਰਮਿਕ ਗ੍ਰੰਥ ਪੜ੍ਹ ਕੇ ਅਸੀਂ ਜੀਵਨ ਮਨੋਰਥ ਸਮਝ ਸਕਦੇ ਹਾਂ, ਜਾਣ ਸਕਦੇ ਹਾਂ। ਸਾਨੂੰ ਚੰਗੀ ਤਰ੍ਹਾਂ ਇਹ ਜਾਨਣ ਦੀ ਲੋੜ ਹੈ ਕਿ ਵਾਸਤਵ ਵਿਚ ਇਹ ਕੀ ਹੈ, ਇਸ ਦਾ ਕੀ ਮੰਤਵ ਹੈ। ਮਿਸਾਲ ਵਜੋਂ ਈਸਾ ਜੀ ਨੇ ਯਹੂਦੀਆਂ ਨੂੰ ਛੱਡਿਆ ਸੀ ਪਰ ਯਹੂਦੀ ਮੱਤ ਨੂੰ ਨਹੀਂ ਨਖੇਦਿਆਂ ਸੀ ਉਨ੍ਹਾਂ ਨੇ ਤਾਂ ਇਸ ਮਤ ਵਿਚ ਕ੍ਰਾਂਤੀ ਲਿਆਂਦੀ ਸੀ ਮਨੁੱਖ ਨੂੰ ਆਪਾ ਦਰਸਾਣ ਲਈ ਹੀ ਸਭ ਕੁਝ ਕੀਤਾ ਸੀ। ਉਹ ਜਿਹੜਾ ਗਿਆਨ ਉਨ੍ਹਾਂ ਨੇ ਦਿਤਾ ਸੀ ਉਹ ਹੀ ਆਤਮ ਚੇਤਨਤਾ ਹੈ ਉਹ ਹੀ ਵਿਸ਼ਵ ਚੇਤਨਤਾ ਹੈ ਇਹ ਤੁਸੀਂ ਯੋਗ ਤੋਂ ਸਿੱਖ ਸਕਦੇ ਹੋ, ਬਾਈਬਲ ਤੋਂ ਬੁੱਧ ਤੋਂ ਸਿੱਖ ਸਕਦੇ ਹੋ, ਈਸਾ ਜੀ, ਪੰਤਾਜਲ ਬੁੱਧ ਇਨ੍ਹਾਂ ਸਭ ਦਾ ਇਕੋ ਹੀ ਮੰਤਵ ਸੀ। ਇਹ ਸਾਰੇ ਹੀ ਸਾਨੂੰ ਅੰਤਰ ਗਿਆਨ ਦਰਸਾਂਦੇ ਹਨ, ਦਸਦੇ ਹਨ ਕਿ ਅਸੀਂ ਸਾਰੇ ਹੀ ਅੰਤਰ ਗਿਆਨ ਲਈ ਭਟਕ ਰਹੇ ਹਾਂ, ਅਸੀਮ ਆਤਮ ਦੀ ਭਾਲ ਵਿਚ ਹਾਂ।

ਕਿਸੇ ਵੀ ਮਹਾਂਪੁਰਖ ਨੇ ਆਤਮ ਸਿੱਧੀ ਜਾਂ ਵਿਸ਼ਵ ਚੇਤਨਤਾ ਪ੍ਰਾਪਤੀ ਪੂਰਣ ਮਾਨਸਿਕ ਏਕੀਕਰਨ ਤੋਂ ਬਿਨਾਂ ਨਹੀਂ ਕੀਤੀ। ਜਦੋਂ ਤਕ ਮਨ ਨੂੰ ਇਕਾਗਰ ਨਾ ਕੀਤਾ ਜਾਵੇ ਇਕ ਬਿੰਦੂ ਤੇ ਨਾ ਲੈ ਕੇ ਆਇਆ ਜਾਵੇ, ਮਨ ਨੂੰ ਜਦੋਂ ਤਕ ਅੰਤਰਮੁਖੀ ਨਾ ਕੀਤਾ ਜਾਵੇ ਅਸੀਂ ਅਰਧ ਚੇਤਨ ਮਨ ਵਿਚ ਝਾਤੀ ਨਹੀਂ ਮਾਰ ਸਕਦੇ, ਮਾਇਆ ਦੇ ਛਲ ਤੋਂ ਪਰ੍ਹੇ ਨਹੀਂ ਜਾ ਸਕਦੇ। ਜਦੋਂ ਤਕ ਮਨ ਪੂਰੀ ਤਰ੍ਹਾਂ ਨਾਲ ਇਕ ਨਾ ਹੋ ਜਾਏ ਏਕਤਾ ਵਿਚ ਨਾ ਜਾਏ ਅਸੀਂ ਕੋਈ ਵੀ ਕਾਰਜ ਸੁਚੱਜੀ ਤਰ੍ਹਾਂ ਨਹੀਂ ਕਰ ਸਕਦੇ, ਕੋਈ ਵੀ ਕਾਰਜ ਸੁਚੱਜਾ ਨਹੀਂ ਹੋ ਸਕਦਾ। ਕਿਉਂਕਿ ਸੋਚ ਦੀ ਸੂਖਮ ਕੜੀ, ਇਛਾਵਾਂ ਸਦਾ ਹੀ ਮੁਕਤੀ ਦੇ ਰਾਹ ਤੇ ਅੜਿਕਾ, ਰੋੜਾ ਬਣਦੀਆਂ ਹੀ ਰਹਿਣਗੀਆਂ।

ਇਛਾਵਾਂ ਤੋਂ ਛੁਟਕਾਰਾ ਪਾਉਣ ਲਈ ਠੀਕ ਤਰ੍ਹਾਂ ਨਾਲ ਮੈਡੀਟੇਸ਼ਨ ਕਰਨੀ ਬਹੁਤ ਹੀ ਅਵੱਸ਼ਕ ਹੈ, ਮੈਡੀਟੇਸ਼ਨ ਕਰਨ ਲਈ ਮਨ ਨੂੰ ਪਵਿੱਤਰ ਕਰਨਾ ਸ਼ੁਧ ਕਰਨਾ ਬਹੁਤ ਜ਼ਰੂਰੀ ਹੈ। ਇਹ ਅਸੀਂ ਆਪਾ ਚੀਨਣ ਨਾਲ ਹੀ ਕਰ ਸਕਦੇ ਹਾਂ, ਆਪਣੇ ਨਰੀਖਣ ਕਰਕੇ, ਮੰਤ੍ਰ ਅਭਿਆਸ ਕਰਕੇ ਕਰ ਸਕਦੇ ਹਾਂ, ਸ਼ਬਦਾਂ ਦੇ ਵਿਗਿਆਨ ਨਾਲ ਕਰ ਸਕਦੇ ਹਾਂ। ਸ਼ਬਦ ਵਿਗਿਆਨ ਕੇਵਲ ਯੋਗ ਸਿਖਿਆ ਵਿਚ ਹੀ ਨਹੀਂ ਹੈ, ਗ੍ਰੰਥਾਂ ਵਿਚ ਹੈ, ਬਾਈਬਲ ਵਿਚ ਹੈ, ਬੁੱਧ ਮੱਤ ਵਿਚ ਹੈ। ਸਭ ਤੋਂ ਪਹਿਲੀ ਕ੍ਰਿਪਾ ਹੈ ਮੰਤਰ, ਦਿਖਿਆ ਜਾਂ ਮੰਤਰ ਦੀਕਸ਼ਾ। ਸ਼ਬਦ ਤੇ ਧੁਨ ਰਾਹੀਂ ਸਾਨੂੰ ਅੰਤਰਮੁਖੀ ਹੋ ਕੇ ਆਤਮ ਸਿੱਧੀ ਤਕ ਪਹੁੰਚਾਇਆ ਜਾਂਦਾ ਹੈ। ਸ਼ਬਦਾਂ ਦਾ ਧੁਨ ਹੈ ਧੁਨ ਤੁਹਾਡੇ ਅੰਦਰ ਛਲ ਲਿਆਉਂਦੀ ਹੈ ਤੁਹਾਡੇ ਅੰਦਰ ਲਹਿਰ ਪੈਦਾ ਕਰਦੀ ਹੈ। ਇਸ ਲਹਿਰ ਨਾਲ ਆਕਾਰ ਪੈਦਾ ਹੁੰਦਾ ਹੈ, ਉਸ ਆਕਾਰ ਦਾ ਆਪਣਾ ਇਕ ਅਰਥ ਹੈ, ਮਤਲਬ ਹੈ। ਉਹ ਅਰਥ ਸਾਡੀ ਅਗਵਾਈ ਕਰਦਾ ਹੈ ਜਦੋਂ ਕਿਸੇ ਮਿਤਰ ਦੀ ਲੋੜ ਹੋਵੇ, ਪੱਥ ਪਰਦਰਸ਼ਕ ਦੀ ਲੋੜ ਹੋਵੇ ਇਹ ਆਗੂ ਹੁੰਦਾ ਹੈ, ਨਾਲ ਹੀ ਇਹ ਸਾਨੂੰ ਡੂੰਘਾ ਹੋਰ ਡੂੰਘਾ ਲੈ ਜਾਂਦੀ ਹੈ, ਆਤਮਾ ਤੱਕ ਪਹੁੰਚਾ ਦਿੰਦੀ ਹੈ। ਮੰਤਰ ਵਿਗਿਆਨ ਇਕ ਬਹੁਤ ਹੀ ਮੰਨਿਆ ਹੋਇਆ ਇਕ ਸਿੱਧਾ ਤਰੀਕਾ ਹੈ ਜਿਹੜਾ ਗੁਰੂ ਤੋਂ ਸ਼ਿਸ਼ ਨੂੰ ਮਿਲਦਾ ਹੈ। ਮੰਤਰ ਦੁਆਰਾ ਹੀ ਅਸੀਂ ਅੰਤਰ ਅਨੁਭਵ ਤੇ ਪਹੁੰਚਦੇ ਹਾਂ, ਅੰਤਰ ਅਨੁਭਵ ਦੀ ਉਚੀ ਅਵਸਥਾ ਤੇ ਸੁਚੇਤ ਅਵਸਥਾ ਤੇ ਪਹੁੰਚ ਸਕਦੇ ਹਾਂ।

**AAA**

# ਯੋਗਾ ਉਪਰ ਲੈਕਚਰ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਡੂੰਘੇ ਸ੍ਵਾਸ ਲੈਣ ਦਾ ਸਰਲ ਅਭਿਆਸ

ਸਵੇਰ ਦੀ ਕ੍ਰਿਆ ਕਰਨ ਤੋਂ ਬਾਅਦ ਬਾਹਰ ਖੁਲ੍ਹੇ ਥਾਂ ਤੇ ਖੜ੍ਹੇ ਹੋ ਜਾਓ, ਥਾਂ ਸਾਫ ਸੁਥਰੀ ਸ਼ਾਂਤਮਈ ਹੋਣੀ ਚਾਹੀਦੀ ਹੈ। ਨਾਸਕਾ ਰਾਹੀਂ ਸ੍ਵਾਸ ਬਾਹਰ ਕੱਢੋ, ਸਿਰ ਗਰਦਨ ਤੇ ਧੜ ਬਿਲਕੁਲ ਸਿੱਧਾ ਰੱਖੋ। ਸਰੀਰ ਨੂੰ ਜਿੰਨਾ ਸਥਿਰ ਰੱਖ ਸਕਦੇ ਹੋ ਰੱਖੋ, ਕੇਵਲ ਪੇਟ ਦੇ ਪੱਠੇ ਤੇ ਛਾਤੀ ਦੇ ਪੱਠੇ ਹੀ ਕੰਮ ਕਰਨ ਜਿਹੜੇ ਸ੍ਵਾਸ ਲੈਣ ਵਿਚ ਕੰਮ ਕਰਦੇ ਹਨ। ਥੱਲੇ ਦਾ ਬੰਨ੍ਹ ਲਗਾਓ, ਥੱਲੇ ਦੇ ਪੱਠੇ ਨੂੰ ਸੁਕੋੜੇ, ਗੁਦੇ ਨੂੰ ਸੁਕੋੜੋ ਉਨ੍ਹਾਂ ਨੂੰ ਅੰਦਰ ਵਲ ਕਰੋ ਤੇ ਉਪਰ ਵਲ ਕਰੋ ਨਾਸਿਕਾ ਰਾਹੀਂ ਸ੍ਵਾਸ ਬਾਹਰ ਕੱਢੋ, ਹੌਲੀ ਕੱਢੋ ਬਿਨਾਂ ਕਿਸੇ ਝਟਕੇ ਦੇ ਕੱਢੋ ਤੇ ਬਿਨਾਂ ਕਿਸੇ ਆਵਾਜ਼ ਦੇ ਕੱਢੋ। ਸ੍ਵਾਸ ਬਾਹਰ ਕੱਢਣ ਤੋਂ ਬਾਅਦ ਰੁਕੋ ਨਹੀਂ ਇਕ ਦਮ ਡੂੰਘੇ ਸ੍ਵਾਸ ਅੰਦਰ ਲੈ ਲਵੋ। ਇਸ ਤਰ੍ਹਾਂ ਰੋਜ਼ ਸਵੇਰੇ ਦੱਸ ਵਾਰੀ ਕਰੋ, ਦੋ ਮਹੀਨੇ ਲਈ ਕਰੋ। ਡੂੰਘੇ ਸ੍ਵਾਸ ਇਕ ਸੁਰ ਹੋ ਕੇ ਸ੍ਵਾਸ ਲਵੋ, ਸ੍ਵਾਸ ਅੰਦਰ ਕਰੋ, ਬਾਹਰ ਕੱਢੋ, ਅੰਦਰ ਤੇ ਬਾਹਰ ਦੇ ਸ੍ਵਾਸਾਂ ਦਾ ਸਮਾਂ ਇਕੋ ਜਿਹਾ ਹੋਣਾ ਚਾਹੀਦਾ ਹੈ ਇਸ ਨਾਲ Low blood pressure ਠੀਕ ਹੁੰਦਾ ਹੈ, ਨੀਂਦਰ ਨਾ ਆਉਣ ਦੀ ਬਿਮਾਰੀ ਠੀਕ ਹੁੰਦੀ ਹੈ ਤੇ ਹਾਰਟ ਅਟੈਕ ਤੋਂ ਬਚਾਅ ਹੁੰਦਾ ਹੈ। ਨਾੜੀ ਤੰਤਰ ਨੂੰ ਸ਼ਕਤੀ ਮਿਲਦੀ ਹੈ ਤੇ ਸ੍ਵਾਸ ਲੈਣ ਦੀ ਕ੍ਰਿਆ ਆਪ ਹੀ ਨਿਯਮਬੱਧ ਹੋ ਜਾਂਦੀ ਹੈ ਇਹ ਇਕ ਗੁਜਾ ਗਜ਼ ਹੈ, ਸਰੀਰ ਤੇ ਮਨ ਨੂੰ ਸੁਅਸਥ ਰੱਖਣ ਦਾ।

ਦੂਸਰਾ ਸ੍ਵਾਸ ਲੈਣ ਦਾ ਸੌਖਾ ਅਭਿਆਸ ਹੈ ਸਿੱਧੇ ਲੇਟ ਜਾਓ, ਪੈਰ ਦੂਰ-ਦੂਰ ਕਰ ਲਓ। ਬਾਹਵਾਂ ਸਰੀਰ ਦੇ ਨਾਲ ਲਗਾ ਲਓ, ਹਥੇਲੀਆਂ ਉਪਰ ਕਰ ਲਓ, ਅੱਖਾਂ ਬੰਦ ਕਰ ਲਓ ਹੱਥ ਪੇਟ ਦੇ ਉਪਰ ਵਾਲੇ ਹਿੱਸੇ ਤੇ ਰੱਖ ਲਓ, ਧੁਨੀ ਤੋਂ ਉਪਰ ਦੇਖੋ ਕਿ ਤੁਸੀਂ ਪੱਠੇ ਦੀ ਹਿਲਜੁਲ ਹਰਕਤ ਮਹਿਸੂਸ ਕਰ ਸਕਦੇ। ਹੌਲੀ ਹੌਲੀ ਨਾਸਿਕਾ ਤੋਂ ਸ੍ਵਾਸ ਲਓ, ਇਕਸਾਰ ਹੋਣ ਸ੍ਵਾਸ ਡੂੰਘੇ ਹੋਣ, ਕੋਈ ਆਵਾਜ਼ ਨਾ ਹੋਵੇ ਕੋਈ ਝਟਕਾ ਨਾ ਲੱਗੇ, ਕੋਈ ਰੁਕਾਵਟ ਨਹੀਂ ਆਵੇ। ਹੌਲੀ-ਹੌਲੀ ਸ੍ਵਾਸਾਂ ਦੀ ਗਤੀ ਵਧਾਉਂਦੇ ਚਲੇ ਜਾਓ, ਪੇਟ ਦੇ ਪੱਠੇ ਉਪਰ ਥੱਲੇ ਹੁੰਦੇ ਰਹਿਣ। ਜੇ ਇਸ ਤਰ੍ਹਾਂ ਸ੍ਵਾਸ ਲੈਣੇ ਔਖੇ ਲੱਗਣ ਤਾਂ ਹੱਥ ਨਾਲ ਪੇਟ ਨੂੰ ਅੰਦਰ ਕੀਤਾ ਜਾ ਸਕਦਾ ਹੈ, ਜਦੋਂ ਸ੍ਵਾਸ ਬਾਹਰ ਕੱਢੋ। ਹਲਕੀ ਹਲਕੀ ਗਤੀ ਛਾਤੀ ਵਿਚ ਵੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਡੂੰਘੀ ਸ੍ਵਾਸ ਲੈਣ ਦੀ ਵਿਧੀ ਤਿੰਨ ਤੋਂ ਪੰਜ ਮਿੰਟ ਤਕ ਰੋਜ਼ ਕਰੋ, ਉਦੋਂ ਤਕ ਕਰਦੇ ਰਹੋ ਜਦੋਂ ਤੱਕ ਤੁਸੀਂ ਡੂੰਘੀ ਤਰ੍ਹਾਂ ਸ੍ਵਾਸ ਲੈਣ ਦੀ ਵਿਧੀ ਨੂੰ ਚੰਗੀ ਤਰ੍ਹਾਂ ਸਮਝ ਨਾ ਜਾਓ।

## ਸ੍ਵਾਸ ਲੈ ਕੇ ਨਿਸਲ ਹੋਣਾ

ਸ੍ਵਾਸਾਂ ਨਾਲ ਸਰੀਰ ਨਿਸਲ ਕਰਨ ਨਾਲ ਨਾੜੀ ਤੰਤਰ ਤੇ ਹੋਰ ਬੀਮਾਰੀਆਂ ਨੂੰ ਬਹੁਤ ਲਾਭ ਪਹੁੰਚਦਾ ਹੈ, ਬਿਸਤਰੇ ਤੇ ਸਿੱਧੇ ਲੇਟ ਜਾਓ ਸਿਰ ਦੇ ਥੱਲੇ ਵਿਚ ਬਹੁਤ ਨਰਮ ਸਰਾਹਣਾ ਰੱਖੋ। ਅੱਖਾਂ ਤੇ ਵੀ ਕਪੜਾ ਰੱਖੋ ਤੇ ਹੌਲੀ-ਹੌਲੀ ਸ੍ਵਾਸ ਅੰਦਰ ਲਵੋ ਤੇ ਪੇਟ ਤੋਂ ਲਵੋ। ਪਹਿਲਾਂ ਸਰੀਰ ਦੇ ਹਿਸਿਆਂ ਨੂੰ ਨਿਸਲ ਕਰੋ ਤੇ ਫੇਰ ਆਪਣੇ ਮਨ ਨੂੰ ਕਹੋ ਕਿ ਉਥੇ ਜਾਏ ਤੇ ਉਹ ਹਿੱਸੇ ਨੂੰ ਨਿਸਲ ਕਰੇ, ਮਿਸਾਲ ਵਜੋਂ ਪੈਰ ਦੇ ਪੰਜੇ ਤੋਂ ਸ਼ੁਰੂ ਕਰੋ ਪਹਿਲਾਂ ਪੰਜੇ ਨੂੰ ਸਰੀਰਕ ਪੱਖੋ ਨਿਸਲ ਕਰੋ ਫੇਰ ਮਨ ਨੂੰਂ ਕਹੋ ਕਿ ਮੇਰੇ ਪੰਜੇ ਵਿਚ ਜਾਨ ਨਹੀਂ ਹੈ। ਇਹ ਨਿਸਲ ਹੈ ਇਸੇ ਤਰ੍ਹਾਂ ਸਾਰੇ ਹਿੱਸਿਆਂ ਨਾਲ ਕਰੋ, ਇਸ ਤਰ੍ਹਾਂ ਵਿਧੀ ਅਨੁਸਾਰ ਹਰੇਕ ਅੰਗ ਨਾਲ ਕਰੋ, ਪੈਰ ਤੋਂ ਸ਼ੁਰੂ ਹੋ ਕੇ ਉਪਰ ਤੱਕ ਆਓ, ਸਰੀਰ ਦੇ ਹਰ ਇਕ ਅੰਗ ਨੂੰ ਨਿਸਲ ਕਰੋ। ਆਪਣੇ ਮੱਥੇ ਤੋਂ ਸ਼ੁਰੂ ਕਰੋ, ਮੂੰਹ, ਗਰਦਨ, ਮੋਢੇ ਜਦੋਂ ਤੱਕ ਤੁਸੀਂ ਪੈਰਾਂ ਦੀਆਂ ਉਂਗਲੀਆਂ ਤੱਕ ਨਾਲ ਪਹੁੰਚੋ ਜਾਰੀ ਰੱਖੋ। ਫੇਰ ਸਿਰ ਤੇ ਆਓ ਹਰ ਇਕ ਪੱਠੇ ਨੂੰ ਨਿਸਲ ਕਰੋ, ਏਸ ਤਰ੍ਹਾਂ ਇਸ ਗੱਲ ਦਾ ਧਿਆਨ ਰਹੇ ਕਿ ਕਿਸੇ ਹੋਰ ਕਿਸਮ ਦਾ ਵਿਚਾਰ ਨਾ ਆਵੇ।

ਨਿਸਲ ਹੋਣ ਦਾ ਅਭਿਆਸ ਦੱਸ ਮਿੰਟ ਤੋਂ ਵੱਧ ਨਹੀਂ ਕਰਨਾ ਚਾਹੀਦਾ, ਬਹੁਤ ਵਧੇਰੇ ਨਿਸਲ ਹੋਣਾ ਹਾਨੀਕਾਰਕ ਹੋ ਸਕਦਾ ਹੈ, ਜੇ ਪੱਠਿਆਂ ਨੂੰ ਬਹੁਤ ਦੇਰ ਲਈ ਨਿਸਲ ਕੀਤਾ ਜਾਵੇ ਤਾਂ ਉਨ੍ਹਾਂ ਤੇ ਕੰਟਰੋਲ ਖਤਮ ਹੋ ਸਕਦਾ ਹੈ, ਇਕ ਹੋਰ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਨਿਸਲ ਹੋਣ ਦਾ ਅਭਿਆਸ ਕਰਦਿਆਂ ਸੌਣਾ ਨਹੀਂ ਚਾਹੀਦਾ।

ਪੰਜ ਮਿੰਟ ਨਿਸਲ ਹੋ ਕੇ ਸਾਰੇ ਸਰੀਰ ਨੂੰ ਅਕੜਾਓ, ਸਾਰੇ ਸਰੀਰ ਨੂੰ ਗਤੀ ਵਿਚ ਲੈ ਕੇ ਆਓ ਤੇ ਇਕ ਮਿੰਟ ਲਈ ਇਸ ਗਤੀ ਨੂੰ ਰੱਖੋ। ਫੇਰ ਹੌਲੀ ਹੌਲੀ ਸਾਰੇ ਹਿੱਸਿਆਂ ਨੂੰ ਨਿਸਲ ਕਰੋ, ਉਸੇ ਤਰ੍ਹਾਂ ਸਿਰ ਤੋਂ ਪੈਰਾਂ ਤਕ ਤੇ ਫੇਰ ਸਰੀਰ ਨੂੰ ਗਤੀ ਵਿਚ ਲੈ ਕੇ ਆਓ ਫੇਰ ਨਿਸਲ ਕਰੋ, ਹੌਲੀ ਹੌਲੀ ਸ੍ਵਾਸ ਅੰਦਰ ਬਾਹਰ ਕਰੋ। ਜੇ ਤੁਸੀਂ ਡੂੰਘੇ ਸ੍ਵਾਸ ਲੈਣ ਤੇ ਇਕਾਗਰ ਚਿੱਤ ਹੋਣਾ ਸਿੱਖ ਲਵੋ, ਤੁਸੀਂ ਦੇਖੋਗੇ

ਤੁਸੀਂ ਬੜੀ ਸੌਖੀ ਤਰ੍ਹਾਂ ਸਥਿਲ ਹੋ ਸਕਦੇ ਹੋ ਨਿਸਲ ਹੋ ਸਕਦੇ ਹੋ। ਜਦੋਂ ਥੱਕੇ ਹੋਵੋ ਡੂੰਘੇ ਸ੍ਵਾਸ ਲੈਣੇ ਅਤੀ ਲਾਭਦਾਇਕ ਹਨ, ਇਕ ਗੱਲ ਦਾ ਧਿਆਨ ਰਹੇ ਕਿ ਸ੍ਵਾਸ ਅੰਦਰ ਨਹੀਂ ਰੱਖਣੇ। ਤੁਸੀਂ ਆਪਣੇ ਕੰਮ ਦੀ ਥਾਂ ਵੀ ਬੈਠੇ ਨਿਸਲ ਹੋ ਸਕਦੇ ਹੋ, ਆਪਣੇ ਆਪ ਨੂੰ ਤਾਜ਼ਾ ਕਰ ਸਕਦੇ ਹੋ ਤੇ ਆਪਣੇ ਕੰਮ ਕਰਨ ਦੀ ਸਮਰਥਾ ਵਧਾ ਸਕਦੇ ਹੋ।

## ਨਾੜੀ ਸ਼ੋਧਨ

ਇਹ ਸ੍ਵਾਸ ਲੈਣ ਦਾ ਅਭਿਆਸ ਹੈ ਜਿਸ ਨਾਲ ਨਾੜੀਆਂ ਦੀ ਸਫਾਈ ਹੋ ਜਾਂਦੀ ਹੈ ਨਾੜੀਆਂ ਦੀ ਸ਼ਕਤੀ ਪੂਰੀ ਤਰ੍ਹਾਂ ਨਾਲ ਕੰਮ ਕਰਨ ਲਗ ਪੈਂਦੀ ਹੈ। ਨਾੜੀ ਸ਼ੋਧਨਾ ਦਿਨ ਵਿਚ ਦੋ ਵਾਰੀ ਕਰਨੀ ਚਾਹੀਦੀ ਹੈ, ਸਵੇਰੇ ਤੇ ਸ਼ਾਮ ਨੂੰ ਸਵੇਰ ਵੇਲੇ ਨਾੜੀ ਸ਼ੋਧਨ ਹੇਠ ਦੱਸੇ ਤਰੀਕੇ ਨਾਲ ਕਰਨੀ ਚਾਹੀਦੀ ਹੈ –

1. ਇਕ ਸ਼ਾਂਤ, ਚੁੱਪ ਚਾਪ ਜਗ੍ਹਾ ਤੇ ਬੈਠੋ, ਜਗ੍ਹਾ ਖੁਲ੍ਹੀ ਹਵਾਦਾਰ ਹੋਵੇ, ਸੁਖਾਵੇਂ ਤਰੀਕੇ ਨਾਲ ਬੈਠੋ ਜਿਸ ਤਰ੍ਹਾਂ ਤੁਸੀਂ ਆਰਾਮ ਮਹਿਸੂਸ ਕਰੋ।

2. ਤੁਹਾਡਾ ਸਿਰ, ਗਰਦਨ ਤੇ ਰੀੜ੍ਹ ਦੀ ਹੱਡੀ ਸਭ ਇਕ ਦਮ ਸਿੱਧੀਆਂ ਹੋਣੀਆਂ ਚਾਹੀਦੀਆਂ ਹਨ ਸਰੀਰ ਬਿਲਕੁਲ ਸਥਿਲ ਹੋਣਾ ਚਾਹੀਦਾ ਹੈ।

3. ਸੱਜਾ ਹੱਥ ਨੱਕ ਤੇ ਲੈ ਕੇ ਆਓ, ਪਹਿਲੀ ਉਂਗਲੀ ਤੇ ਵਿਚ ਵਾਲੀ ਉਂਗਲੀ ਇਕੱਠੀ ਕਰ ਲਓ, ਕੇਵਲ ਸੱਜਾ ਅੰਗੂਠਾ ਹੀ ਵਰਤੋ ਵਿਚ ਲਿਆਉਣਾ ਹੈ, ਸੱਜੇ ਅੰਗੂਠੇ ਨਾਲ ਸੱਜੀ ਨਾਸਿਕਾ ਬੰਦ ਕਰੋ ਤੇ ਤੀਸਰੀ ਉਂਗਲੀ ਨਾਲ ਖੱਬੀ ਨਾਸਿਕਾ ਬੰਦ ਕਰੋ।

4. ਸੱਜੀ ਨਾਸਿਕਾ ਸੱਜੇ ਅੰਗੂਠੇ ਨਾਲ ਬੰਦ ਕਰੋ। ਖੱਬੀ ਨਾਸਿਕਾ ਤੋਂ ਪੂਰੀ ਤਰ੍ਹਾਂ ਨਾਲ ਸ੍ਵਾਸ ਬਾਹਰ ਕੱਢੋ। ਸ੍ਵਾਸ ਜਦੋਂ ਬਾਹਰ ਕੱਢੋ ਬਹੁਤ ਹੀ ਹੌਲੀ ਹੌਲੀ ਕੱਢੋ, ਬੜੇ ਕੰਟਰੋਲ ਤਰੀਕੇ ਨਾਲ ਕੱਢੋ ਕਿਸੇ ਕਿਸਮ ਦਾ ਧੱਕਾ ਜ਼ੋਰ ਨਹੀਂ ਲਗਣਾ ਚਾਹੀਦਾ।

5. ਸ੍ਵਾਸ ਬਾਹਰ ਕੱਢਣ ਤੋਂ ਬਾਅਦ ਖੱਬੀ ਨਾਸਿਕਾ ਤੀਸਰੀ ਉਂਗਲੀ ਨਾਲ ਬੰਦ ਕਰੋ ਸੱਜੀ ਨਾਸਿਕਾ ਖੋਲ੍ਹੋ ਤੇ ਹੌਲੀ ਹੌਲੀ ਸ੍ਵਾਸ ਅੰਦਰ ਲਓ। ਸ੍ਵਾਸ ਅੰਦਰ ਕਰਨ ਦੀ ਤੇ ਬਾਹਰ ਕੱਢਣ ਦੀ ਗਤੀ ਇਕੋ ਜਿਹੀ ਹੋਣੀ ਚਾਹੀਦੀ ਹੈ।

6. ਇਸੇ ਤਰ੍ਹਾਂ ਖੱਬੀ ਨਾਸਿਕਾ ਤੋਂ ਸ੍ਵਾਸ ਬਾਹਰ ਕੱਢੋ ਤੇ ਸੱਜੀ ਨਾਲ ਅੰਦਰ ਕਰੋ, ਦੋ ਵਾਰੀ ਹੋਰ ਇਸੇ ਤਰ੍ਹਾਂ ਕਰੋ।

7. ਜਦੋਂ ਤੀਸਰੀ ਵਾਰੀ ਸ੍ਵਾਸ ਸੱਜੀ ਨਾਸਿਕਾ ਰਾਹੀਂ ਅੰਦਰ ਕਰਦੇ ਹੋ ਉਸ ਸਮੇਂ ਸੱਜੀ ਨਾਸਿਕਾ ਨਾਲ ਹੀ ਪੂਰੀ ਤਰ੍ਹਾਂ ਸ੍ਵਾਸ ਬਾਹਰ ਕੱਢੋ ਖੱਬੀ ਨਾਸਿਕਾ ਸੱਜੇ ਹੱਥ ਦੀ ਤੀਸਰੀ ਉਂਗਲੀ ਨਾਲ ਬੰਦ ਕਰੋ।

8. ਸ੍ਵਾਸ ਬਾਹਰ ਕੱਢ ਕੇ ਸੱਜੀ ਨਾਸਿਕਾ ਅੰਗੂਠੇ ਨਾਲ ਬੰਦ ਕਰੋ ਤੇ ਖੱਬੀ ਨਾਸਿਕਾ ਨਾਲ ਸ੍ਵਾਸ ਲਵੋ।

9. ਇਸੇ ਤਰ੍ਹਾਂ ਸੱਜੀ ਨਾਸਿਕਾ ਤੋਂ ਸ੍ਵਾਸ ਬਾਹਰ ਕੱਢੋ ਤੇ ਖੱਬੀ ਤੋਂ ਅੰਦਰ ਕਰੋ, ਦੋ ਵਾਰੀ ਇਸ ਤਰ੍ਹਾਂ ਕਰੋ ਇਸ ਤਰ੍ਹਾਂ ਕਰਨ ਨਾਲ ਇਹ ਅਭਿਆਸ ਪੂਰਾ ਹੋ ਜਾਂਦਾ ਹੈ।

10. ਇਸ ਅਭਿਆਸ ਦਾ ਸਾਰਾਂਸ਼ ਇਸ ਤਰ੍ਹਾਂ ਹੈ –

(ੳ) ਤਿੰਨ ਵਾਰੀ ਖੱਬੀ ਨਾਸਿਕਾ ਨਾਲ ਸ੍ਵਾਸ ਬਾਹਰ ਕੱਢਣੇ ਤੇ ਸੱਜੀ ਨਾਸਿਕਾ ਨਾਲ ਅੰਦਰ ਲੈਣੇ ਉਸ ਤੋਂ ਬਾਅਦ।

(ਅ) ਤਿੰਨ ਵਾਰੀ ਸੱਜੀ ਨਾਸਿਕਾ ਰਾਹੀਂ ਸ੍ਵਾਸ ਬਾਹਰ ਕੱਢਣੇ ਤੇ ਖੱਬੀ ਨਾਸਿਕਾ ਤੋਂ ਅੰਦਰ ਲੈਣੇ।

11. ਸ਼ਾਮ ਨੂੰ ਇਸ ਅਭਿਆਸ ਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਹੈ।

(ੳ) ਤਿੰਨ ਵਾਰੀ ਸੱਜੀ ਨਾਸਿਕਾ ਨਾਲ ਸ੍ਵਾਸ ਬਾਹਰ ਕੱਢਣੇ ਤੇ ਖੱਬੀ ਨਾਲ ਅੰਦਰ ਕਰਨੇ

(ਅ) ਤਿੰਨ ਵਾਰੀ ਖੱਬੀ ਨਾਸਿਕਾ ਨਾਲ ਸ੍ਵਾਸ ਬਾਹਰ ਕੱਢਣੇ ਤੇ ਸੱਜੀ ਨਾਸਿਕਾ ਤੋਂ ਅੰਦਰ ਲੈਣੇ।

ਇਸ ਗੱਲ ਦਾ ਧਿਆਨ ਰਹੇ ਕਿ ਸ੍ਵਾਸ ਅੰਦਰ ਲੈਣ ਤੇ ਬਾਹਰ ਕੱਢਣ ਦੀ ਗਤੀ ਸਮਾਂ ਇਕੋ ਜਿਹਾ ਰਹੇ ਹੌਲੀ ਰਹੇ, ਕਾਬੂ ਵਿਚ ਰਹੇ ਕੰਟਰੋਲ ਵਿਚ ਰਹੇ, ਕਿਸੇ ਕਿਸਮ ਦਾ ਕੋਈ ਝਟਕਾ ਨਾ ਲੱਗੇ ਜ਼ੋਰ ਨਾ ਲੱਗੇ ਹੌਲੀ ਹੌਲੀ ਸਮਾਂ ਪਾ ਕੇ ਇਸ ਦੀ ਗਤੀ ਵਿਚ ਵਾਧਾ ਹੁੰਦਾ ਜਾਵੇਗਾ, ਸ੍ਵਾਸ ਅੰਦਰ ਕਰਨ ਤੇ ਬਾਹਰ ਕਰਨ ਦੀ ਗਤੀ ਤੇ ਸਮਾਂ ਵਧਦਾ ਜਾਵੇਗਾ। ਇਸ ਤਰ੍ਹਾਂ ਕਰਨ ਲਈ ਕੋਸ਼ਿਸ ਵੀ ਕਰਨੀ ਚਾਹੀਦੀ ਹੈ।

ਹੋਰ ਵੀ ਕਈ ਪ੍ਰਕਾਰ ਦੇ ਪ੍ਰਾਣਾਯਾਮ ਹਨ ਹਰ ਇਕ ਦਾ ਆਪਣਾ ਮੰਤਵ ਹੈ ਅਸੀਂ ਕੁਝ ਇਕ ਇਥੇ ਦੱਸਾਂਗੇ।

## ਉਜੈਈ ਪ੍ਰਾਣਾਯਾਮ

ਇਸ ਪ੍ਰਾਣਾਯਾਮ ਨੂੰ ਕਰਨ ਲਈ ਸਿੱਧੇ ਬੈਠੋ, ਸਿਰ, ਗਰਦਨ ਤੇ ਪਿੱਠ ਬਿਲਕੁਲ ਸਿੱਧੀ ਰੱਖੋ, ਪੂਰੀ ਤਰ੍ਹਾਂ ਨਾਲ ਸ੍ਵਾਸ ਬਾਹਰ ਕੱਢ ਲਓ। ਉਸ ਤੋਂ ਬਾਅਦ ਹੌਲੀ ਹੌਲੀ ਡੂੰਘਾ ਸ੍ਵਾਸ ਅੰਦਰ ਲਓ, ਨਾਸਿਕਾ ਰਾਹੀਂ ਸ੍ਵਾਸ ਅੰਦਰ ਲਓ। ਜਦੋਂ ਤੁਸੀਂ ਸ੍ਵਾਸ ਅੰਦਰ ਕਰੋ ਉਹ ਤੁਹਾਡੇ ਤਾਲੂ ਤੇ ਲੱਗਣੀ ਚਾਹੀਦੀ ਹੈ ਤੇ ਉਸ ਦੀ ਆਵਾਜ਼ ਬੜੀ ਹਲਕੀ

ਹੌਲੀ ਹੌਲੀ ਲਗਾਤਾਰ ਆਉਣੀ ਚਾਹੀਦੀ ਹੈ। ਇਹ ਆਵਾਜ਼ ਪੈਦਾ ਕਰਨ ਲਈ ਤੁਸੀਂ ਘੰਡੀ ਦਾ ਮੂੰਹ ਬੰਦ ਕਰੋ, ਇਸ ਤਰ੍ਹਾਂ ਕਰਨ ਲਈ ਤੁਸੀਂ ਮਾਨਸਿਕ ਤੌਰ ਤੇ ਸੂ........ਲੰਮੀ ਕਰਕੇ ਕਰੋ, ਸ੍ਵਾਸ ਅੰਦਰ ਲੈਂਦੇ ਸਮੇਂ ਇਸ ਤਰ੍ਹਾਂ ਕਰਨ ਨਾਲ ਘੰਡੀ ਦਾ ਮੂੰਹ ਬੰਦ ਹੋ ਜਾਂਦਾ ਹੈ। ਪੇਟ ਥੋੜ੍ਹਾ ਅੰਦਰ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਹੁਣ ਬਿਨਾਂ ਕਿਸੇ ਅਟਕਾਅ ਦੇ ਸਾਰੀ ਹਵਾ ਹੌਲੀ ਹੌਲੀ ਬਾਹਰ ਕੱਢ ਦਿਓ, ਜਿਹੜੀ ਹਵਾ ਬਾਹਰ ਕੱਢ ਰਹੇ ਹੋ ਉਹ ਵੀ ਉਸੇ ਤਰ੍ਹਾਂ ਨਾਲ ਤਾਲੂ ਨਾਲ ਲੱਗ ਕੇ ਬਾਹਰ ਨਿਕਲੇ ਤੇ ਉਸ ਦੀ ਆਵਾਜ਼ ਸੁਣਨੀ ਚਾਹੀਦੀ ਹੈ ਇਸ ਆਵਾਜ਼ ਨੂੰ ਪੈਦਾ ਕਰਨ ਲਈ ਵੀ ਅੰਦਰ ਮਾਨਸਿਕ ਤੌਰ ਤੇ ਹਮ-ਮ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਹਵਾ ਦੇ ਅੰਦਰ ਜਾਣ ਤੇ ਬਾਹਰ ਆਉਣ ਦਾ ਚੱਕਰ ਪੂਰਾ ਹੋ ਜਾਂਦਾ ਹੈ ਇਸ ਤਰ੍ਹਾਂ ਕਰਨ ਨਾਲ ਉਜੈਈ ਪ੍ਰਾਣਾਯਾਮ ਦਾ ਇਕ ਚੱਕਰ ਪੂਰਾ ਹੋ ਜਾਂਦਾ ਹੈ ਇਸ ਨੂੰ ਤੁਸੀਂ ਪੰਜ ਮਿੰਟ ਤਕ ਕਰ ਸਕਦੇ ਹੋ। ਇਸ ਪ੍ਰਾਣਾਯਾਮ ਨੂੰ ਕਰਨ ਨਾਲ ਨਾਸਿਕਾ ਦੀ ਸਫਾਈ ਹੁੰਦੀ ਹੈ ਨਾੜੀਆਂ ਨੂੰ ਆਰਾਮ ਮਿਲਦਾ ਹੈ ਤੇ ਮਨ ਸ਼ਾਂਤ ਹੁੰਦਾ ਹੈ।

## ਕਪਾਲਭਾਤੀ ਪ੍ਰਾਣਾਯਾਮ

ਜੇਕਰ ਅਸੀਂ ਕਪਾਲਭਾਤੀ ਦਾ ਅਰਥ ਕਰੀਏ ਤਾਂ ਇਸ ਦਾ ਅਰਥ ਹੈ ਕਿ ਇਸ ਨੂੰ ਕਰਨ ਨਾਲ ਖੋਪੜੀ ਚਮਕ ਪੈਂਦੀ ਹੈ। ਇਸ ਦਾ ਅਭਿਆਸ ਸਥਿਰ ਬੈਠ ਕੇ ਕੀਤਾ ਜਾਂਦਾ ਹੈ ਸਿਰ ਗਰਦਨ ਪਿੱਠ ਇਕ ਦਮ ਸਿੱਧੇ ਰੱਖੇ ਜਾਂਦੇ ਹਨ। ਇਸ ਅਭਿਆਸ ਵਿਚ ਛੇਤੀ ਛੇਤੀ ਪੂਰੇ ਜ਼ੋਰ ਨਾਲ ਸ੍ਵਾਸ ਬਾਹਰ ਕੱਢੇ ਜਾਂਦੇ ਹਨ। ਇਸ ਵਿਚ ਪੇਟ ਤੇ ਪੇਟ ਦੇ ਉਪਰ ਵਾਲੇ ਹਿੱਸੇ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਨੂੰ ਅਸੀਂ diaphragmatic breathing ਕਹਿੰਦੇ ਹਾਂ ਇਸ ਤੋਂ ਬਾਅਦ ਇਕ ਦਮ ਸ੍ਵਾਸ ਅੰਦਰ ਲਏ ਜਾਂਦੇ ਹਨ ਤੇ ਪੇਟ ਨਿਸਲ ਹੁੰਦਾ ਹੈ, ਇਸ ਤਰ੍ਹਾਂ ਕਰਨ ਨਾਲ ਇਕ ਚੱਕਰ ਪੂਰਾ ਹੁੰਦਾ ਹੈ, ਇਸ ਤਰ੍ਹਾਂ ਕਰਕੇ ਕਈ ਚੱਕਰ ਪੂਰੇ ਕੀਤੇ ਜਾਂਦੇ ਹਨ। ਪਹਿਲੇ ਪਹਿਲ ਸੱਤ ਤੋਂ ਸਤਾਈ ਚੱਕਰ ਪੂਰੇ ਕੀਤੇ ਜਾਂਦੇ ਹਨ ਤੁਸੀਂ ਕਿੰਨਾ ਕਰ ਸਕਦੇ ਹੋ ਇਹ ਤੁਹਾਡੀ ਆਪਣੀ ਸਮਰਥਾ ਹੈ। ਇਹ ਅਭਿਆਸ ਕਰਨ ਨਾਲ ਤੁਹਾਡਾ ਸ੍ਵਾਸ ਲੈਣ ਦਾ ਰਾਹ ਸਾਫ ਹੁੰਦਾ ਹੈ। ਪੇਟ ਦੇ ਪੱਠੇ ਨੂੰ ਸ਼ਕਤੀ ਮਿਲਦੀ ਹੈ ਤੇ ਪਾਚਨ ਸ਼ਕਤੀ ਨੂੰ ਲਾਭ ਪਹੁੰਚਦਾ ਹੈ।

## ਭਾਸਤਰਿਕਾ ਪ੍ਰਾਣਾਯਾਮ

ਭਾਸਤਰਾ ਦਾ ਅਰਥ ਹੈ ਧੌਂਕਣੀ ਇਸ ਅਭਿਆਸ ਵਿਚ ਪੇਟ ਦੇ ਪੱਠੇ ਧੌਂਕਣੀ ਦੀ ਤਰ੍ਹਾਂ ਹੀ ਜਿਵੇਂ ਲੁਹਾਰ ਦੀ ਧੌਂਕਣੀ ਹੋਵੇ ਇਸ ਪ੍ਰਾਣਾਯਾਮ ਵਿਚ ਸ੍ਵਾਸ ਅੰਦਰ ਬਾਹਰ ਬਿਲਕੁਲ ਉਸ ਤਰ੍ਹਾਂ ਹੀ ਜ਼ੋਰ ਨਾਲ ਹੁੰਦੇ ਹਨ ਜਿਵੇਂ ਲੁਹਾਰ ਦੀ ਧੌਂਕਣੀ ਹੋਵੇ, ਸ੍ਵਾਸਾਂ ਦਾ ਅੰਦਰ ਬਾਹਰ ਹੋਣਾ ਹੀ ਇਕ ਪੂਰਾ ਚੱਕਰ ਹੈ। ਸੱਤ ਤੋਂ ਸਤਾਈ ਚੱਕਰ ਤੱਕ ਤੁਸੀਂ ਕਰ ਸਕਦੇ ਹੋ ਜਿੰਨੀ ਵੀ ਤੁਹਾਡੀ ਸਮਰਥਾ ਹੋਵੇ ਤੇ ਸਹਿਜ ਨਾਲ ਕਰ ਸਕਦੇ ਹੋਵੋ। ਇਸ ਨੂੰ ਤਿੰਨ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ ਭਾਸਤਰਿਕਾ - ਅਗਲੇ ਪਾਸੇ ਵਲੋਂ, ਇਕ ਪਾਸੇ ਤੋਂ ਦੂਸਰੇ ਪਾਸੇ ਵਲ ਤੀਸਰਾ ਬਦਲ ਕੇ ਉਪਰ ਜਿਹੜਾ ਦੱਸਿਆ ਗਿਆ ਹੈ ਉਹ ਸਾਮ੍ਹਣੇ ਕਰਨ ਵਾਲਾ ਭਾਸਤਰਿਕਾ ਹੈ।

ਪਾਸੇ ਤੋਂ ਪਾਸੇ ਵਾਲੇ ਭਾਸਤਰਿਕਾ ਵਿਚ ਪਹਿਲਾਂ ਸ੍ਵਾਸ ਬਾਹਰ ਕੱਢੋ ਤੇ ਸ੍ਵਾਸ ਅੰਦਰ ਲੈਂਦੇ ਸਮੇਂ ਸਿਰ ਸਾਮ੍ਹਣੇ ਰੱਖ ਕੇ ਕਰਦੇ ਹੋ। ਫੇਰ ਸਿਰ ਪੂਰੀ ਤਰ੍ਹਾਂ ਨਾਲ ਸੱਜੇ ਪਾਸੇ ਕਰੋ (ਸਵੇਰ ਦੇ ਵੇਲੇ ਸੱਜੇ ਪਾਸੇ ਕਰਨਾ ਹੈ, ਸ਼ਾਮ ਨੂੰ ਖੱਬੇ ਪਾਸੇ ਕਰਨਾ ਹੈ) ਤੇ ਛੇਤੀ-ਛੇਤੀ ਸ੍ਵਾਸ ਅੰਦਰ ਬਾਹਰ ਕਰੋ, ਇਸ ਤੋਂ ਪਿਛੋਂ ਸਿਰ ਪਿਛੇ ਕਰੋ ਤੇ ਫੇਰ ਸ੍ਵਾਸ ਅੰਦਰ ਬਾਹਰ ਕਰੋ। ਫੇਰ ਖੱਬੇ ਪਾਸੇ ਕਰਕੇ ਸ੍ਵਾਸ ਬਾਹਰ ਕਰੋ, ਅੰਦਰ ਕਰੋ ਇਹ ਤੁਸੀਂ ਛਾਤੀ ਤੋਂ ਕਰਨਾ ਹੈ, ਪਿਛੇ ਤੋਂ ਅੱਗੇ ਕਰੋ। ਇਹ ਪੂਰਾ ਕਰਨ ਨਾਲ ਇਕ ਪੂਰਾ ਚੱਕਰ ਹੁੰਦਾ ਹੈ। ਇਸ ਤਰ੍ਹਾਂ ਤੁਸੀਂ ਸੱਤ ਤੋਂ ਸਤਾਈ ਵਾਰੀ ਕਰ ਸਕਦੇ ਹੋ।

ਬਦਲ ਕੇ ਜਦੋਂ ਭਾਸਤਰਿਕਾ ਕੀਤਾ ਜਾਂਦਾ ਹੈ ਤਾਂ ਛੇਤੀ-ਛੇਤੀ ਸ੍ਵਾਸ ਬਾਹਰ ਅੰਦਰ ਕੇਵਲ ਇਕ ਹੀ ਨਾਸਿਕਾ ਤੋਂ ਕੀਤੇ ਜਾਂਦੇ ਹਨ। ਸੱਜੇ ਹੱਥ ਦੇ ਅੰਗੂਠੇ ਨਾਲ ਸੱਜੀ ਨਾਸਿਕਾ ਨੂੰ ਬੰਦ ਕੀਤਾ ਜਾਂਦਾ ਹੈ ਤੇ ਖੱਬੀ ਨਾਸਿਕਾ ਤੋਂ ਛੇਤੀ ਛੇਤੀ ਸ੍ਵਾਸ ਅੰਦਰ ਬਾਹਰ ਕੀਤਾ ਜਾਂਦਾ ਹੈ। ਫੇਰ ਖੱਬੀ ਨਾਸਿਕਾ ਨੂੰ ਵਿਚ ਵਾਲੀ ਉਂਗਲੀ ਨਾਲ ਜਾਂ ਤੀਸਰੀ ਉਂਗਲੀ ਨਾਲ ਬੰਦ ਕੀਤਾ ਜਾਂਦਾ ਹੈ। ਸੱਜੀ ਨਾਸਿਕਾ ਨਾਲ ਸ੍ਵਾਸ ਛੇਤੀ ਛੇਤੀ ਅੰਦਰ ਬਾਹਰ ਕੀਤੇ ਜਾਂਦੇ ਹਨ। ਇਸ ਤਰ੍ਹਾਂ ਇਹ ਅਭਿਆਸ ਭਾਵ ਖੱਬੀ ਨਾਸਿਕਾ ਨਾਲ ਸ੍ਵਾਸ ਅੰਦਰ ਬਾਹਰ ਕਰਨਾ ਫੇਰ ਸੱਜੀ ਨਾਸਿਕਾ ਨਾਲ ਸ੍ਵਾਸ ਅੰਦਰ ਬਾਹਰ ਕਰਨਾ ਇਹ ਸਵੇਰ ਵੇਲੇ ਕੀਤਾ ਜਾਂਦਾ ਹੈ। ਸ਼ਾਮ ਨੂੰ ਇਸ ਤੋਂ ਉਲਟਾ ਭਾਵ ਪਹਿਲਾ ਸੱਜੀ ਨਾਸਿਕਾ ਫੇਰ ਖੱਬੀ ਨਾਸਿਕਾ ਨਾਲ ਕੀਤਾ ਜਾਂਦਾ ਹੈ। ਸ੍ਵਾਸਾਂਦਾ ਅੰਦਰ ਬਾਹਰ ਕਰਨਾ ਇਹ ਬਹੁਤ ਜ਼ੋਰ ਨਾਲ ਛੇਤੀ-ਛੇਤੀ ਹੀ ਕਰਨਾ ਚਾਹੀਦਾ ਹੈ ਇਸ ਵਿਚ ਪੇਟ ਦੀ ਪੱਠਿਆਂ ਦੀ ਵਰਤੋਂ ਹੋਣੀ ਚਾਹੀਦੀ ਹੈ ਤੇ ਸ੍ਵਾਸ ਪੇਟ ਦੇ ਉਪਰ ਵਾਲੇ ਹਿੱਸੇ ਤੋਂ ਹੀ ਲੈਣੇ ਚਾਹੀਦੇ ਹਨ, ਛਾਤੀ ਤੋਂ ਨਹੀਂ। ਇਹ ਚੱਕਰ ਕੋਈ ਵੀਹ ਵਾਰੀ ਕਰੋ, ਭਾਸਤਰਿਕਾ ਪ੍ਰਾਣਾਯਾਮ ਦੇ ਵੀ ਉਹ ਹੀ ਲਾਭ ਹਨ ਜੋ ਕਪਾਲਭਾਤੀ ਦੇ ਹਨ। ਜ਼ੋਰ ਨਾਲ ਸ੍ਵਾਸ ਬਾਹਰ ਕੱਢਣ

ਨਾਲ ਫੇਫੜੇ ਸਾਫ ਹੁੰਦੇ ਹਨ ਜੋ ਕੁਝ ਵੀ ਫੇਫੜਿਆਂ ਵਿਚ ਰਹਿ ਜਾਂਦਾ ਹੈ ਉਹ ਸਾਫ ਹੋ ਜਾਂਦਾ ਹੈ। ਸੁਆਸ ਲੈਣ ਦਾ ਸਾਰਾ ਰਸਤਾ ਸਾਫ ਹੋ ਜਾਂਦਾ ਹੈ ਤੇ ਅੰਦਰ ਦੀ ਤਾਕਤ ਮਿਲਦੀ ਹੈ।

ਇਕ ਸਾਰ ਸੁਆਸ ਲੈਣੇ, ਨਿਸਲ ਹੋ ਕੇ ਸੁਆਸ ਲੈਣੇ, ਨਾੜੀ ਸ਼ੋਧਨ ਉਜੈਨੀ ਪ੍ਰਾਣਾਯਾਮ ਇਹ ਸਭ ਨਵਾਂ ਜਗਿਆਸੂ ਕਰ ਸਕਦਾ ਹੈ ਇਨ੍ਹਾਂ ਦਾ ਅਭਿਆਸ ਕਰਨ ਤੋਂ ਬਾਅਦ ਕਪਾਲਭਾਤੀ ਤੇ ਭਾਸਤਰਿਕਾ ਪ੍ਰਾਣਾਯਾਮ ਕੀਤਾ ਜਾ ਸਕਦਾ ਹੈ।

ਪ੍ਰਾਣਾਯਾਮ ਦੀਆਂ ਬਹੁਤ ਉਨਤ ਪੌੜੀਆਂ ਕਰਨ ਵਿਚ ਸੁਆਸ ਅੰਦਰ ਰੋਕਣੇ ਹੁੰਦੇ ਹਨ, ਇਸ ਤਰ੍ਹਾਂ ਕਰਨ ਲੱਗਿਆਂ ਜੇ ਕਿਸੇ ਨਿਪੁੰਨ ਯੋਗੀ ਦੀ ਸੇਧ ਨਾ ਲਈ ਜਾਵੇ ਤਾਂ ਸਰੀਰ ਨੂੰ ਬਹੁਤ ਹਾਨੀ ਹੋ ਸਕਦੀ ਹੈ ਤੇ ਕਈ ਵਿਕਾਰ ਪੈਦਾ ਹੋ ਸਕਦੇ ਹਨ ਜਿਹੜੇ ਬਹੁਤ ਵਾਰੀ ਠੀਕ ਵੀ ਨਹੀਂ ਹੁੰਦੇ ਇਹ ਪ੍ਰਾਣਾਯਾਮ ਕਰਨ ਲਈ ਅਹਾਰ, ਨੀਂਦ ਤੇ ਕਾਮਵ੍ਰਿਤੀ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਇਹ ਸਭ ਕੁਝ ਇਕ ਪਹੁੰਚਿਆ ਹੋਇਆ ਯੋਗੀ ਹੀ ਕਰ ਸਕਦਾ ਹੈ ਤੇ ਤੁਹਾਨੂੰ ਇਸ ਬਾਰੇ ਸੇਧ ਦੇ ਸਕਦਾ ਹੈ ਤੇ ਉਹ ਹੀ ਦੱਸ ਸਕਦਾ ਹੈ ਕਿ ਤੁਹਾਨੂੰ ਇਹ ਅਭਿਆਸ ਸ਼ੁਰੂ ਵੀ ਕਰਨਾ ਚਾਹੀਦਾ ਹੈ ਕਿ ਨਹੀਂ। ਉਹ ਅਧਿਆਪਕ ਯੋਗੀ ਹੀ ਫੇਰ ਹੌਲੀ ਹੌਲੀ ਤੁਹਾਡੀ ਸੁਆਸ ਅੰਦਰ ਕਰਨ ਦੀ, ਬਾਹਰ ਕਰਨ ਦੀ ਤੇ ਅੰਦਰ ਰੱਖਣ ਦਾ ਸਮਾਂ ਵਧਾ ਦਿੰਦਾ ਹੈ। ਅੰਤ ਵਿਚ ਜਦੋਂ ਇਸ ਤਰ੍ਹਾਂ ਕਰਨ ਵਿਚ ਨਿਪੁੰਨਤਾ ਪ੍ਰਾਪਤ ਹੋ ਜਾਂਦੀ ਹੈ, ਪੂਰਾ ਕੰਟਰੋਲ ਹੋ ਜਾਂਦਾ ਹੈ ਫੇਰ ਸੁਆਸਾਂ ਨੂੰ ਬਾਹਰ ਕੱਢ ਕੇ ਰੋਕਣ ਲਈ ਕੋਸ਼ਿਸ਼ ਕੀਤੀ ਜਾਂਦੀ ਹੈ।

ਜਿਵੇਂ ਕਿ ਅਸੀਂ ਦੇਖ ਸਕਦੇ ਹਾਂ ਪ੍ਰਾਣਾਯਾਮ ਬਹੁਤ ਹੀ ਜਟਿਲ ਤੇ ਵਿਕਸਿਤ ਉਨਤ ਵਿਗਿਆਨ ਹੈ। ਉਪਰ ਦੱਸੇ ਅਭਿਆਸ ਤਾਂ ਬਿਲਕੁਲ ਸ਼ੁਰੂ ਦੇ ਹਨ ਮੂਲ ਸਿਧਾਂਤ ਹਨ ਇਨ੍ਹਾਂ ਦਾ ਅਭਿਆਸ ਹਰ ਕੋਈ ਕਰ ਸਕਦਾ ਹੈ ਪਰ ਬਹੁਤ ਸਾਰੀਆਂ ਉਨਤ ਵਿਧੀਆਂ ਵੀ ਹਨ। ਜਦੋਂ ਜਗਿਆਸੂ ਨੂੰ ਯੋਗ, ਪ੍ਰਾਣਾਯਾਮ ਦੀ ਮੂਲ ਮਹੱਤਤਾ ਪਤਾ ਲਗ ਜਾਂਦੀ ਹੈ ਉਹ ਸਮਝ ਜਾਂਦਾ ਹੈ ਫੇਰ ਉਹ ਇਕ ਸਮਰੱਥ ਗੁਰੂ ਦੀ ਭਾਲ ਕਰਦਾ ਹੈ ਤਾਂ ਜੋ ਉਹ ਉਨਤ ਤੇ ਜਟਿਲ ਵਿਧੀਆਂ ਸਿੱਖ ਸਕੇ ਜਿਨ੍ਹਾਂ ਵਿਚ ਕੁੰਭਕ ਭਾਵ ਸੁਆਸ ਰੋਕਣ ਦੀ ਵਿਧੀ ਦੱਸੀ ਜਾਂਦੀ ਹੈ ਕਿਉਂਕਿ ਇਹੋ ਜਿਹੇ ਪ੍ਰਾਣਾਯਾਮ ਕਰਕੇ ਤੁਸੀਂ ਨਿਪੁੰਨ ਹੁੰਦੇ ਹੋ, ਤੁਹਾਡੀ ਸੋਚਣੀ, ਕਥਨੀ ਤੇ ਕਰਨੀ ਤੇ ਸੰਤੁਲਨ ਆਉਂਦਾ ਹੈ।

«««««««


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........................................................................

ਪਤਾ/Address ......................................................................

..........................................................................................

..........................................................................................

.................................Pin Code......................................

Phone......................... E-mail :...................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ.........................ਰਾਹੀਂ ਭੇਜ ਰਿਹਾ ਹਾਂ।

**ਜਿਸ ਪ੍ਰੇਮੀ ਵੱਲੋਂ ਮੈਂਬਰ ਬਣਾਇਆ ਗਿਆ ਦਸਖਤ**..................................

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg1@yahoo.co.in,www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** - 07, 14, 21, 28 ਜਨਵਰੀ।

**ਸੰਗਰਾਂਦ** - 14 ਜਨਵਰੀ, ਦਿਨ ਐਤਵਾਰ।

**ਪੂਰਨਮਾਸ਼ੀ** - 3 ਜਨਵਰੀ, ਦਿਨ ਬੁੱਧਵਾਰ।
(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** - 25,26,27 ਜਨਵਰੀ 2007 ਨੂੰ ਮਹਾਨ ਸੰਤ ਸਮਾਗਮ ਹੋਣਗੇ। ਜਿਨਾਂ ਦਾ ਸਮਾਂ ਦਿਨ ਦੇ - 11.00 ਵਜੇ ਤੋਂ 4.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ -

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. S.A.S Nagar (Mohali) (Pb)-140901(India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਬਿਨ ਗੁਰ ਮੁਕਤਿ ਨ ਹੋਵਈ | 10/- | |
| 34. | ਅਨੰਦਮਈ ਜੀਵਨ ਜਾਚ | 50/- | |
| 35. | ਪੱਤਰਕਾਰ ਦੇ ਪ੍ਰਸ਼ਨ ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 36. | ਅਨੁਭਵੀ ਪ੍ਰਵਚਨ | 50/- | |
| 37. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 38. | ਅੰਦਰਲੀ ਖੋਜ | 130/- | |
| 39. | ਸਿਮਰਤ ਕਹਾਂ ਨਹੀਂ | 135/- | |
| 40. | ਰੂਹਾਨੀ ਪ੍ਰਵਚਨ | 35/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |

ਧੰਨ ਧੰਨ ਸੰਤ ਬਾਬਾ ਖੁਦਾ ਸਿੰਘ ਜੀ ਮਹਾਰਾਜ ਅਤੇ ਧੰਨ ਧੰਨ
ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਜੀ ਦੀ ਸਿਮ੍ਰਤੀ ਅੰਦਰ

# ਮਹਾਨ ਗੁਰਮਤਿ ਸੰਤ ਸਮਾਗਮ

## ਨਿਰਮਲ ਡੇਰਾ ਹਿਰਦਾਪੁਰ ਖੇੜੀ (ਨੇੜੇ ਬਿੰਦਰਖ) ਵਿਖੇ

## ਤਰੀਕ - 25, 26 ਅਤੇ 27 ਜਨਵਰੀ



ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

## ਸਮਾਂ - ਹਰ ਰੋਜ਼ ਸਵੇਰੇ 11.00 ਵਜੇ ਤੋਂ 4.00 ਵਜੇ ਤੱਕ

ਸਮੂੰਹ ਕੀਰਤਨੀ ਜਥੇ ਸੰਪ੍ਦਾਇ ਰਤਵਾੜਾ ਸਾਹਿਬ ਅਤੇ ਉਚ ਕੋਟੀ ਦੇ ਸੰਪ੍ਦਾਇ ਮਹਾਂਪੁਰਸ਼ ਯੋਗੀ ਜਨ, ਅਨੁਭਵੀ ਪ੍ਰਚਨਾਂ ਅਤੇ ਕੀਰਤਨ ਦੁਆਰਾ ਗੁਰਬਾਣੀ ਦੇ ਚਾਨਣ ਅੰਦਰ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਨਗੇ।

### ਸੰਖੇਪ ਇਤਿਆਹਾਸ ਨਿਰਮਲ ਡੇਰਾ ਚੰਗਰ

ਹਿਰਦਾਪੁਰ ਖੇੜੀ ਤੋਂ 2 ਕਿਲੋਮੀਟਰ ਤੇ ਇਕਾਂਤ ਅਤੇ ਬਹੁਤ ਹੀ ਰਮਣੀਕ ਅਸਥਾਨ ਹੈ ਜਿਸ ਦੀ ਮਹਾਨਤਾ ਦਾ ਸਬੰਧ ਨਿਰਮਲੇ ਮਹਾਂਪੁਰਖ ਸ੍ਰੀ ਮਾਨ ਸੰਤ ਬਾਬਾ ਖੁਦਾ ਸਿੰਘ ਜੀ ਨਾਲ ਜੁੜਦਾ ਹੈ ਜਿਨ੍ਹਾਂ ਦਾ ਪਿਛੋਕੜ ਗੁਜਰਾਤ ਦਾ ਸੀ, ਬਾਬਾ ਜੀ ਗੋਦੜੀ ਵਾਲੇ ਨਿਰਮਲੇ ਸੰਤਾਂ ਤੋਂ ਵਰੋਸਾਏ ਸਨ ਜਿਨ੍ਹਾਂ ਨੇ ਬਾਰਾਂ ਸਾਲ ਦਿਗੰਬਰ ਰਹਿੰਦੇ ਹੋਏ ਗੰਗੋਤਰੀ ਵਿਖੇ ਮਹਾਨ ਤੱਪ ਤਤਿਕਸ਼ਾ ਅਤੇ ਸਾਧਨ ਕੀਤੇ। ਸਾਧਨ ਕਰਨ ਉਪਰੰਤ ਗੋਦੜੀ ਵਾਲੇ ਨਿਰਮਲੇ ਸੰਤਾਂ ਨੇ ਆਪ ਜੀ ਨੂੰ ਖੁਦਾ ਦੀ ਉਪਾਧੀ ਬਖਸ਼ਿਸ਼ ਕੀਤੀ।

ਸੰਨ 1903 ਵਿਚ ਬਾਬਾ ਖੁਦਾ ਸਿੰਘ ਜੀ ਨੇ ਹਿਰਦਾਪੁਰ ਖੇੜੀ ਚੰਗਰ ਵਿਖੇ ਇਕ ਬਗੀਚੇ ਵਿੱਚ ਆ ਕੇ ਆਸਣ ਲਾਇਆ। ਹਿਰਦਾਪੁਰ ਖੇੜੀ ਨਗਰ ਨਿਵਾਸੀਆਂ ਦੀ ਅਤੀ ਅਧੀਨਗੀ ਅਤੇ ਨਿਮਰਤਾ ਭਰੀ ਬੇਨਤੀ ਨੂੰ ਮਨ ਕੇ 10 ਏਕੜ ਭੂਮੀ ਦਾਨ ਕਰਨ ਦੀ ਪ੍ਰਵਾਨਗੀ ਦੇਣ ਉਪਰੰਤ ਖੂਹ ਦੇ ਨਾ ਰਜਿਸਟਰੀ ਕਰਵਾ ਦਿਤੀ। 68 ਤੀਰਥਾਂ ਦਾ ਜਲ ਲਿਆ ਕੇ ਖੂਹ ਵਿਚ ਪਵਾਇਆ ਡੇਰੇ ਦੀ ਕਾਰਸੇਵਾ ਅਰੰਭ ਕੇ ਸਾਧੂਆਂ ਦੀ ਅਰਾਮਗਾਹ ਵਾਸਤੇ 12 ਦਰੀ ਹਵਾ ਮਹਿਲ ਅਤੇ ਦਰਬਾਰ ਸਾਹਿਬ ਆਪਣੀ ਦੇਖ ਰੇਖ ਹੇਠ ਬਣਵਾਇਆ। ਬਾਬਾ ਜੀ ਕੋਲ ਦੂਰ ਦੂਰ ਤੋਂ ਹਰਿਦੁਆਰ ਆਦਿ ਅਸਥਾਨਾਂ ਤੋਂ ਸਾਧੂ ਆਇਆ ਕਰਦੇ ਸਨ। ਮਹਾਂਪੁਰਸ਼ਾਂ ਦੇ ਨਿਜ ਆਤਮਿਕ ਅਨੰਦ ਲੈਣ ਵਾਸਤੇ ਪੱਥਰਾਂ ਦੀ ਗੁਫਾ ਵਾਲਾ ਭੋਰਾ ਸਾਹਿਬ ਦੀ ਉਸਾਰੀ ਕਰਵਾਈ। ਵੱਖ ਵੱਖਰੀਆਂ ਸੰਪਰਦਾਵਾਂ ਦੇ ਮਹਾਂਪੁਰਸ਼ ਇਸ ਰਮਣੀਕ ਅਸਥਾਨ ਤੇ ਬਰਸਾਤ ਦੇ ਦਿਨਾਂ ਵਿਚ ਚੁਮਾਸਾ ਕੱਟਣ ਵਾਸਤੇ ਠਹਿਰਦੇ ਸਨ ਸਾਧੂਆਂ ਵਾਸਤੇ ਅੰਬਾਂ ਦੇ ਬਾਗ ਲੱਗੇ ਹੋਏ ਸਨ। ਸੰਨ 1936 ਵਿਚ ਬਾਬਾ ਜੀ ਨੇ ਪਵਿੱਤਰ ਨਗਰੀ ਅੰਮ੍ਰਿਤਸਰ ਵਿਖੇ ਆਪਣਾ ਪੰਜਭੂਤਕ ਚੋਲਾ ਪਰੀਤਿਆਗ ਕਰ ਦਿਤਾ। ਹੁਣ ਇਸ ਨਿਰਮਲ ਡੇਰਾ ਚੰਗਰ ਦਾ ਪ੍ਰਬੰਧ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਕੋਲ ਹੈ ਅਤੇ ਅਸਥਾਨ ਵੱਲੋਂ ਜਥਿਆਂ ਰਾਹੀਂ ਕੀਰਤਨ ਵਿਖਿਆਨ ਚਲਦੇ ਹਨ। ਮਹਾਂਪੁਰਸ਼ਾਂ ਦੀਆਂ ਵੀਡੀਓ ਫਿਲਮਾਂ ਰਾਹੀਂ ਪਿੰਡ ਪਿੰਡ ਜਾ ਕੇ ਗੁਰਮਤਿ ਦਾ ਪ੍ਰਚਾਰ ਹੋ ਰਿਹਾ ਹੈ। ਉਪਰੋਕਤ ਅਸਥਾਨ ਤੇ ਆਪ ਆਓ ਅਤੇ ਹੋਰਨਾਂ ਨੂੰ ਲਿਆ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ਆਪ ਜੀ ਦੀ ਉਡੀਕ ਵਿੱਚ ਸਮੂੰਹ ਨਗਰ ਨਿਵਾਸੀ ਹਿਰਦਾਪੁਰ ਖੇੜੀ ਅਤੇ ਇਲਾਕਾ ਸੰਗਤ।



ਸੰਤ ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾ

RNI 61276/95

PPICHD-3/003

# ਆਤਮ ਮਾਰਗ ਦੇ ਪਾਠਕਾਂ ਨੂੰ ਨਵੇਂ ਸਾਲ 2007 ਦੀਆਂ ਬਹੁਤ ਬਹੁਤ ਸ਼ੁਭ ਕਾਮਨਾਵਾਂ ਅਤੇ ਸਤਿਕਾਰਯੋਗ ਬੀਜੀ ਵੱਲੋਂ ਪਿਆਰ ਭਰਿਆ ਅਸ਼ੀਰਵਾਦ



ਅਸੀਂ ਆਪ ਜੀ ਦੇ ਅਤੀ ਸ਼ੁਕਰਗੁਜਾਰ ਹਾਂ ਆਪ ਸਰਬੱਤ ਸੰਗਤਾਂ ਦੇ ਸਹਿਯੋਗ ਮਿਲਵਰਤਣ ਅਤੇ ਵਾਹਿਗੁਰੂ ਜੀ ਦੀ ਬਖਸ਼ਿਸ਼ ਸਦਕਾ ਆਤਮ ਮਾਰਗ ਮੈਗਜ਼ੀਨ ਨਵੀਆਂ ਪੁਲਾਂਘਾਂ ਪੁਟਦਾ ਹੋਇਆ ਸੰਸਾਰ ਦੇ ਕੋਨੇ ਕੋਨੇ ਤੱਕ ਗੁਰਮਤਿ ਸਿਧਾਂਤ ਪਹੁੰਚਾ ਕੇ ਨਵੀ ਨਰੋਈ ਸੇਧ ਪ੍ਰਦਾਨ ਕਰਦਾ ਹੋਇਆ ਆਤਮਿਕ ਸੁਖ ਤੇ ਅਤੇ ਪਰਸਪਰ ਮੇਲ ਮਿਲਾਪ ਦੇ ਸੰਦੇਸ਼ ਦੇ ਰਿਹਾ ਹੈ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਫੁਰਮਾਨ ਹੈ -

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ ਤੈਸਾ ਪੁੰਨ ਸਿਖ ਕਉ ਇਕ ਸ਼ਬਦ ਸਿਖਾਏ ਕਾ ॥

ਅਰਥਾਤ ਜਿਵੇਂ ਸੋ ਮੰਦਰ ਉਸਾਰ ਕੇ ਦਾਨ ਕੀਤੇ ਜਾਣ ਤਾਂ ਉਸ ਜਿਡਾ ਪੁੰਨ ਇਕ ਗੁਰਸਿਖ ਨੂੰ ਗੁਰਸ਼ਬਦ ਸਿਖਾਉਣ ਦਾ ਹੁੰਦਾ ਹੈ। ਆਤਮ ਮਾਰਗ ਗੁਰਸ਼ਬਦ ਦਾ ਹੀ ਪਰਚਾਰ ਤੇ ਪਾਸਾਰ ਕਰ ਰਿਹਾ ਹੈ।



ਸਾਨੂੰ ਪੂਰਨ ਆਸ ਤੇ ਵਿਸ਼ਵਾਸ਼ ਭਰਿਆ ਭਰੋਸਾ ਹੈ ਕਿ ਗੁਰੂ ਘਰ ਦੀਆਂ ਖੁਸ਼ੀਆਂ ਅਤੇ ਬਖਸ਼ਿਸ਼ਾਂ ਪ੍ਰਾਪਤ ਕਰਨ ਲਈ ਹਰ ਇਕ ਮਹਾਂਪੁਰਸ਼ਾਂ ਦੀ ਹਾਜਰੀ ਨੂੰ ਹਾਜ਼ਰ ਨਾਜਰ ਜਾਣਦਾ ਹੋਇਆ ਅੱਗੇ ਤੋਂ ਵੀ ਵੱਧ ਚੜ੍ਹ ਕੇ ਹੋਰ ਮੈਂਬਰ ਬਣਾਉਣ ਤੇ ਆਤਮ ਮਾਰਗ ਰਾਹੀਂ ਸ਼ਬਦ ਲੰਗਰ ਘਰ ਘਰ ਪਹੁੰਚਾਉਣ ਦੀ ਦਰਗਾਹੀ ਡਿਊਟੀ ਸਮਝਦੇ ਹੋਏ ਵੱਧ ਚੜ੍ਹ ਕੇ ਆਪੋ ਆਪਣਾ ਪੂਰਨ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕਰੋਗੇ ਜੀ।

ਚੇਅਰਪਰਸਨ ਅਤੇ ਆਤਮ ਮਾਰਗ ਅਦਾਰੇ ਦੇ ਸਮੂੰਹ ਕਾਰਜਕਰਤਾ ਸੇਵਾਦਾਰ, ਰਤਵਾੜਾ ਸਾਹਿਬ